# ਅਸਲ ਵਿਦਿਆ

**(ਵਰੋਸਾਈਆਂ ਰੂਹਾਂ ਦੀਆਂ ਸੁਹਾਉਣੀਆਂ ਯਾਦਾਂ)**

*ਡਾ. ਜਸਵੰਤ ਸਿੰਘ ਨੇਕੀ*

*ਪ੍ਰਕਾਸ਼ਕ:*

***ਡਾ. ਇੰਦਰਜੀਤ ਕੌਰ***

*ਪ੍ਰਧਾਨ,*

***ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.)***

*ਅੰਮ੍ਰਿਤਸਰ ।*

**ਅਸਲ ਵਿਦਿਆ** (ਵਰੋਸਾਈਆਂ ਰੂਹਾਂ ਦੀਆਂ ਸੁਹਾਉਣੀਆਂ ਯਾਦਾਂ)

by
Dr. Jaswant Singh Neki
52, Hemkunt Colony, New Delhi-110 048
(M) +91-98716-28810
Email: jsneki@gmail.com
Website: www.jsneki.com

©-ਲੇਖਕ

**ਪਹਿਲੀ ਵਾਰ : ਅਕਤੂਬਰ,** 2012 : 10,000
**ਦੂਜੀ ਵਾਰੀ : ਮਾਰਚ,** 2015 : 10,000
**ਤੀਜੀ ਵਾਰੀ : ਦਸੰਬਰ,** 2019 : 10,000

ਕੁੱਲ ਗਿਣਤੀ : 30,000

**ਭੇਟਾ ਰਹਿਤ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ,** ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:), ਅੰਮ੍ਰਿਤਸਰ ।

**ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ, ਅੰਮ੍ਰਿਤਸਰ।
ਫ਼ੋਨ: 0183-2584586, 2584713, 09781401140
website:www. pingalwara.org E-mail: pingalwara57@gmail.com

# ਤਤਕਰਾ


| ਕ੍ਰਮ ਅੰਕ | ਪੰਨਾ |
|---|---|
| * ਮੁਖਬੰਦ | 7 |
| **ਮੁਖ ਸ਼ਬਦ | 9 |
| 1. ਰੱਬ ਖੋਟੇ ਵੀ ਖਰੇ ਕਰ ਦਿੰਦਾ ਹੈ | 13 |
| 2. ਪੰਚਾਮ੍ਰਿਤ ਕੀ ਹੁੰਦਾ ਹੈ ? | 14 |
| 3. ਪਾਠ – ਤੋਤੇ ਵਾਂਙੂੰ ਜਾਂ ਭਗਤ ਵਾਂਙੂੰ | 15 |
| 4. ਅੰਦਰ ਵੀ ਇੱਕ ਖੇਤੀ ਹੈ | 17 |
| 5. ਕਾਲੇ ਲਿਖ ਨ ਲੇਖ | 19 |
| 6. ਮਸਤਕ ਵਿੱਚ ਲਾਲਟੈਨ | 20 |
| 7. ਕੰਮ ਸ਼ੁਰੂ ਕਰੋ, ਤਿਆਰੀ ਮਗਰੋਂ ਹੁੰਦੀ ਰਹੇਗੀ | 21 |
| 8. ਸੰਸਾਰ ਬੇਵਿਸਾਹੀ ਨਾਲ ਨਹੀਂ ਚੱਲ ਸਕਦਾ | 22 |
| 9. ਸੰਤੋਖ | 24 |
| 10. ਅਸਲ ਵਿੱਦਿਆ | 25 |
| 11. ਇੱਕ ਵਿਚਿੱਤਰ ਕਬਾੜੀ | 25 |
| 12. ਚਤੁਰਾਈ ਨਹੀਂ, ਬਿਬੇਕ | 27 |
| 13. ਕਲਮ ਦੀ ਕਰਾਮਾਤ | 29 |
| 14. ਸਾਹਿਤ ਕੀ ਹੁੰਦਾ ਹੈ ? | 31 |
| 15. ਅਖੰਡ ਪਾਠੀ | 32 |
| 16. ਨਵ-ਨਾਸਤਿਕਤਾ | 33 |
| 17. ਇੱਕ ਦੋਸਤੀ ਦੀ ਦਾਸਤਾਨ | 35 |
| 18. ਇੱਕ ਸੱਚਾ ਢਾਡੀ | 36 |
| 19. ਸ਼ੁਕਰਾਨੇ ਦੀ ਜਾਚ | 37 |
| 20. ਅਹਿਸਾਨ | 38 |
| 21. ਸਬਰ, ਸੰਤੋਖ ਤੇ ਭਰੋਸਾ | 39 |





| | |
|---|---|
| 22. ਦਿਬ ਦ੍ਰਿਸ਼ਟੀ | 40 |
| 23. ਕਿਸੇ ਬਜ਼ੁਰਗ ਦਾ ਮਜ਼ਾਕ ਨਾ ਉਡਾਈਏ | 41 |
| 24. ਮਨੁੱਖ ਦੀ ਬਰਦਾਸ਼ਤ... | 43 |
| 25. ਲਾਲਟੈਨ ਤੇ ਆਰਸੀ | 44 |
| 26. ਅਨੁਭਵੀ ਅਰਥ | 45 |
| 27. ਗਰਮੀ ਹੈ ਤਬ ਭੀ ਰੋਤਾ ਹੈ, ਸਰਦੀ ਹੈ ਤਬ ਭੀ ਰੋਤਾ ਹੈ | 47 |
| 28. ਉਹ ਸੱਚਮੁੱਚ ਰੰਗ ਵਿੱਚ ਸਨ | 48 |
| 29. ਕਿਸੇ ਮੰਗਤੇ ਕੋਲੋਂ ਨਾ ਮੰਗਣਾ | 49 |
| 30. ਗੁਰੂ ਕਾ ਲੰਗਰ ਕਦੇ ਮਸਤਾਨਾ ਨਹੀਂ ਹੁੰਦਾ | 51 |
| 31. ਧੰਨਵਾਦ ਦਾ ਹੱਕਦਾਰ ਵਾਹਿਗੁਰੂ ਹੈ | 52 |
| 32. ਕਾਨੂੰਨ ਦਾ ਸਬਕ | 54 |
| 33. ਜੇ ਨਿੱਕੀਆਂ ਗੱਲਾਂ ਵਿੱਚ ਹਾਰ ਜਾਈਏ | 55 |
| 34. ਮੇਰੀ ਵਿਦਾਇਗੀ ਨਾ ਲਮਕਾਓ | 56 |
| 35. ਸੁਧਾਈ | 57 |
| 36. ਵਾਹਿਗੁਰੂ ਬਚਾਉਂਦਾ ਤਾਂ ਹੈ, ਪਰ... | 59 |
| 37. ਕਲਗੀਆਂ ਵਾਲੇ, ਬਾਜਾਂ ਵਾਲੇ | 61 |
| 38. ਸੋ ਦਰੁ | 62 |
| 39. ਸੱਚੇ ਢਾਡੀ | 64 |
| 40. ਅਕ੍ਰਿਤਘਣਤਾ | 65 |
| 41. ਸ਼ੁਕਰਾਨਾ | 66 |
| 42. ਧੁੱਪ ਭਾਵੇਂ ਚਿੱਕੜ 'ਤੇ ਪਵੇ | 66 |
| 43. ਆਪਾਤ ਲਈ ਤਿਆਰੀ | 67 |
| 44. ਟੇਢੀ ਖੀਰ | 69 |
| 45. ਨਿੰਦਾ ਭਲੀ ਕਿਸੇ ਕੀ ਨਾਹੀ | 72 |
| 46. ਇੱਕ ਪਵਿੱਤਰ ਆਤਮਾ ਦਾ ਦੀਦਾਰ | 72 |
| 47. ਸੁੰਦਰ ਜੀ | 73 |

48. ਅਰਦਾਸ ਦੀ ਸਮਝ 74
49. ਜੋ ਤਕਲੀਫ਼ ਗੁਜ਼ਰ ਜਾਏ... 76
50. ਫ਼ਰਿਜ ਕਿ ਗ਼ਰੀਬ ਮਾਰ 77
51. ਇਕ ਅਨੂਠੀ ਪ੍ਰੇਰਣਾ 78
52. ਪਿੱਠ ਪਿੱਛੇ ਵੀ ਨਿੰਦਾ ਨਹੀਂ ਕਰਦੇ 79
53. ਇਕ ਦੈਵੀ ਸੁਨੇਹਾ 80
54. ਤ੍ਰਿਕਾਲ ਦਰਸ਼ਤਾ ਦਾ ਭੇਦ 82
55. ਸ਼ਰਤ ਨਹੀਂ ਕੇਵਲ ਸਮਰਪਣ 83
56. ਹੋਰਾਂ ਤੋਂ ਗੁਣ ਵਿਹਾਜੀਏ 84
57. ਸਾਹਿਬੇ-ਕਮਾਲ ਦਾ ਧਿਆਨ 85
58. ਫਿਰ ਵੀ ਖੁਸ਼ ਨਾ ਹੋਵਾਂ ? 87
59. ਅਰਦਾਸ ਦਾ ਵਿਗਾਸ 89
60. ਧੰਨ ਸੁ ਦੇਸ ਜਹਾ ਤੂੰ ਵਸਿਆ 90
61. ਦੋਸਤੀ ਨੂੰ ਬੱਜ ਲੱਗ ਜਾਣੀ ਸੀ 91
62. ਇੱਕ ਸੱਚਾ ਜਨ-ਹਿਤੈਸ਼ੀ ਲੀਡਰ 93
63. ਦੁਨੀਆਂ ਭਰ ਵਿੱਚ ਮੇਰਾ ਕੋਈ... 94
64. ਆਪਣੀ ਗ਼ਰੀਬੀ ਲਈ ਸ਼ੁਕਰਗੁਜ਼ਾਰ ਹੋਣਾ 95
65. ਸਤਿ ਨਾਮ=ਪਵਿੱਤਰ ਆਤਮਾ 96
66. ਲਫ਼ਜ਼ਾਂ ਦੀ ਭੁੱਲ-ਭੁਲੱਈਆਂ 98
67. ਏਕਾਂਤ ਦਾ ਲਾਭ 99
68. ਦਾਰ ਜੀ 100
69. ਅਸ਼ਲੀਲ ਬੋਲਾਂ ਦਾ ਨਿਯੰਤ੍ਰਣ 102
70. ਗੁਰੂ ਗੋਬਿੰਦ ਸਿੰਘ ਨੂੰ ਗਵਾਹ... 104
71. ਮੇਰੇ ਗੁਰੂ ਨਾਲ ਲੜ ਸਕਣ ਦਾ... 106
72. ਹੋਰ ਕੋਈ ਨਹੀਂ ਰੱਬ ਆਪ ਸੀ 108
73. ਇੱਕ ਦਾਨਵੀਰ ਦੀ ਬਾਤ 110



# ਇਸੇ ਕਲਮ ਤੋਂ

**ਧਰਮ ਸ਼ਾਸਤ੍ਰ:**

ਅਰਦਾਸ-ਦਰਸ਼ਨ, ਰੂਪ, ਅਭਿਆਸ
ਵਿਸ਼ਵ ਅਰਦਾਸ
ਸਦਾ ਵਿਗਾਸ
ਗੁਰਮਤਿ ਮਨੋਵਿਗਿਆਨ (ਆ ਰਹੀ)

**ਕਾਵਿ:**

ਅਸਲੇ ਤੇ ਓਹਲੇ
ਇਹ ਮੇਰੇ ਸੰਸੇ ਮੇਰੇ ਗੀਤ
ਸਿਮਰਿਤੀ ਦੇ ਕਿਰਨ ਤੋਂ ਪਹਿਲਾਂ
ਕਰੁਣਾ ਦੀ ਛੂਹ ਤੋਂ ਮਗਰੋਂ
ਪ੍ਰਤਿਬਿੰਬਾਂ ਦੇ ਸਰੋਵਰ 'ਚੋਂ
ਸਤਿ ਸੁਹਾਣ
ਨਾ ਇਹ ਗੀਤ ਨਾ ਬਿਰਹੜਾ
ਬਿਰਖੈ ਹੇਠ ਸਭਿ ਜੰਤ
ਗੀਤ ਮੇਰਾ ਸੋਹਿਲਾ ਤੇਰਾ

**ਬਾਲ ਗੀਤ:**

ਪਾਣੀ ਵਿੱਚ ਪਤਾਸੇ

**ਆਤਮ ਕਥਾ:**

ਮੇਰੀ ਸਾਹਿਤਕ ਸਵੈ-ਜੀਵਨੀ
ਕੋਈ ਨਾਉ ਨ ਜਾਣੇ ਮੇਰਾ (ਕਾਵਿ ਸਵੈ-ਜੀਵਨੀ)

**ਮਨੋਵਿਗਿਆਨ:**

ਸੁਗੰਧ ਆਬਨੂਸ ਦੀ (ਅਫ਼ਰੀਕਨ ਲੋਕ-ਗੀਤ)
ਪੰਜਾਬੀ ਹਾਸ-ਵਿਲਾਸ

**English:**

Spiritual Heritage of the Punjab
Divine Intimations: Nitnem
Guru Granth Sahib and its Context (edited)
Pilgrimage to Hemkunt (Illustratrd)
The Prophet of Devotion (Illustratrd)
Basking in the Divine Presence Jap Sahib
In the Footsteps of Guru Gobind Singh (Illustratrd)

# ਮੁਖਬੰਦ

ਸੰਸਾਰ ਨੂੰ ਭਵਸਾਗਰ ਅਤੇ ਜ਼ਿੰਦਗੀ ਸੁਚੱਜੇ ਢੰਗ ਨਾਲ ਜਿਊਣ ਨੂੰ ਭਵਸਾਗਰ ਨੂੰ ਤਰਨਾ ਕਿਹਾ ਜਾਂਦਾ ਹੈ। ਇਸ ਲਈ ਬਿਬੇਕ ਬੁੱਧੀ ਅਤੇ ਚੰਗੀ ਸੰਗਤ ਦੀ ਲੋੜ ਹੁੰਦੀ ਹੈ। ਬਿਬੇਕ ਬੁੱਧੀ ਰਾਹੀਂ ਚੰਗੇ ਵਿਚਾਰਾਂ ਨੂੰ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਚੰਗੇ ਵਿਚਾਰ ਅਤੇ ਚੰਗਾ ਸਾਹਿਤ ਗੁਰਮੁਖਾਂ ਦੀ ਸੰਗਤ ਤੋਂ ਪ੍ਰਾਪਤ ਹੁੰਦੇ ਹਨ। ਗੁਰਬਾਣੀ ਦਾ ਫ਼ੁਰਮਾਨ ਹੈ:-

**ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥**

(ਅੰਗ ੯੪)

ਗੁਰਮੁਖਾਂ ਦੀ ਸੰਗਤ ਵੀ ਭਾਗਾਂ ਨਾਲ ਮਿਲਦੀ ਹੈ :-

**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥੩॥**

(ਅੰਗ ੯੫)

ਡਾ. ਜਸਵੰਤ ਸਿੰਘ ਨੇਕੀ ਬੜੇ ਹੀ ਭਾਗਸ਼ਾਲੀ ਸਨ ਜੋ ਗੁਰਮੁਖ ਪਰਿਵਾਰ ਵਿੱਚ ਪੈਦਾ ਹੋਏ। ਦਾਦਾ ਜੀ ਪੰਜਾਬੀ, ਉਰਦੂ ਅਤੇ ਫਾਰਸੀ ਦੇ ਵਿਦਵਾਨ ਸਨ। ਉਨ੍ਹਾਂ ਨੇ ਤਾਂ ਕੁਰਾਨ ਸ਼ਰੀਫ ਵੀ ਪੜ੍ਹਿਆ ਹੋਇਆ ਸੀ। ਉਹ ਸਹਿਜੇ ਹੀ ਆਪਣੇ ਪੋਤਰੇ ਨੂੰ ਚੰਗੇ ਸੰਸਕਾਰ ਦੇ ਗਏ। ਇਸ ਤੋਂ ਛੁੱਟ ਦਾਦੀ ਜੀ ਅਤੇ ਮਾਤਾ ਪਿਤਾ ਵੀ ਬਹੁਤ ਧਾਰਮਿਕ ਅਤੇ ਸੁਲਝੇ ਹੋਏ ਸਨ। ਨੇਕੀ ਜੀ 'ਤੇ ਭੀ ਵਾਹਿਗੁਰੂ ਦੀ ਕ੍ਰਿਪਾ ਸੀ। ਉਹ ਪਰਿਵਾਰ ਤੋਂ ਇਲਾਵਾ ਵੀ ਸਤਿ-ਸੰਗੀਆਂ ਪਾਸੋਂ ਚੰਗੇ ਵਿਚਾਰ ਗ੍ਰਹਿਣ ਕਰਦੇ ਰਹੇ। ਸਕੂਲ ਦੀਆਂ ਕਿਤਾਬਾਂ ਤਾਂ ਬੇਸ਼ੱਕ ਚੰਗੀ ਜਾਣਕਾਰੀ ਦਿੰਦੀਆਂ ਹਨ ਪਰ ਅਸਲ ਵਿੱਦਿਆ ਤਾਂ ਆਚਾਰ ਅਤੇ ਵਿਹਾਰ ਤੋਂ ਹੀ ਮਿਲਦੀ ਹੈ। ਡਾ. ਜਸਵੰਤ ਸਿੰਘ ਨੇਕੀ ਜੀ ਦੀਆਂ ਅਭੁੱਲ ਯਾਦਾਂ ਰਾਹੀਂ ਅਸੀਂ ਕਈ ਵਰੋਸਾਈਆਂ ਰੂਹਾਂ ਦੇ ਦਰਸ਼ਨ ਕਰ ਸਕੇ ਹਾਂ।

ਇਸ ਭਵਜਲ ਸੰਸਾਰ ਵਿੱਚ ਕਦਮ ਕਦਮ 'ਤੇ ਤਿਲਕਣ ਅਤੇ ਠੋਕਰਾਂ ਹਨ। ਕਿਸੇ ਵੇਲੇ ਵੀ ਇਨਸਾਨ ਤਿਲਕ ਸਕਦਾ ਹੈ ਅਤੇ ਠੋਕਰਾਂ ਖਾ ਕੇ ਡਿੱਗ ਵੀ ਸਕਦਾ ਹੈ। ਵਰੋਸਾਈਆਂ ਰੂਹਾਂ ਦੀਆਂ ਸੁਹਾਉਣੀਆਂ ਯਾਦਾਂ ਦਾ ਇਹ ਸੰਗ੍ਰਹਿ-'**ਅਸਲ ਵਿੱਦਿਆ**'-ਆਮ ਇਨਸਾਨ ਨੂੰ ਤਿਲਕਣ ਅਤੇ ਡਿੱਗਣ ਤੋਂ ਬਚਾ ਸਕਦਾ ਹੈ। ਰਜ਼ਾ ਤੇ ਸ਼ੁਕਰਾਨੇ ਵਿੱਚ ਰਹਿਣ ਦੀ ਜਾਚ ਵੀ ਸਿਖਾਉਂਦਾ ਹੈ ਅਤੇ ਅਨੁਭਵੀ ਗੱਲਾਂ ਨੂੰ ਸਮਝਣ ਦੀ ਸਮਰਥਾ ਵੀ ਬਖ਼ਸ਼ਦਾ ਹੈ।



ਖ਼ੁਸ਼ੀ ਦੀ ਗੱਲ ਹੈ ਕਿ ਡਾ. ਸਾਹਿਬ ਦਾ ਹਿਰਦਾ ਵਿਸ਼ਾਲ ਸੀ। ਉਨ੍ਹਾਂ ਨੇ ਹਰ ਧਰਮ ਦੇ ਬੰਦਿਆਂ ਕੋਲੋਂ ਕੁਝ ਨਾ ਕੁਝ ਸਿੱਖਿਆ ਅਤੇ ਇਹ ਸਾਬਤ ਕਰ ਦਿੱਤਾ ਕਿ ਕੁਝ ਕੁ ਚਲਾਕ ਅਤੇ ਕੱਟੜ ਲੋਕਾਂ ਨੇ ਧਰਮਾਂ ਵਿੱਚ ਵੰਡੀਆਂ ਪਾਈਆਂ ਹੋਈਆਂ ਹਨ। ਅਕਾਲ ਪੁਰਖ ਦੀ ਮਿਹਰ ਤਾਂ ਸਾਰਿਆਂ 'ਤੇ ਹੀ ਇਕੋ ਜਿਹੀ ਵਰਸਦੀ ਹੈ, ਪਰ ਇਸ ਬਖਸ਼ਿਸ਼ ਨੂੰ ਗ੍ਰਹਿਣ ਭਾਗਾਂ ਵਾਲਾ ਹੀ ਕਰ ਸਕਦਾ ਹੈ, ਜਿਸ ਤਰ੍ਹਾਂ ਡਾ. ਅਲੀ ਸਾਹਿਬ, ਫਾਦਰ ਯੋਇਨੇ, ਪ੍ਰੋਫ਼ੈਸਰ ਕਾਰਸਟੇਅਰਜ਼, ਆਦਿ ਨੇ ਕੀਤਾ। ਨੇਕੀ ਜੀ ਨੂੰ ਇਨ੍ਹਾਂ ਨੇਕ ਅਤੇ ਨਵੇਕਲੀਆਂ ਰੂਹਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਅਜਿਹੀ ਨੇਕ ਸੰਗਤ ਦੇ ਪ੍ਰਭਾਵ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:-

**ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨ੍ਹਿ॥**
**ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨ੍ਹਿ॥**

(ਅੰਗ ੧੪੧੯)

ਉਨ੍ਹਾਂ ਦੀ ਪੁਸਤਕ ਵਿੱਚ ਦਿੱਤੀਆਂ ਹੋਰ ਲਘੂ ਕਥਾਵਾਂ ਵੀ ਇਤਨੀਆਂ ਪ੍ਰੇਰਨਾ ਅਤੇ ਸਿੱਖਿਆਦਾਇਕ ਹਨ ਕਿ ਦਿਲ ਕਰਦਾ ਹੈ ਬਾਰ-ਬਾਰ ਪੜ੍ਹੀਏ। ਸੁਕ੍ਰਿਤ ਟਰੱਸਟ ਰਾਹੀਂ ਹੀ ਇਹ ਕਿਤਾਬ ਮੇਰੇ ਤਕ ਪਹੁੰਚੀ ਹੈ। ਮੈਂ ਧੰਨਵਾਦੀ ਹਾਂ ਸੁਕ੍ਰਿਤ ਟਰੱਸਟ ਦੀ ਅਤੇ ਸ੍ਰ: ਜਤਿੰਦਰ ਸਿੰਘ ਉੱਪਲ ਹੋਰਾਂ ਦੀ, ਜਿਨ੍ਹਾਂ ਨੇ ਇਹ ਕਿਤਾਬ ਭੇਟਾ ਰਹਿਤ ਵੰਡਣ ਦੀ ਸੇਵਾ ਕੀਤੀ ਹੈ।

ਭਗਤ ਪੂਰਨ ਸਿੰਘ ਜੀ ਤਾਂ ਪਹਿਲਾਂ ਹੀ ਸਾਰਾ ਸਾਹਿਤ ਭੇਟਾ-ਰਹਿਤ ਵੰਡਦੇ ਰਹੇ ਹਨ ਅਤੇ ਉਹ ਸੇਵਾ ਉਸੇ ਤਰ੍ਹਾਂ ਹੀ ਪਿੰਗਲਵਾੜਾ ਸੰਸਥਾ ਨਿਭਾਅ ਰਹੀ ਹੈ। ਇਹ ਪੁਸਤਕ ਛਾਪਣ ਲਈ ਪ੍ਰਵਾਨਗੀ ਡਾ. ਜਸਵੰਤ ਸਿੰਘ ਜੀ ਨੇਕੀ ਹੋਰਾਂ ਅਤੇ ਸੁਕ੍ਰਿਤ ਟਰੱਸਟ ਵਾਲਿਆਂ ਤੋਂ ਲੈ ਲਈ ਹੈ ਅਤੇ ਹੁਣ ਪਿੰਗਲਵਾੜਾ ਵੱਲੋਂ ਛਾਪਣ ਦਾ ਉਪਰਾਲਾ ਕੀਤਾ ਗਿਆ ਹੈ।

ਆਸ ਹੈ ਸੰਗਤਾਂ ਭਰਪੂਰ ਲਾਭ ਲੈਣਗੀਆਂ।

**ਡਾ. ਇੰਦਰਜੀਤ ਕੌਰ**
ਮੁੱਖ ਸੇਵਾਦਾਰ
ਪਿੰਗਲਵਾੜਾ, ਅੰਮ੍ਰਿਤਸਰ।

## ਮੁਖ ਸ਼ਬਦ

ਮੈਂ ਬੜਾ ਖ਼ੁਸ਼ਕਿਸਮਤ ਹਾਂ ਕਿ ਮੁਝ ਮੂੜ੍ਹ ਦੀ ਜ਼ਿੰਦਗੀ ਵਿੱਚ ਆਈਆਂ ਕਈ ਬੇਅੰਤ ਵਰੋਸਾਈਆਂ ਰੂਹਾਂ ਦੀਆਂ ਸੁਹਾਉਣੀਆਂ ਯਾਦਾਂ ਅੱਜ ਵੀ ਮੇਰੇ ਚੇਤੇ ਵਿੱਚ ਮੌਜੂਦ ਹਨ। ਇਨ੍ਹਾਂ ਯਾਦਾਂ ਨੇ ਮੇਰੇ ਅੰਦਰ ਨਵਾਂ ਭਰੋਸਾ ਜਗਾਇਆ, ਮੇਰੀਆਂ ਭਾਵਨਾਵਾਂ ਨੂੰ ਸੇਧ ਦਿੱਤੀ, ਮੇਰੀਆਂ ਦੁਚਿੱਤੀਆਂ ਦੂਰ ਕੀਤੀਆਂ ਤੇ ਪਛਤਾਵੇ ਰਹਿਤ ਜ਼ਿੰਦਗੀ ਜਿਊਣ ਵਿੱਚ ਮੇਰੀ ਸਹਾਇਤਾ ਕੀਤੀ। ਉਨ੍ਹਾਂ ਮੈਨੂੰ ਸਿਖਾਇਆ ਕਿ ਮੈਂ ਆਪਣੀਆਂ ਸਾਰੀਆਂ ਚਿੰਤਾਵਾਂ ਤੇ ਨਿਰਾਸਤਾਵਾਂ, ਸਾਰੇ ਭਉ ਤੇ ਸੰਸੇ, ਅਕਾਲ ਪੁਰਖ ਦੀ ਬੇਹੱਦ ਸ਼ਕਤੀ ਵਾਲੀ ਨਿਗਰਾਨੀ ਦੇ ਸਪੁਰਦ ਕਰ ਦਿਆਂ ਤੇ ਨਿੱਤ ਉਸ ਦੀ ਬਖਸ਼ੀ ਹੋਈ ਮੁਸਕਾਣ ਦਾ ਹੱਜ ਉਠਾਉਂਦਿਆਂ ਜੀਵਾਂ। ਐਸੀਆਂ ਸਾਦਰ ਤੇ ਗੁਣਵਾਨ ਯਾਦਾਂ ਦੀ ਪਾਠਕਾਂ ਨਾਲ ਸਾਂਝ ਪਾਉਣ ਹਿਤ ਇਸ ਪੁਸਤਕ ਦਾ ਸੰਕਲਨ ਕੀਤਾ ਹੈ। ਜਿਨ੍ਹਾਂ ਮਹਾਨ ਜਿਊੜਿਆਂ ਦੇ ਦੀਦਾਰ ਮੈਨੂੰ ਪ੍ਰਾਪਤ ਹੋਏ, ਉਨ੍ਹਾਂ ਮੈਨੂੰ ਆਪਣੇ ਔਗੁਣਾਂ ਤੇ ਦੁਬਾਰੇ ਨਜ਼ਰ ਮਾਰਨ ਦਾ ਅਵਸਰ ਵੀ ਨਸੀਬ ਕਰਾਇਆ। ਸਾਨੂੰ ਵੀ ਤੇ ਸਤਿਗੁਰਾਂ ਦਾ ਆਦੇਸ਼ ਹੈ:

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥**

(ਅੰ:੭੬੬)

ਫਿਰ ਵੀ ਮੈਂ ਇਹ ਦਾਅਵਾ ਕਰਨ ਦੀ ਯੋਗਤਾ ਨਹੀਂ ਰੱਖਦਾ ਕਿ ਮੈਂ ਉਨ੍ਹਾਂ ਸਭ ਗੁਣਾਂ ਨੂੰ ਜਿਨ੍ਹਾਂ ਦੇ ਮੈਨੂੰ ਝਲਕਾਰੇ ਪ੍ਰਾਪਤ ਹੋਏ, ਆਪਣੀ ਜ਼ਿੰਦਗੀ ਵਿੱਚ ਵੀ ਪੂਰੀ ਤਰ੍ਹਾਂ ਘਟਾ ਪਾਇਆ ਹਾਂ; ਤਾਂ ਵੀ ਉਨ੍ਹਾਂ ਗੁਣਵਾਨਾਂ ਲਈ ਸਤਿਕਾਰ ਮੇਰੇ ਮਨ ਵਿੱਚ ਅਵੱਸ਼ ਉਤਪੰਨ ਹੋਇਆ ਤੇ ਇਕ ਹਲੂਣਾ ਵੀ ਆਪਣੀ ਸੁਧਾਈ ਕਰਨ ਲਈ ਯਤਨਸ਼ੀਲ ਹੋਣ ਦਾ ਮਿਲਿਆ।

ਗੁਰੂ ਅਰਜਨ ਦੇਵ ਜੀ ਦਾ ਇੱਕ ਪ੍ਰਸਿੱਧ ਸਲੋਕ ਹੈ:

**ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥**

**ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥**

(ਅੰ:੫੨੦)

ਐਸੇ ਵਿਰਲੇ ਪੁਰਖ ਜੋ ਦੁਰਮਤਿ ਅਥਵਾ ਭੈੜੀ ਬੁੱਧੀ ਦੂਰ ਕਰ ਸਕਣ



ਦੀ ਸ਼ਕਤੀ ਰੱਖਦੇ ਹਨ, ਜਦ ਕਦੇ ਸਾਡੀ ਜ਼ਿੰਦਗੀ ਵਿੱਚ ਅਉਂਦੇ ਹਨ ਤਾਂ ਇਕ ਵਿਚਿੱਤਰ ਅਨੁਗਾਥਾ ਸਾਡੀ ਯਾਦਾਸ਼ਤ ਵਿੱਚ ਅੰਕਿਤ ਕਰ ਜਾਂਦੇ ਹਨ।

ਅਨੁਗਾਥਾ (anecdote), ਪ੍ਰਸੰਗਲੀ ਜਾਂ ਲਘੂ-ਵਾਰਤਾ ਕਿਸੇ ਉਚੇਚੇ ਨੁਕਤੇ ਦੀ ਧਾਰਨੀ ਹੁੰਦੀ ਹੈ ਤੇ ਇਹ ਕਿਸੇ ਜ਼ਿੰਦਗੀ ਵਿੱਚ ਵਾਪਰੀ ਕੋਈ ਐਸੀ ਘਟਨਾ ਹੁੰਦੀ ਹੈ ਜੋ ਚਿੱਤ ਨੂੰ ਪ੍ਰਸੰਨ ਕਰਦੀ, ਭਾਵਾਂ ਨੂੰ ਹੁਲਾਸ ਦੇਂਦੀ ਤੇ ਆਤਮਾ ਨੂੰ ਸਰਸ਼ਾਰ ਕਰਦੀ ਹੈ। ਐਸੀ ਪ੍ਰਭਾਵਸ਼ਾਲੀ ਵਾਰਤਾ ਸੁਣਨਹਾਰੇ ਉੱਪਰ ਇਕ ਐਸੀ ਭਾਵਪੂਰਤ ਛਾਪ ਛੱਡ ਜਾਂਦੀ ਹੈ ਜੋ ਭੁਲਾਈ ਨਹੀਂ ਜਾ ਸਕਦੀ। ਮੇਰੀ ਨਿੱਜੀ ਜ਼ਿੰਦਗੀ ਵਿੱਚ ਕੁਝ ਐਸੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਮੈਨੂੰ ਹਲੂਣਿਆਂ, ਕੋਈ ਨਵੀਂ ਅੰਤਰ-ਝਾਤ ਜਗਾਈ ਜਾਂ ਮੇਰੀ ਆਤਮਾ ਨੂੰ ਉਮਾਹਿਤ ਕੀਤਾ। ਕੁਝ ਐਸੇ ਵੱਡੇ ਮਨੁੱਖ ਆਏ ਜੋ ਮੇਰੀ ਬੁੱਧੀ ਦੀ ਹੀਣਤਾ ਤੋਂ ਸਹਿਵਨ ਮੈਨੂੰ ਵਾਕਫ਼ ਕਰਾ ਗਏ, ਮੇਰੀ ਦੁਰਮਤਿ ਝਾੜ ਗਏ ਤੇ ਕਿਸੇ ਨਵੀਂ ਪ੍ਰੇਰਣਾ ਦੀ ਜਾਗ ਮੇਰੇ ਅੰਦਰ ਲਗਾ ਗਏ।

ਐਸੇ ਮਨੁੱਖ, ਜ਼ਰੂਰੀ ਨਹੀਂ ਕਿ ਮਸ਼ਹੂਰ ਵਿਅਕਤੀ ਹੀ ਹੋਣ, ਪਰ ਉਨ੍ਹਾਂ ਦੀਆਂ ਆਤਮਾਵਾਂ ਪਾਸ ਕੋਈ ਐਸੀ ਪਿਆਰੀ ਰਾਸ ਮੌਜੂਦ ਹੁੰਦੀ ਹੈ ਜੋ ਆਪਣੀ ਮੁਹਰ ਸ੍ਰੋਤੇ ਦੀ ਚੇਤਨਾ ਉੱਪਰ ਸਹਿਵਨ ਹੀ ਠੋਪ ਜਾਂਦੀ ਹੈ। ਐਸੀਆਂ ਵਾਰਤਾਵਾਂ ਦਾ ਲਘੂ ਆਕਾਰ ਕਿਸੇ ਵੱਡੇ ਸੱਚ ਨੂੰ ਆਪਣੇ ਅੰਦਰ ਸਮੇਟੀ ਬੈਠਾ ਹੁੰਦਾ ਹੈ। ਕਦੇ-ਕਦੇ ਤਾਂ ਐਸਾ ਵੀ ਹੋ ਸਕਦਾ ਹੈ ਕਿ ਐਸੀ ਛਾਪ ਕੋਈ ਪੰਛੀ ਜਾਂ ਕੋਈ ਫੁੱਲ-ਬੂਟਾ ਵੀ ਛੱਡ ਜਾਂਦਾ ਹੈ।

ਐਸੀਆਂ ਲਘੂ ਵਾਰਤਾਵਾਂ ਆਮ ਤੌਰ ’ਤੇ ਇਕ-ਬਚਨੀ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ, ਪਰ ਹਰੇਕ ਇਕ-ਬਚਨੀ ਲਘੂਵਾਰਤਾ ਨਹੀਂ ਬਣ ਸਕਦੀ। ਐਸੀਆਂ ਅਨੁਕਥਾਵਾਂ ਦੇ ਬੋਲ ਸਾਧਾਰਨ ਜ਼ਿੰਦਗੀ ਵਿੱਚੋਂ ਉੱਭਰਦੇ ਹਨ। ਇਹ ਨਿੱਕੀਆਂ ਕਹਾਣੀਆਂ ਵਰਗੀਆਂ ਨਹੀਂ ਹੁੰਦੀਆਂ ਕਿਉਂਕਿ ਇਹ ਮਨੋ-ਕਲਪਿਤ ਗਲਪ ਨਹੀਂ ਹੁੰਦੀਆਂ। ਇਹ ਜਿਉਂਦੀਆਂ ਆਤਮਾਵਾਂ ਦੀ ਮਿਹਰਾਮਤ ਹੁੰਦੀਆਂ ਹਨ। ਜ਼ਰੂਰੀ ਨਹੀਂ ਕਿ ਇਨ੍ਹਾਂ ਦਾ ਮੰਤਵ ਕਿਸੇ ਦਾ ਸੁਧਾਰ ਕਰਨਾ ਹੋਵੇ। ਇਹ ਸਾਧਾਰਨ ਜੀਵਨ ਦੀ ਸਾਧਾਰਨ ਤੌਰ ’ਤੇ ਵਾਪਰੀ ਹੋਈ ਕੋਈ ਵਾਰਤਾ ਵੀ ਹੋ ਸਕਦੀ ਹੈ ਜੋ ਸ੍ਰੋਤੇ ਦੀ ਚੇਤਨਾ ਵਿੱਚੋਂ ਅਲੋਪ ਨਹੀਂ ਹੋ ਸਕੀ।

ਜਦ ਮੈਂ ਇਨ੍ਹਾਂ ਅਨੁਗਾਥਾਵਾਂ ਨੂੰ ਉਨ੍ਹਾਂ ਦੇ ਵਾਪਰਨ ਦੇ ਸਮੇਂ ਅਨੁਸਾਰ ਕ੍ਰਮਵਾਰ ਤਰਤੀਬ ਵਿੱਚ ਲਾਇਆ ਤਾਂ ਮੈਨੂੰ ਸਪੱਸ਼ਟ ਹੋਇਆ ਕਿ ਕਰੀਬਨ ਅੱਧੀਆਂ ਯਾਦਾਂ ਬਚਪਨ ਤੇ ਨੌਜਵਾਨੀ ਦੇ ਸਮੇਂ ਦੀਆਂ ਹੀ ਹਨ। ਇਸੇ ਦਾ

ਇਕ ਕਾਰਣ ਤਾਂ ਇਹ ਹੈ ਕਿ ਆਯੂ ਦਾ ਇਹ ਭਾਗ ਬੜਾ ਪ੍ਰਭਾਵ-ਗ੍ਰਾਹਕ ਹੁੰਦਾ ਹੈ।

ਦੂਜੇ, ਇਹ ਕਿ ਉਸ ਸਮੇਂ ਦਾ ਬਹੁਤਾ ਹਿੱਸਾ ਆਪਣੇ ਘਰ ਵਿੱਚ ਹੀ ਕੱਟਿਆ, ਸੋ ਦਾਦਕਿਆਂ ਤੇ ਮਾਪਿਆਂ ਦਾ ਢੇਰ ਸਾਰਾ ਨਿੱਜੀ ਪ੍ਰਭਾਵ ਪ੍ਰਾਪਤ ਹੋਇਆ। ਤੀਜੇ, ਉਸ ਉਮਰ ਦੀਆਂ ਯਾਦਾਂ ਵੱਡੀ ਉਮਰਾ ਵਿੱਚ ਵੀ ਹਰੀਆਂ-ਭਰੀਆਂ ਰਹਿੰਦੀਆਂ ਹਨ, ਜਦ ਕਿ ਬੁਢੇਪੇ ਦੀਆਂ ਯਾਦਾਂ ਬੁਢੇਪੇ ਵਿੱਚ ਹੀ ਧੁੰਦਲੀਆਂ ਪੈ ਜਾਂਦੀਆਂ ਹਨ, ਤੇ ਉਸ ਉਮਰ ਵਿੱਚ ਪ੍ਰਭਾਵ-ਗ੍ਰਾਹਕਤਾ ਵੀ ਬੜੀ ਘਟ ਜਾਂਦੀ ਹੈ।

ਇਕ ਪ੍ਰਭਾਵ ਜੋ ਸਕੂਲ ਦੇ ਸਮੇਂ ਤੋਂ ਲੈ ਕੇ ਅੱਜ ਤੋਂ ਚਾਰ ਸਾਲ ਪਹਿਲੇ ਤਕ ਵੀ ਮੈਨੂੰ ਨਸੀਬ ਹੁੰਦਾ ਰਿਹਾ, ਉਹ ਪ੍ਰਿੰਸੀਪਲ ਨਰਿੰਦਰ ਸਿੰਘ ਸੋਚ ਹੋਰਾਂ ਤੇ ਉਨ੍ਹਾਂ ਦੇ ਘਰੋਂ ਬੀਬੀ ਸੁਖਵੰਤ ਹੋਰਾਂ ਦਾ ਰਿਹਾ।

ਇਸੇ ਤਰ੍ਹਾਂ ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਦਾ ਤੇ ਧੰਨ ਬੀਜੀ ਦਾ ਵੀ ਮੇਰੇ ਉੱਪਰ ਰੱਜਵਾਂ ਪ੍ਰਭਾਵ ਰਿਹਾ, ਪਹਿਲਾਂ ਕੁਝ ਵਰ੍ਹੇ ਗਵਾਂਢੀ ਦੇ ਤੌਰ ’ਤੇ ਅਤੇ ਪ੍ਰਿੰਸੀਪਲ ਸਾਹਿਬ ਦੇ ਗੁਜ਼ਰ ਜਾਣ ਮਗਰੋਂ ਉਨ੍ਹਾਂ ਦੇ ਅੱਧੇ ਘਰ ਵਿੱਚ ਕਿਰਾਏਦਾਰ ਦੇ ਤੌਰ ’ਤੇ । ਹਰ ਸਾਲ ਸਾਰਾ ਟੱਬਰ ਮੈਨੂੰ ਆਪਣੇ ਘਰ ਦਾ ਜੀਅ ਹੀ ਪਰਵਾਨ ਕਰਦਾ ਰਿਹਾ। ਵੈਸੇ ਪ੍ਰਿੰਸੀਪਲ ਸਾਹਿਬ ਦਾ ਪ੍ਰਭਾਵ ਉਨ੍ਹਾਂ ਦੇ ਲੈਕਚਰ ਆਦਿ ਸੁਣ ਕੇ ਮੇਰੇ ਉੱਪਰ ਨੌਜਵਾਨੀ ਦੀ ਉਮਰੇ ਹੀ ਪੈਣਾ ਸ਼ੁਰੂ ਹੋ ਗਿਆ ਸੀ, ਜੋ ਕਿ ਅੱਜ ਤਕ ਵੀ ਬਦਸਤੂਰ ਕਾਇਮ ਹੈ।

ਬਦੇਸ਼ਾਂ ਵਿੱਚ ਵੀ ਕਈ ਸੁਹਾਉਣੀਆਂ ਆਤਮਾਵਾਂ ਦੇ ਵਿਸ਼ੇਸ਼ ਦੀਦਾਰ ਹੋਏ। ਇਨ੍ਹਾਂ ਵਿੱਚ ਲੇਗਾਸ, ਨਾਈਜੀਰੀਆ ਦੇ ਡਾ. ਅਲੀ ਸਾਹਿਬ, ਦਾਰਸ ਸਲਾਮ, ਤਨਜ਼ਾਨੀਆਂ ਦੇ ਫ਼ਾਦਰ ਯੋਇਨੇ ਤੇ ਉਸੇ ਦੇਸ਼ ਦੇ ਹੈਲਥ ਮਨਿਸਟਰ ਸਾਹਿਬ, ਅਤੇ ਐਡਨਬਰਾ, ਸਕਾਟਲੈਂਡ, ਦੇ ਪ੍ਰੋਫ਼ੈਸਰ ਕਾਰਸਟੇਅਰਜ਼ ਪ੍ਰਮੁੱਖ ਹਨ।

ਜੇਕਰ ਮੈਂ ਅੱਜ ਤੀਕਰ ਇਨ੍ਹਾਂ ਵਾਰਤਾਵਾਂ ਨੂੰ ਆਪਣੇ ਚੇਤੇ ਵਿੱਚ ਸਾਂਭ ਸਕਿਆ ਹਾਂ ਤੇ ਅੱਜ ਇਨ੍ਹਾਂ ਨੂੰ ਕਾਗ਼ਜ਼ ਉੱਪਰ ਉਤਾਰਨ ਦੀ ਖੁਸ਼ੀ ਲੈ ਰਿਹਾ ਹਾਂ, ਤਾਂ ਜ਼ਰੂਰ ਇਹ ਕਿਸੇ ਅਨੂਠੇ ਗੁਣ ਦੀਆਂ ਧਾਰਨੀ ਹੋਣਗੀਆਂ। ਜਿਨ੍ਹਾਂ ਨਿੱਜੀ ਘਟਨਾਵਾਂ ਨੂੰ ਮੈਂ ਇਸ ਸੰਗ੍ਰਹਿ ਵਿੱਚ ਪੇਸ਼ ਕਰਨ ਦਾ ਵਿਚਾਰ ਕੀਤਾ, ਉਹ ਮੈਨੂੰ ਉਲਾਸਜਨਕ ਤੇ ਉਮਾਹਜਨਕ ਲੱਗੀਆਂ ਤੇ ਇਸ ਆਸ ਨਾਲ ਇਨ੍ਹਾਂ ਨੂੰ ਅੰਕਿਤ ਕਰਦਾ ਹਾਂ ਕਿ ਪਾਠਕਾਂ ਅੰਦਰ ਵੀ ਇਹ ਕੋਈ ਉਚੇਚਾ ਉਮਾਹ



ਜਗਾ ਸਕਣਗੀਆਂ।

ਸੁਕ੍ਰਿਤ ਟਰੱਸਟ ਵੱਲੋਂ ਇਨ੍ਹਾਂ ਯਾਦਾਂ ਨੂੰ ਅਸਲ ਵਿੱਦਿਆ ਨਾਮ ਦੇ ਸੰਗ੍ਰਹਿ ਹੇਠ ਛਾਪ ਕੇ ਵਿਸ਼ੇਸ਼ਕਰ ਵਿਦਿਆਰਥੀ ਵਰਗ ਤਕ ਪਹੁੰਚਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਸੰਸਥਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਕਰਨ ਦੀ ਲਹਿਰ ਪਹਿਲਾਂ ਹੀ ਦੇਸ਼-ਵਿਦੇਸ਼ ਵਿੱਚ ਸਫਲਤਾ ਸਹਿਤ ਪ੍ਰਫੁੱਲਿਤ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਨੂੰ ਅਧਿਆਤਮਕ, ਵਿੱਦਿਅਕ ਅਤੇ ਕਾਰੋਬਾਰੀ ਸਰਬਸ੍ਰੇਸ਼ਠਤਾ (Spiritual, Academic & Professional Excellence)ਵੱਲ ਪ੍ਰੇਰਿਤ ਕਰਨ ਲਈ ਸੁਕ੍ਰਿਤ ਦੇ ਉਪਰਾਲੇ ਸ਼ਲਾਘਾ ਭਰਪੂਰ ਹਨ। ਮੇਰੀ ਤਹਿ ਦਿਲੋਂ ਅਰਦਾਸ ਹੈ ਕਿ ਇਸ ਸੰਸਥਾ ਦੇ ਸਾਰੇ ਸੇਵਾਦਾਰ ਅਤੇ ਕਾਰਕੁਨ ਪਰਸਪਰ ਪ੍ਰੇਮ ਅਤੇ ਤਿਆਗ ਦੀ ਭਾਵਨਾ ਨਾਲ ਸਦਾ ਨਿਸ਼ਕਾਮ ਸੇਵਾ ਵਿੱਚ ਜੁੱਟੇ ਰਹਿਣ।

2 ਜੁਲਾਈ, 2011

**ਜਸਵੰਤ ਸਿੰਘ ਨੇਕੀ**
52, ਹੇਮਕੁੰਟ ਕਾਲੋਨੀ,
ਨਵੀਂ ਦਿੱਲੀ।

# ਰੱਬ ਖੋਟੇ ਵੀ ਖਰੇ ਕਰ ਦੇਂਦਾ ਹੈ

ਮੈਂ ਤੀਸਰੀ ਕਲਾਸ ਵਿੱਚ ਪੜ੍ਹਦਾ ਸਾਂ। ਕਿਤੋਂ ਇੱਕ ਖੋਟਾ ਰੁਪਿਆ ਮੇਰੇ ਪਾਸ ਆ ਗਿਆ। ਉਹ ਇਤਨਾ ਖੋਟਾ ਸੀ ਕਿ ਜਿਸ ਕਿਸੇ ਨੂੰ ਦਿੱਤਾ ਉਸ ਨੇ ਭੈੜੀ ਤਰ੍ਹਾਂ ਮੇਰੇ ਵੱਲ ਵੇਖਿਆ ਤੇ ਰੁਪਿਆ ਮੋੜ ਦਿੱਤਾ। ਮੈਂ ਫਿਰ ਉਹ ਕਿਤੇ ਚਲਾਣ ਦਾ ਖ਼ਿਆਲ ਤਿਆਗ ਦਿੱਤਾ, ਪਰ ਉਹ ਮੈਂ ਆਪਣੀ ਜੇਬ ਵਿੱਚ ਪਤਾ ਨਹੀਂ ਕਿਉਂ ਰੱਖ ਛੱਡਿਆ। ਜਦ ਕੱਪੜੇ ਬਦਲਾਂ ਤਾਂ ਵੀ ਮੈਲੀ ਕਮੀਜ਼ ਵਿੱਚੋਂ ਕੱਢ ਕੇ ਉੱਜਲੀ ਦੀ ਜੇਬ ਵਿੱਚ ਪਾ ਲਿਆ ਕਰਾਂ।

ਇਕ ਦਿਨ ਬਸਤਾ ਕੱਛੇ ਮਾਰੀ ਸਕੂਲ ਤੋਂ ਪਰਤ ਰਿਹਾ ਸਾਂ ਕਿ ਇੱਕ ਮੁਸਲਮਾਨ ਫ਼ਕੀਰ ਮੈਨੂੰ ਰਾਹ ਵਿੱਚ ਰੋਕ ਕੇ ਆਖਣ ਲੱਗਾ,"ਬੇਟਾ ਫ਼ਕੀਰ ਕੋ ਰੋਟੀ ਖਿਲਾ ਦੋ ।" ਮੈਂ ਕਿਹਾ, "ਮੇਰੇ ਕੋਲ ਤਾਂ ਪੈਸਾ ਕੋਈ ਨਹੀਂ ।" ਕਹਿਣ ਲੱਗਾ, ਏਕ ਰੁਪਿਆ ਤੋ ਹੈ ।" ਮੈਂ ਕਿਹਾ, "ਉਹ ਤਾਂ ਖੋਟਾ ਹੈ ।" ਕਹਿਣ ਲੱਗਾ, "ਮੁਝੇ ਮਾਲੂਮ ਹੈ, ਪਰ ਆਜ ਚਲੇਗਾ।" ਮੈਂ ਕਿਹਾ, "ਜੇ ਚਲੇਗਾ, ਤਾਂ ਜ਼ਰੂਰ ਰੋਟੀ ਖੁਆਲ ਦਿਆਂਗਾ।"

ਨੁੱਕਰ 'ਤੇ ਨਾਨਬਾਈ ਦੀ ਦੁਕਾਨ ਸੀ। ਉੱਥੇ ਮੈਂ ਫ਼ਕੀਰ ਨੂੰ ਲੈ ਗਿਆ। ਮੈਂ ਪਹਿਲਾਂ ਰੁਪਿਆ ਜੇਬ 'ਚੋਂ ਕੱਢ ਕੇ ਨਾਨਬਾਈ ਨੂੰ ਦਿੱਤਾ ਤਾਂ ਜੁ ਜੇਕਰ ਉਸਨੂੰ ਖੋਟਾ ਲੱਗੇ ਤਾਂ ਤੁਰੰਤ ਮੋੜ ਦੇਵੇ। ਪਰ ਉਸਨੇ ਮੋੜਿਆ ਨਹੀਂ, ਸਗੋਂ ਮੇਰੇ ਵੱਲ ਵੇਖਣ ਲੱਗਾ ਕਿ ਮੈਂ ਕਿਸ ਲਈ ਦਿੱਤਾ ਹੈ। ਤਦ ਮੈਂ ਉਸਨੂੰ ਆਖਿਆ, "ਅੱਠ ਆਨੇ ਦੀ ਰੋਟੀ ਫ਼ਕੀਰ ਨੂੰ ਖੁਆ ਦੇ ਤੇ ਬਾਕੀ ਮੈਨੂੰ ਮੋੜ ਦੇ।" ਉਸਨੇ ਆਪਣੀ ਪੱਛੀ ਵਿੱਚੋਂ ਇਕ ਅਠਾਨੀ ਮੈਨੂੰ ਮੋੜ ਦਿੱਤੀ ਤੇ ਫ਼ਕੀਰ ਨੂੰ ਰੋਟੀ ਖਾਣ ਲਈ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਫ਼ਕੀਰ ਨੂੰ ਸਲਾਮ ਕੀਤਾ ਤੇ ਇਜਾਜ਼ਤ ਲਈ। ਫ਼ਕੀਰ ਨੇ ਮੇਰੇ ਕੰਨ ਵਿੱਚ ਕਿਹਾ, **"ਨੀਅਤ ਰਾਸ ਰੱਖੀਏ ਤਾਂ ਰੱਬ ਆਪਣੀ ਮਿਹਰ ਨਾਲ ਖੋਟੇ ਵੀ ਖਰੇ ਕਰ ਦੇਂਦਾ ਹੈ; ਸਿਰਫ਼ ਸਿੱਕਿਆਂ ਨੂੰ ਹੀ ਨਹੀਂ, ਬੰਦਿਆਂ ਨੂੰ ਵੀ।"**

(1933)



# ਪੰਚਾਮ੍ਰਿਤ ਕੀ ਹੁੰਦਾ ਹੈ?

ਮੇਰੇ ਦਾਦਾ ਜੀ ਨੇ ਮੈਨੂੰ ਪੁੱਛਿਆ, "ਕਾਕਾ ਤੈਨੂੰ ਪਤਾ ਏ ਅੰਮ੍ਰਿਤ ਕੀ ਹੁੰਦਾ ਏ?" ਮੈਂ ਉੱਤਰ ਦਿੱਤਾ, "ਹਾਂ ਬਾਬਾ ਜੀ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬਲੋਹ ਦੇ ਬਾਟੇ ਵਿੱਚ ਜਲ ਪਾ ਕੇ, ਬੀਰ ਆਸਣ ਵਿੱਚ ਖੰਡੇ ਨਾਲ ਉਸਨੂੰ ਮਥਿਆ ਤੇ ਨਾਲ ਪੰਜ ਬਾਣੀਆਂ ਦਾ ਪਾਠ ਵੀ ਕੀਤਾ। ਮਾਤਾ ਸਾਹਿਬ ਦੇਵਾਂ ਨੇ ਵਿੱਚ ਪਤਾਸੇ ਪਾਏ।ਇਸ ਅਦੁੱਤੀ ਰਸਾਇਣ ਨੂੰ ਅੰਮ੍ਰਿਤ ਕਹਿੰਦੇ ਹਨ।"

"ਕਾਕਾ ਉਹ ਤਾਂ ਅੰਮ੍ਰਿਤ ਹੈ ਈ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਹੈ। ਇੱਕ ਅੰਮ੍ਰਿਤ ਹੋਰ ਵੀ ਹੈ ਜਿਸਦਾ ਭੁੰਚਨ ਤੂੰ ਹਰ ਰੋਜ਼ ਕਰਦਾ ਹੈਂ।ਉਹ ਤੇਰੀ ਮਾਂ ਸਿਰਜਦੀ ਹੈ। ਸਵੇਰੇ-ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਨਾਸ਼ਤਾ ਤਿਆਰ ਕਰਦੀ ਹੈ। ਫਿਰ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਦੁਪਹਿਰ ਦਾ ਲੰਗਰ ਆਯੋਜਨ ਕਰਦੀ ਹੈ।ਫਿਰ ਲੌਢੇ ਵੇਲੇ ਅਨੰਦ ਸਾਹਿਬ ਦਾ ਪਾਠ ਕਰਦਿਆਂ ਸ਼ਾਮ ਦੇ ਚਾਹ-ਪਾਣੀ ਦਾ ਬੰਦੋਬਸਤ ਕਰਦੀ ਹੈ।ਰਾਤੀਂ ਰਹਰਾਸਿ ਸਾਹਿਬ ਦਾ ਪਾਠ ਕਰਦਿਆਂ ਰਾਤ ਦੀ ਰੋਟੀ ਬਣਾ ਕੇ ਪਰੋਸਦੀ ਹੈ ਤੇ ਮਗਰੋਂ ਕੀਰਤਨ ਸੋਹਿਲਾ ਦਾ ਪਾਠ ਕਰਦਿਆਂ ਤੁਹਾਡੇ ਲਈ ਦੁੱਧ ਦਾ ਗਿਲਾਸ ਲੈ ਕੇ ਆਉਂਦੀ ਹੈ। ਉਹ, ਪੰਜ ਵੇਲੇ ਦਾ ਇਹ ਪੰਚਾਮ੍ਰਿਤ ਤੁਹਾਡੇ ਲਈ ਤਿਆਰ ਕਰਦੀ ਹੈ। ਇਸੇ ਨੂੰ ਅੰਮ੍ਰਿਤ ਵੀ ਕਹਿੰਦੇ ਹਨ।ਜਾਹ!ਆਪਣੀ ਮਾਂ ਨੂੰ ਰੱਬ ਦਾ ਰੂਪ ਸਮਝ ਕੇ ਮੱਥਾ ਟੇਕ!"

"ਬਾਬਾ ਜੀ! ਤੁਸਾਂ ਮੇਰੀ ਮਾਂ ਦਾ ਜੋ ਰੂਪ ਮੇਰੇ 'ਤੇ ਸਪਸ਼ਟ ਕੀਤਾ ਹੈ, ਉਹ ਤਾਂ ਦਿਨ ਵਿੱਚ ਪੰਜ ਵੇਲੇ ਮੱਥਾ ਟਿਕਾਉਣ ਦੀ ਅਧਿਕਾਰੀ ਹੈ।ਮੈਂ ਜ਼ਰੂਰ ਮੱਥਾ ਟੇਕਿਆ ਕਰਾਂਗਾ ਤੇ ਨਾਲ ਤੁਹਾਨੂੰ ਵੀ ਚੇਤੇ ਕਰਿਆ ਕਰਾਂਗਾ, ਜਿਨ੍ਹਾਂ ਇਹ ਮੱਤ ਦਿੱਤੀ ਏ।"

(1934)

## ਪਾਠ- ਤੋਤੇ ਵਾਂਙੂੰ ਜਾਂ ਭਗਤ ਵਾਂਙੂੰ

ਬੇਜੀ (ਦਾਦੀ ਜੀ) ਮੇਰੇ ਬਿਲਕੁਲ ਨਿਰੱਖਰ ਸਨ। ਊੜਾ ਐੜਾ ਵੀ ਨਹੀਂ ਸਨ ਜਾਣਦੇ, ਪਰ ਬਾਣੀ ਬੜੀ ਕੰਠ ਸੀ। ਉੱਠਦਿਆਂ-ਬਹਿੰਦਿਆਂ ਕੋਈ-ਨ-ਕੋਈ ਸ਼ਬਦ ਗੁਨਗੁਨਾਉਂਦੇ ਰਹਿੰਦੇ ਸਨ। ਇਕ ਦਿਨ ਗਾ ਰਹੇ ਸਨ :

**ਮੈਂ ਨਿਰਗੁਣੀਆਰੇ ਮੈਂਢਾ ਕੋਈ ਗੁਣ ਨਾਹੀ,**
**ਆਪੇ ਹੀ ਤਰਸ ਪਿਓਈ।**

ਮੈਂ ਕੋਲੋਂ ਦੀ ਲੰਘਿਆ ਤੇ ਜੋ ਉਹ ਗਾ ਰਹੇ ਸਨ ਮੇਰੇ ਕੰਨੀ ਆਣ ਪਿਆ। ਮੈਂ ਕਿਹਾ, "ਬੇਜੀ, ਤੁਸੀਂ ਇਹ ਤੁਕਾਂ ਠੀਕ ਨਹੀਂ ਪੜ੍ਹ ਰਹੇ। ਇਹ ਇਸ ਤਰ੍ਹਾਂ ਹਨ:

**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥**
**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥**

**(ਅੰ: ੧੪੨੯)**

ਤਾਂ ਆਖਣ ਲੱਗੇ, "ਮੈਂ ਜਿਸਨੂੰ ਸੁਣਾਉਨੀ ਪਈ ਹਾਂ ਆਪੇ ਠੀਕ ਕਰ ਘੀਸੀ।"

ਮੈਂ ਮੁਸਕਰਾ ਛੱਡਿਆ। ਮੇਰੀ ਮਾਤਾ ਜੀ ਵੀ ਲਾਗੇ ਸਨ, ਉਹ ਵੀ ਮੁਸਕਰਾ ਪਏ।

ਅਗਲੇ ਦਿਨ ਮੈਂ ਗੁਟਕੇ ਤੋਂ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਮੇਰੇ ਮਾਤਾ ਜੀ ਨਾਲੇ ਮੈਥੋਂ ਪਾਠ ਸੁਣ ਰਹੇ ਸਨ, ਨਾਲੇ ਮੇਰੇ ਲਈ ਇੱਕ ਸੁਵੈਟਰ ਬੁਣੀ ਜਾ ਰਹੇ ਸਨ। ਉਹਨਾਂ ਦੇ ਹੱਥ ਸਦਾ ਕਾਰ ਵੱਲੇ ਰਹਿੰਦੇ ਸਨ ਤੇ ਚਿੱਤ ਕਰਤਾਰ ਵੱਲ!

ਮੈਂ ਤੇਰ੍ਹਵੀਂ ਅਸ਼ਟਪਦੀ ਦਾ ਪਾਠ ਕਰ ਰਿਹਾ ਸਾਂ। ਇਹ ਤੁਕਾਂ ਪੜ੍ਹ ਰਿਹਾ ਸਾਂ:

**ਸੰਤ ਕੇ ਦੂਖਨ ਤੇ ਮੁਖੁ ਭਵੇ॥**
**ਸੰਤ ਕੈ ਦੂਖਨਿ ਕਾਗ ਜਿਉਂ ਲਵੇ॥**
**ਸੰਤ ਕੇ ਦੂਖਨਿ ਸਰਪ ਜੋਨਿ ਪਾਏ॥**
**ਸੰਤ ਕੇ ਦੂਖਨਿ ਤ੍ਰਿਗਦ ਜੋਨਿ ਕਿਰਮਾਏ॥………**



ਬੀਜੀ ਨੇ ਮੈਨੂੰ ਟੋਕਿਆ ਤੇ ਕਿਹਾ "ਕਾਕਾ ਵੇਖ ਕੇ ਪੜ੍ਹ। ਤੂੰ ਪਾਠ ਗ਼ਲਤ ਕਰ ਰਿਹੈਂ।" ਮੈਂ ਕਿਹਾ, ਜਿਸਨੂੰ ਸੁਣਾਉਨਾ ਪਿਆਂ, ਆਪੇ ਠੀਕ ਕਰ ਘੀਸੀ।" ਬੀਜੀ ਨੇ ਸੁਵੈਟਰ ਪਰੇ ਰੱਖ ਦਿੱਤੀ, ਉੱਠ ਕੇ ਮੇਰੇ ਕੋਲ ਆਏ ਤੇ ਮੇਰੇ ਹੱਥ ਵਿੱਚੋਂ ਗੁਟਕਾ ਲੈ ਲਿਆ। ਕਹਿਣ ਲੱਗੇ, "ਅੱਗੇ ਪਾਠ ਕਰ।" ਮੈਂ ਕਿਹਾ, ਗੁਟਕੇ ਤੋਂ ਬਗੈਰ ਮੈਂ ਕਿਵੇਂ ਕਰਾਂ," ਕਹਿਣ ਲੱਗੇ, "ਜਦ ਤੂੰ ਗੁਟਕੇ ਤੋਂ ਵੇਖ ਕੇ ਪਾਠ ਨਹੀਂ ਕਰਨਾ ਤਾਂ ਗੁਟਕੇ ਤੋਂ ਬਿਨਾਂ ਹੀ ਕਰ।" ਮੈਂ ਉਹਨਾਂ ਵੱਲ ਸਵਾਲੀਆ ਨਿਗਾਹ ਨਾਲ ਵੇਖਿਆ। ਉਹ ਕਹਿਣ ਲੱਗੇ, "ਤੂੰ ਦਾਦੀ ਜੀ ਦੀਆਂ ਰੀਸਾਂ ਕਰਨ ਜੋਗਾ ਕਦੇ ਨਹੀਂ ਹੋ ਸਕਦਾ। ਉਹ ਨਿਰੱਖਰ ਹਨ ਪਰ ਉਹਨਾਂ ਇਤਨੀ ਬਾਣੀ ਕੰਠ ਕੀਤੀ ਹੋਈ ਹੈ ਜਿਸ ਦਾ ਤੂੰ ਅਨੁਮਾਨ ਵੀ ਨਹੀਂ ਲਗਾ ਸਕਦਾ।ਜਦ ਉਹ ਕੰਠ ਬਾਣੀ ਪੜ੍ਹਦੇ ਹਨ, ਤਾਂ ਆਪਣੇ ਭਾਵਾਂ ਨੂੰ ਵੀ ਸ਼ਾਮਿਲ ਕਰ ਲੈਂਦੇ ਹਨ। ਤਦੇ ਤਾਂ ਉਹ ਪੜ੍ਹਦੇ ਹਨ,

**ਤੇਰਾ ਤੇ ਕੀਤਾ ਮੈਂ ਜਾਤਿਓ ਨਹੀ ਮੈਨੂੰ ਤੇ ਜੋਗ ਕੀਤੋਈ॥"**

ਉਹਨਾਂ ਦਾ ਪਾਠ ਉਹਨਾਂ ਦੇ ਦਿਲ ਦੀਆਂ ਡੂੰਘਾਵਾਂ ਵਿੱਚੋਂ ਨਿਕਲਦਾ ਹੈ ਤੇ ਉਹ ਸਿੱਧਾ ਰੱਬ ਦੇ ਕੰਨੀਂ ਪੈਂਦਾ ਹੈ। ਉਹ ਆਖ ਸਕਦੇ ਹਨ "ਜਿਸਨੂੰ ਮੈਂ ਸੁਣਾਉਨੀ ਪਈ ਹਾਂ ਉਹ ਆਪੇ ਠੀਕ ਕਰ ਘੀਸੀ।"

ਪਰ ਤੂੰ ਤੇ ਅਨਪੜ੍ਹ ਨਹੀਂ। ਹੱਥ ਵਿੱਚ ਤੇਰੇ ਗੁਟਕਾ ਹੈ। ਤੂੰ ਪੜ੍ਹ ਸਕਦਾ ਏਂ, ਪਰ ਪੜ੍ਹਨ ਲਈ ਵੀ ਧਿਆਨ ਚਾਹੀਦਾ ਹੈ ਕੇਵਲ ਤੋਤੇ ਵਾਂਙੂੰ ਪਾਠ ਨਹੀਂ ਕਰੀਦਾ। ਜੋ ਤੁਕਾਂ ਤੂੰ ਪੜ੍ਹੀਆਂ ਨੇ ਉਹਨਾਂ ਵਿੱਚ ਤੂੰ 'ਸੰਤਨ ਕੇ ਦੂਖਨ' ਨੂੰ ਵੀ 'ਸੰਤ ਕੇ ਦੂਖਨ' ਪੜ੍ਹਿਆ । ਤੁਕਾਂ ਇਉਂ ਸਨ:

**ਸੰਤ ਕੇ ਦੂਖਨ ਤੇ ਮੁਖੁ ਭਵੈ॥**
**ਸੰਤਨ ਕੈ ਦੂਖਨਿ ਕਾਗ ਜਿਉ ਲਵੈ॥**
**ਸੰਤਨ ਕੇ ਦੂਖਨਿ ਸਰਪ ਜੋਨਿ ਪਾਇ॥**
**ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥**

**(ਅੰ: ੨੭੯)**

ਆਖਣ ਲੱਗੇ, "ਹੁਣ ਠੀਕ ਹੈ। ਬੇਟਾ ਜੀ, ਪਾਠ ਤੋਤੇ ਵਾਙੂੰ ਨਹੀਂ ਕਰਨਾ ਭਗਤ ਵਾਙੂੰ ਕਰਨਾ ਹੈ। ਤੁਹਾਡਾ ਪਿਆਰ, ਤੁਹਾਡੀ ਭਗਤੀ, ਤੁਹਾਡਾ ਆਤਮ ਸਮਰਪਣ ਤੁਹਾਡੇ ਪਾਠ ਵਿੱਚੋਂ ਪ੍ਰਗਟ ਹੋਣਾ ਚਾਹੀਦਾ ਹੈ।"

(1935)

# ਅੰਦਰ ਵੀ ਇਕ ਖੇਤੀ ਹੈ

ਸਾਡੇ ਪਿੰਡ ਇੱਕ ਕਿਸਾਨ ਸੀ ਭਾਈ ਸੁਵਰਨਾ। ਉਹ ਮੇਰੇ ਦਾਦਾ ਜੀ ਕੋਲ ਗੁਰਮੁਖੀ ਸਿੱਖਣ ਆਉਂਦਾ ਰਿਹਾ। ਜਦ ਪੈਂਤੀ ਪੱਕ ਗਈ ਤੇ ਮਾਤਰਾ ਦੀ ਵੀ ਸਮਝ ਆ ਗਈ ਤਾਂ ਆਪਣਾ ਨਾਂ 'ਸਵਰਨ ਸਿੰਘ' ਉਸ ਨੇ ਆਪ ਲਿੱਖਿਆ ਤੇ ਨੱਚ ਪਿਆ। ਕਹਿਣ ਲੱਗਾ, "ਮੈਂ ਅੱਜ ਪਹਿਲੀ ਵਾਰ 'ਸੁਵਰਨੇ ਤੋਂ ਸਵਰਨ ਸਿੰਘ ਬਣਿਆ ਹਾਂ।"

ਫਿਰ ਉਹ ਗੁਟਕਾ ਲੈ ਆਇਆ ਤੇ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗ ਪਿਆ। ਕੋਸ਼ਿਸ਼ ਕਰਨ ਲੱਗਾ ਤੇ ਹਰ ਹਫ਼ਤੇ ਇੱਕ ਪਉੜੀ ਕੰਠ ਵੀ ਕਰ ਲਵੇ। ਲੰਮੀਆਂ ਪਉੜੀਆਂ ਤੇ ਦੋ-ਦੋ, ਤਿੰਨ-ਤਿੰਨ ਹਫ਼ਤੇ ਲਗਦੇ ਸਨ, ਪਰ ਸਾਲ ਭਰ ਵਿੱਚ ਉਸ ਨੇ ਸਾਰਾ ਜਪੁ ਜੀ ਸਾਹਿਬ ਕੰਠ ਕਰ ਲਿਆ ਸੀ ।

ਹੁਣ ਉਹ ਮੇਰੇ ਦਾਦਾ ਜੀ ਪਾਸੋਂ ਇਸ ਬਾਣੀ ਦੇ ਅਰਥ ਸਮਝਣ ਆਉਂਦਾ ਸੀ, ਹਰ ਰੋਜ਼ ਬੜੇ ਨੇਮ ਨਾਲ । ਫਿਰ ਉਹ ਬਿਮਾਰ ਹੋ ਗਿਆ ਤੇ ਕਈ ਦਿਨ ਆਇਆ ਨਾ। ਮੇਰੇ ਦਾਦਾ ਜੀ ਉਸ ਨੂੰ ਵੇਖਣ ਚਲੇ ਗਏ। ਉਸ ਨੂੰ ਦੋ-ਤਿੰਨ ਦਿਨ ਤੋਂ ਬੁਖ਼ਾਰ ਚੜ੍ਹਦਾ ਰਿਹਾ ਸੀ, ਪਰ ਹੁਣ ਉਤਰਦਾ ਜਾਪਦਾ ਸੀ।

ਮੇਰੇ ਦਾਦਾ ਜੀ ਉਸ ਦੇ ਪਾਸ ਉਸੇ ਦੇ ਮੰਜੇ 'ਤੇ ਬੈਠ ਗਏ। ਉਹ ਕਹਿਣ ਲੱਗਾ, "ਮੇਰਾ ਜੀ ਕਰਦੈ ਹੁਣ ਮੈਂ ਖੇਤੀ ਦਾ ਕੰਮ ਬੱਚਿਆਂ ਦੇ ਸਪੁਰਦ ਕਰ ਦਿਆਂ ਤੇ ਆਪ ਅਟੰਕ ਹੋ ਕੇ ਬਹਿ ਜਾਵਾਂ।" ਮੇਰੇ ਦਾਦਾ ਜੀ ਕਹਿਣ ਲੱਗੇ, "ਭਾਈ ਸਵਰਨ ਸਿੰਘ ਜੀ, ਬੱਚੇ ਤੁਹਾਡੇ ਵੱਡੇ ਹੋ ਗਏ ਹਨ, ਕੰਮ ਸਾਂਭ ਲੈਣਗੇ, ਬੇਸ਼ੱਕ ਉਹਨਾਂ ਨੂੰ ਦੇ ਦਿਓ, ਪਰ ਆਪ ਅਟੰਕ ਹੋ ਕੇ ਬਹਿ ਜਾਣ ਦਾ ਕੰਮ ਨਾ ਕਰਨਾ। ਬੈਠ ਨਹੀਂ ਜਾਣਾ। **ਤੁਹਾਡੇ ਅੰਦਰ ਵੀ ਇਕ ਖੇਤੀ ਹੈ, ਉਸ ਵਿੱਚ ਧਿਆਨ ਦੀ ਨੋਕ ਨਾਲ ਸਿਆੜਾਂ ਕੱਢਣੀਆਂ ਤੇ ਫਿਰ ਨਾਮ ਦਾ ਬੀਜ ਪਾ ਕੇ ਸੰਤੋਖ ਨਾਲ ਸਿੰਜਣਾ। ਫਿਰ ਜੋ ਫਲ ਲੱਗੇਗਾ ਉਹ ਸਾਂਭਿਆ ਨਹੀਂ ਜਾਵੇਗਾ।"**

ਦੋ-ਤਿੰਨ ਸਾਲ ਗੁਜ਼ਰ ਗਏ। ਬੱਚਿਆਂ ਨੇ ਬਲਦ ਵੇਚ ਕੇ ਟ੍ਰੈਕਟਰ ਲੈ ਲਿਆ। ਘਰ ਵਿਚ ਲਹਿਰ-ਬਹਿਰ ਹੋ ਗਈ। ਸਵਰਨ ਸਿੰਘ ਅੰਦਰਲੀ ਖੇਤੀ ਵਿੱਚ ਲੱਗਾ ਰਿਹਾ।

ਫਿਰ ਅਸੀਂ ਪਿੰਡ ਛੋੜ ਕੇ ਕੋਇਟਾ ਆ ਗਏ। ਉੱਥੇ ਮੇਰੇ ਦਾਦਾ ਜੀ ਨੇ



ਕਾਰੋਬਾਰ ਸ਼ੁਰੂ ਕੀਤਾ ਸੀ। ਇੱਕ ਦਿਨ ਸ਼ਾਮ ਦਾ ਵੇਲਾ ਸੀ ਕਿ ਸਾਡੇ ਘਰ ਦਾ ਬੂਹਾ ਖੜਕਿਆ। ਮੈਂ ਦਰਵਾਜ਼ਾ ਖੋਲ੍ਹਿਆ, ਤਾਂ ਕੀ ਵੇਖਾਂ ਅੱਗੇ ਸਾਡੇ ਪਿੰਡ ਦਾ ਸਵਰਨ ਸਿੰਘ ਖਲੋਤਾ ਹੈ।ਮੈਂ ਉਸਨੂੰ ਅੰਦਰ ਦਾਦਾ ਜੀ ਪਾਸ ਲੈ ਗਿਆ। ਉਹ ਦਾਦਾ ਜੀ ਦੇ ਚਰਨਾਂ ਕਦਮਾਂ ਵਿੱਚ ਹੀ ਬੈਠ ਗਿਆ ਤੇ ਕਹਿਣ ਲੱਗਾ, "ਜਿਸ ਖੇਤੀ 'ਤੇ ਤੁਸੀਂ ਮੈਨੂੰ ਲਾ ਗਏ ਸਉ, ਉਸਨੂੰ ਫਲ ਪੈ ਗਿਆ ਹੈ। ਮੈਂ ਰਹਿ ਨਹੀਂ ਸਕਿਆ, ਜੀ ਕੀਤਾ ਤੁਹਾਡੇ ਦਰਸ਼ਨ ਕਰ ਆਵਾਂ, ਸੋ ਪਿੰਡੋਂ ਇਸੇ ਲਈ ਇੱਥੇ ਆਇਆ ਹਾਂ।"

ਦਾਦਾ ਜੀ ਨੇ ਪੁੱਛਿਆ, "ਉਸ ਫੁਲਵਾੜੀ ਦਾ ਸਾਰਾ ਹਾਲ ਸੁਣਾ ਜੋ ਤੂੰ ਅੰਦਰ ਲਾਈ ਸੀ।" ਕਹਿਣ ਲੱਗਾ, "ਜਦ ਮੈਂ ਅੰਦਰ ਸਿਆੜਾਂ ਕੱਢਣ ਦਾ ਸੋਚਿਆ ਤਾਂ ਨਾ ਮੈਨੂੰ ਕੋਈ ਧਰਤੀ ਦਿੱਸੇ ਨਾ ਹੱਲ। ਪਰ ਮੈਂ ਧਿਆਨ ਜੋੜੀ ਰੱਖਿਆ।ਤਦ ਮੈਨੂੰ ਧਰਤੀ ਨਹੀਂ, ਅੰਦਰ ਆਕਾਸ਼ ਦਿੱਸਣ ਲੱਗ ਪਿਆ। ਮੈਂ ਸੋਚਿਆ ਇਸੇ ਨੂੰ ਹੀ ਧਰਤੀ ਸਮਝ ਕੇ ਵਾਹ ਲੈਨੇ ਹਾਂ। ਸੋ ਮੈਂ ਧਿਆਨ ਦੀ ਨੋਕ ਨਾਲ ਸਿਆੜਾਂ ਕੱਢਣ ਦਾ ਕੰਮ ਆਰੰਭ ਦਿੱਤਾ। ਮੈਨੂੰ ਓਹੋ ਮਹਿਕ ਆਉਣ ਲੱਗੀ ਜੋ ਬੈਲਾਂ ਨਾਲ ਖੇਤ ਵਿੱਚ ਸਿਆੜਾਂ ਕੱਢਦਿਆਂ ਆਇਆ ਕਰਦੀ ਸੀ।ਫਿਰ ਮੈਂ ਬੀਜ ਪਾਉਣਾ ਸੀ। **ਸੋ ਅੰਦਰ 'ਵਾਹਿਗੁਰੂ' ਬੋਲ ਬੋਲ ਕੇ ਬੀਜ ਵੀ ਪਾਇਆ। ਸੰਤੋਖ ਦੇ ਜਲ ਦੀ ਸਮਝ ਨਾ ਆਈ, ਸੋ ਆਪਣੇ ਹੰਝੂਆਂ ਨਾਲ ਪਾਣੀ ਦੇਣ ਲੱਗ ਪਿਆ। ਜਿਉਂ-ਜਿਉਂ ਹੰਝੂ ਕਿਰਨ ਅੰਦਰੋਂ ਮੈਲ ਸਾਫ਼ ਹੁੰਦੀ ਜਾਵੇ।ਜਿਸ ਅਸਮਾਨ ਨੂੰ ਮੈਂ ਵਾਹੁੰਦਾ ਆਇਆ ਸਾਂ, ਉਹ ਲਿਸ਼ਕ ਪਿਆ, ਅੰਦਰ ਜਗਮਗ-ਜਗਮਗ ਹੋ ਗਈ। ਮੈਂ ਕੀ ਦੱਸਾਂ ਜਿੰਦ ਹੋਰ ਦੀ ਹੋਰ ਹੀ ਹੋ ਗਈ।** ਸਮਝ ਨਾ ਆਵੇ ਕੀ ਹੋ ਰਿਹਾ ਹੈ।ਸੋ ਤੁਹਾਡੇ ਪਾਸ ਚਲਿਆ ਆਇਆ ਹਾਂ, ਪੁੱਛਣ ਵਾਸਤੇ ਕਿ ਇਹ ਕੀ ਹੋ ਰਿਹਾ ਹੈ।"

ਮੇਰੇ ਦਾਦਾ ਜੀ ਨੇ ਉਸਨੂੰ ਗਲੇ ਲਗਾ ਲਿਆ ਤੇ ਕਿਹਾ, "ਗੁਰਮੁਖਾ ਤੇਰੀ ਘਾਲ ਕਬੂਲ ਹੋਈ ਹੈ। ਅੱਜ ਮੈਂ ਇਕ ਤਪਾ ਮੁਸ਼ਕਿਆ ਵੇਖ ਰਿਹਾ ਹਾਂ।"

(1936)

# ਕਾਲੇ ਲਿਖ ਨ ਲੇਖ

ਇਹ ਵਾਕਿਆ ਓਦੋਂ ਦਾ ਹੈ ਜਦ ਕੋਇਟੇ ਦੇ ਭੁਚਾਲ ਤੋਂ ਮਗਰੋਂ ਮੈਂ ਸਿੱਬੀ ਸ਼ਹਿਰ ਦੇ ਗੌਰਮਿੰਟ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਪੜ੍ਹਦਾ ਸਾਂ। ਤਦ ਤਕ ਮੈਨੂੰ ਕਵਿਤਾ ਲਿਖਣ ਦੀ ਚੇਟਕ ਲੱਗ ਗਈ ਸੀ-ਕਵਿਤਾ ਨਹੀਂ, ਤੁਕਬੰਦੀ ਜਿਹੀ। ਉਹ ਵੀ ਉਰਦੂ ਵਿੱਚ ਜੋ ਉੱਥੇ ਪੜ੍ਹਾਈ ਜਾਂਦੀ ਸੀ।

ਸਾਡੀ ਜਮਾਤ ਵਿੱਚ ਇਕ ਮੁੰਡਾ ਸੀ ਜਿਸ ਨੂੰ ਸਾਰੇ ਛੇੜਦੇ ਹੁੰਦੇ ਸਨ। ਮੈਂ ਉਸ ਉੱਪਰ ਇਕ ਨਜ਼ਮ ਲਿਖੀ **ਜਿਸ ਨੂੰ ਹਜੂ ਕਿਹਾ ਜਾ ਸਕਦਾ ਹੈ।** ਉਹ ਮੈਂ ਕਲਾਸ ਵਿੱਚ ਸੁਣਾਈ ਜਦ ਮੁੰਡਾ ਉੱਥੇ ਨਹੀਂ ਸੀ। ਇਕ ਜਮਾਤੀ ਨੇ ਮੈਥੋਂ ਉਹ ਲੈ ਕੇ ਉਸ ਦਾ ਉਤਾਰਾ ਕਰ ਲਿਆ ਤੇ ਮਗਰੋਂ ਉਸ ਮੁੰਡੇ ਨੂੰ ਜਾ ਦਿੱਤਾ। ਉਸ ਨੇ ਅੱਗੋਂ ਉਹ ਵਰਕਾ ਮਾਸਟਰ ਮੌਲਾ ਬਖ਼ਸ਼ ਹੋਰਾਂ ਨੂੰ ਜਾ ਦਿੱਤਾ। ਉਹ ਮਾਸਟਰ ਜੀ ਅਨੁਸ਼ਾਸਨ ਵਜੋਂ ਸਾਰੇ ਸਕੂਲ ਵਿੱਚ ਮੰਨੇ ਹੋਏ ਸਨ। ਉਹ ਵਰਕਾ ਪੜ੍ਹਦਿਆਂ ਹੀ ਉਹਨਾਂ ਮੈਨੂੰ ਸੱਦ ਘੱਲਿਆ। ਮੈਂ ਪਹੁੰਚਿਆ ਤਾਂ ਉਹਨਾਂ ਦੇ ਹੱਥ ਵਿੱਚ ਵਰਕਾ ਦੇਖ ਕੇ ਮੇਰੇ ਤਾਂ ਸੋਤਰ ਸੁੱਕ ਗਏ। ਮਾਸਟਰ ਜੀ ਨੇ ਉਸ ਮੁੰਡੇ ਨੂੰ ਕਿਹਾ, "ਬੇਟਾ! ਤੂੰ ਜਾਹ, ਇਸ ਕਮਬਖ਼ਤ ਨਾਲ ਮੈਂ ਸਿੱਝਦਾ ਹਾਂ।" ਮੈਂ ਨੀਵੀਂ ਪਾਈ ਖਲੋਤਾ ਸਾਂ। ਉਹਨਾਂ ਮੇਰਾ ਮੂੰਹ ਉੱਪਰ ਚੁੱਕਿਆ ਤੇ ਮੈਨੂੰ ਪੁੱਛਿਆ, "ਇਹ ਤੂੰ ਲਿਖਿਐ?" ਮੈਂ ਨੀਵੀਂ ਪਾ ਲਈ ਤੇ ਸਿਰ ਹਿਲਾ ਕੇ "ਹਾਂ" ਵਿੱਚ ਜਵਾਬ ਦੇ ਦਿੱਤਾ। ਮੇਰਾ ਖ਼ਿਆਲ ਸੀ ਕਿ ਇਕ ਤਾੜ ਕਰਦਾ ਤਮਾਚਾ ਉਹ ਤੁਰੰਤ ਮੈਨੂੰ ਰਸੀਦ ਕਰਨਗੇ, ਪਰ ਐਸਾ ਨਾ ਹੋਇਆ; ਸਗੋਂ ਉਹਨਾਂ ਮੇਰੀ ਪਿੱਠ 'ਤੇ ਹੱਥ ਫੇਰਿਆ 'ਤੇ ਬੜੇ ਦਰਦ ਭਰੇ ਲਹਿਜੇ ਨਾਲ ਕਿਹਾ, "ਓਏ ਕਮਬਖ਼ਤਾ! ਅੱਲਾ ਤਾਅਲਾ ਦਾ ਤੇਰੇ 'ਤੇ ਐਡਾ ਕਰਮ ਹੋਇਆ, ਤੈਨੂੰ ਸ਼ਾਇਰੀ ਦੀ ਨਿਆਮਤ ਬਖਸ਼ੀ ਤੇ ਤੂੰ ਕਾਲੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ। **ਤੌਬਾ ਕਰ, ਮੁੜ ਕਦੇ ਕਾਲੇ ਅੱਖਰ ਨਹੀਂ ਲਿਖੇਂਗਾ।"** ਉਦੋਂ ਤੌਬਾ ਦਾ ਮਤਲਬ ਸੱਚਮੁੱਚ ਤੌਬਾ ਹੀ ਹੁੰਦਾ ਸੀ। ਉਸ ਦਿਨ ਦੀ ਤੌਬਾ ਅੱਜ ਤਕ ਨਹੀਂ ਭੁੱਲੀ। ਅਸਲ ਪਛਤਾਵਾ ਹੀ ਮਨ ਦਾ ਸੰਸ਼ੋਧਨ ਕਰਦਾ ਹੈ। ਬਾਲ-ਕਵੀ ਮਨ ਲਈ ਉਹਨਾਂ ਦਾ ਪਿਆਰ-ਉਪਦੇਸ਼ ਪ੍ਰਥਮ-ਕਾਵਿ-ਸੰਥਿਆ ਬਣ ਗਿਆ।

(1937)



# ਮਸਤਕ ਵਿੱਚ ਲਾਲਟੈਨ

ਉਦੋਂ ਸਾਡੇ ਪਿੰਡ ਬਿਜਲੀ ਨਹੀਂ ਸੀ ਆਈ। ਲਾਲਟੈਨ ਜਾਂ ਲੈਂਪ ਹੀ ਜਲਿਆ ਕਰਦੇ ਸਨ। ਸਾਡੇ ਪੜ੍ਹਨ ਵਾਸਤੇ ਸ਼ੇਡ ਵਾਲਾ ਲੈਂਪ ਹੁੰਦਾ ਸੀ। ਬਾਕੀ ਕਮਰਿਆਂ ਵਿੱਚ, ਰਸੋਈ ਵਿੱਚ ਤੇ ਡਿਓਢੀ ਵਿੱਚ ਲਾਲਟੈਨਾਂ ਹੀ ਹੁੰਦੀਆਂ ਸਨ।

ਉਸ ਲੈਂਪ ਦੀ ਤੇ ਉਹਨਾਂ ਲਾਲਟੈਨਾਂ ਦੀਆਂ ਚਿਮਨੀਆਂ ਸਾਫ਼ ਕਰਨ, ਉਹਨਾਂ ਦੀਆਂ ਬੱਤੀਆਂ ਨੂੰ ਕੱਟ ਕੇ ਸਿੱਧਾ ਕਰਨ ਤੇ ਉਹਨਾਂ ਵਿੱਚ ਕੈਰੋਸੀਨ ਪਾਉਣ ਦਾ ਕੰਮ ਮੇਰੇ ਜ਼ਿੰਮੇਂ ਲੱਗਾ ਹੋਇਆ ਸੀ ਤੇ ਮੈਂ ਹੀ ਕਰਦਾ ਸਾਂ । ਕਿਉਂਕਿ ਕਰਨਾ ਪੈਂਦਾ ਸੀ, ਪਰ ਅੰਦਰੋਂ ਦੁਖੀ ਹੋ ਕੇ ਕਰਦਾ ਸੀ। ਕਦੇ-ਕਦੇ ਘੁਸਾਈ ਵੀ ਮਾਰ ਜਾਂਦਾ ਸੀ। ਕਦੇ ਅੱਧੇ-ਪਚੱਧੇ ਕੰਮ ਨਾਲ ਹੀ ਚਲਾ ਲੈਂਦਾ ਸਾਂ।

ਉਸ ਕੰਮ ਵਿੱਚ ਮੇਰੀ ਰੱਤਾ ਜਿੰਨੀ ਵੀ ਰੁਚੀ ਨਹੀਂ ਸੀ। ਹੌਲੀ-ਹੌਲੀ ਇਹ ਰੁਚੀ ਨਫ਼ਰਤ ਵਿੱਚ ਪਰਿਵਰਤਿਤ ਹੋ ਗਈ।

ਇਕ ਦਿਨ ਮੈਂ ਇਸ ਕੰਮ ਲਈ ਬੈਠਾ ਤਾਂ ਅੰਦਰੋਂ ਬੜਾ ਹੀ ਔਖਾ ਮਹਿਸੂਸ ਕਰ ਰਿਹਾ ਸਾਂ। ਜੀ ਕੀਤਾ ਚਿਮਨੀਆਂ ਤੋੜ ਦਿਆਂ। ਫਿਰ ਖ਼ਿਆਲ ਆਇਆ, ਤਦ ਮੈਨੂੰ ਸ਼ੀਸ਼ੇ ਦੀਆਂ ਠੀਕਰੀਆਂ ਤੇ ਕਣੀਆਂ ਵੀ ਸਮੇਟਣੀਆਂ ਪੈਣਗੀਆਂ, ਬਜ਼ਾਰੋਂ ਜਾ ਕੇ ਚਿਮਨੀ ਵੀ ਲਿਆਉਣੀ ਪਵੇਗੀ ਤੇ ਸਾਫ਼ ਵੀ ਕਰਨੀ ਪਵੇਗੀ। ਤਦ ਮੈਂ ਦੜ ਵੱਟ ਕੇ ਬੈਠ ਗਿਆ, ਪਰ ਮੇਰੀਆਂ ਅੱਖਾਂ ਵਿੱਚ ਅੱਥਰੂ ਆਉਣ ਨੂੰ ਫਿਰਦੇ ਸਨ।

ਮੇਰੇ ਸਾਹਮਣੇ ਮੰਜੇ ਤੇ ਮੇਰੇ ਦਾਦਾ ਜੀ ਬੈਠੇ ਹੋਏ ਮਾਲਾ ਫੇਰ ਰਹੇ ਸਨ। ਉਨ੍ਹਾਂ ਦੀ ਪਿੱਠ ਮੇਰੇ ਵੱਲ ਸੀ। ਉਹ ਆਪਣੀ ਮਸਤੀ ਵਿੱਚ ਸਨ ਤੇ ਮੈਂ ਆਪਣੇ ਦੁੱਖ ਵਿੱਚ। ਇਕਾ ਇੱਕ ਮੇਰੇ ਮੂੰਹੋਂ 'ਹਾਏ ਰੱਬਾ' ਨਿਕਲ ਗਿਆ। ਮੇਰੇ ਦਾਦਾ ਜੀ ਨੇ ਪਰਤ ਕੇ ਮੇਰੇ ਵੱਲ ਵੇਖਿਆ। ਮੇਰੀਆਂ ਅੱਖਾਂ ਛਲਕ ਆਈਆਂ ਸਨ।

ਉਹ ਉੱਠੇ, ਮੇਰੇ ਪਾਸ ਆਏ, ਆਪਣੀ ਉਂਗਲੀ ਮੇਰੇ ਮੱਥੇ 'ਤੇ ਰੱਖੀ ਤੇ ਕਿਹਾ, "ਰੱਬ ਨੇ ਸਾਨੂੰ ਖੁਸ਼ ਰਹਿਣ ਲਈ ਭੇਜਿਆ ਹੈ। ਜੇ ਅਸਾਂ ਦੁਖੀ ਰਹਿਣ ਦਾ ਫ਼ੈਸਲਾ ਹੀ ਕਰ ਲਿਆ ਹੈ ਤਾਂ ਉਸ ਦਾ ਕੀ ਕਸੂਰ ਹੈ?" ਮੈਨੂੰ ਇਉਂ ਲੱਗਾ, ਮੇਰੇ ਦਾਦਾ ਜੀ ਨਹੀਂ ਕੋਈ ਪੈਗ਼ੰਬਰ ਬੋਲ ਰਿਹਾ ਹੈ। ਰੱਬ ਦਾ ਪੈਗ਼ਾਮ ਹੀ ਤਾਂ ਸੁਣਾ ਰਹੇ ਸਨ। ਰਤਾ ਕੁ ਚੁੱਪ ਹੋ ਕੇ ਫਿਰ ਬੋਲੇ, "ਪੁੱਤਰ ਮਤ ਸਮਝ ਤੈਨੂੰ

ਵਗਾਰ ਪਾਈ ਗਈ ਹੈ। ਇਹ ਸਮਝ ਕਿ ਰੱਬ ਦੇ ਦਿੱਤੇ ਘਰ ਵਿੱਚ ਜਗਮਗ ਜਗਾਉਣ ਦੀ ਸੇਵਾ ਦਾ ਸੁਭਾਗ ਤੈਨੂੰ ਪ੍ਰਾਪਤ ਹੋਇਆ ਹੈ।"

ਮੈਂ ਹੰਝੂ ਪੂੰਝ ਲਏ, ਦਾਦਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਸਭ ਚਿਮਨੀਆਂ ਇਤਨੀਆਂ ਲਿਸ਼ਕਾ ਦਿੱਤੀਆਂ ਕਿ ਘਰ ਸੱਚਮੁੱਚ ਜਗਮਗ ਕਰਨ ਲੱਗ ਪਿਆ।

ਫਿਰ ਸਾਡੇ ਘਰ ਵੀ ਬਿਜਲੀ ਆ ਗਈ। ਲਾਲਟੈਨਾਂ ਸਮਾਪਤ ਹੋ ਗਈਆਂ, ਪਰ ਜੋ ਲਾਲਟੈਨ ਮੇਰੇ ਦਾਦਾ ਨੇ ਮੇਰੇ ਮਸਤਕ ਵਿੱਚ ਉਜਾਲੀ ਸੀ, ਉਹ ਅੱਜ ਵੀ ਜਗਮਗ ਕਰੀ ਜਾ ਰਹੀ ਹੈ।

(1937)

## ਕੰਮ ਸ਼ੁਰੂ ਕਰੋ, ਤਿਆਰੀ ਮਗਰੋਂ ਹੁੰਦੀ ਰਹੇਗੀ

ਮੇਰੇ ਨਿੱਕੇ ਵੀਰ ਪਰਕਾਸ਼ ਸਿੰਘ ਨੂੰ ਗ੍ਰੰਥ ਸਾਹਿਬ ਦੇ ਚਰਨੀਂ ਲਗਾਉਣ ਲਈ ਮੇਰੇ ਪਿਤਾ ਜੀ ਤਿਆਰੀ ਕਰਾ ਰਹੇ ਸਨ। ਇੱਕ ਦਿਨ ਉਹਨਾਂ ਕਿਹਾ, "ਕਾਕਾ! ਹੁਣ ਤੇਰਾ ਮਹਾਰਾਜ ਦੇ ਚਰਨੀਂ ਲੱਗਣ ਦਾ ਸਮਾਂ ਆ ਗਿਆ ਹੈ।"

ਕਹਿਣ ਲੱਗਾ,"ਪਾਪਾ ਜੀ! ਅਜੇ ਤਿਆਰੀ ਨਹੀਂ ।"

ਪਿਤਾ ਜੀ ਨੇ ਕਿਹਾ, "**ਜੇ ਜ਼ਿੰਦਗੀ ਵਿੱਚ ਕੋਈ ਚੰਗਾ ਕੰਮ ਕਰਨਾ ਹੋਵੇ ਤਾਂ ਪਹਿਲਾਂ ਉਸ ਨੂੰ ਕਰਨਾ ਸ਼ੁਰੂ ਕਰੋ**। ਉਸ ਬਾਰੇ ਪੂਰੀ ਜਾਣਕਾਰੀ ਤੇ ਹੋਰ ਤਿਆਰੀ ਨਾਲ-ਨਾਲ ਆਪੇ ਸ਼ੁਰੂ ਹੋ ਜਾਏਗੀ। ਕੋਈ ਵੀ ਬੰਦਾ ਕੰਮ ਸ਼ੁਰੂ ਕਰਨ ਲੱਗਿਆਂ ਉਸ ਵਿੱਚ ਨਿਪੁੰਨ ਨਹੀਂ ਹੁੰਦਾ। **ਪਰ ਕੰਮ ਕਰਦਿਆਂ-ਕਰਦਿਆਂ ਨਿਪੁੰਨ ਹੋ ਜਾਂਦਾ ਹੈ। ਜੋ ਨਿਪੁੰਨਤਾ ਪਹਿਲਾਂ ਭਾਲਦਾ ਹੈ, ਉਹ ਕੰਮ ਸ਼ੁਰੂ ਹੀ ਨਹੀਂ ਕਰ ਸਕਦਾ।"**

ਪਰਕਾਸ਼ ਸਿੰਘ ਗੁਰੂ ਦੀ ਚਰਨੀਂ ਲੱਗ ਗਿਆ ਤੇ ਨਾ ਕੇਵਲ ਚੰਗਾ ਪਾਠੀ ਹੀ ਬਣ ਗਿਆ, ਸਗੋਂ ਬਾਣੀ ਦਾ ਚੰਗਾ ਵਿਆਖਿਆਕਾਰ ਵੀ ਹੋ ਗਿਆ।

(1938)



## ਸੰਸਾਰ ਬੇਵਿਸਾਹੀ ਨਾਲ ਨਹੀਂ ਚੱਲ ਸਕਦਾ

ਇਹ ਵਾਕਿਆ ਮੇਰੇ ਬਚਪਨ ਦਾ ਹੈ। ਉਦੋਂ ਮੈਂ ਕੋਈ ਬਾਰਾਂ ਤੇਰ੍ਹਾਂ ਕੁ ਵਰ੍ਹਿਆਂ ਦਾ ਸਾਂ। ਅਸੀਂ ਕੋਇਟਾ (ਬਲੋਚਿਸਤਾਨ) ਵਿੱਚ ਰਹਿੰਦੇ ਸਾਂ। ਮੇਰੇ ਬਾਬਾ ਜੀ ਦਾ ਓਥੇ ਤਕੜਾ ਕਾਰੋਬਾਰ ਸੀ ਜੋ ਦੱਖਣ ਵਿੱਚ ਰਿਆਸਤ ਕੱਲਾਤ ਤਕ ਤੇ ਪੱਛਮ ਵਿੱਚ ਈਰਾਨ ਤਕ ਫੈਲਿਆ ਹੋਇਆ ਸੀ। ਕੱਲਾਤ ਦਾ ਬਾਹਰਲਾ ਇਲਾਕਾ ਰੇਗਿਸਤਾਨ ਹੀ ਸੀ। ਓਧਰ ਨਾ ਕੋਈ ਰੇਲ ਜਾਂਦੀ ਸੀ ਨਾ ਕੋਈ ਸੜਕ। ਕੇਵਲ ਊਠਾਂ 'ਤੇ ਹੀ ਆਵਾਜਾਈ ਸੀ ਤੇ ਊਠਾਂ ਵਾਲੇ ਕਾਫ਼ਲੇ ਬਣਾ ਕੇ ਆਇਆ-ਜਾਇਆ ਕਰਦੇ ਸਨ।

ਇੱਕ ਵੇਰਾਂ ਮੇਰੇ ਬਾਬੇ ਨੇ ਰਿਆਸਤ ਕੱਲਾਤ ਦੇ ਖ਼ਾਨ ਨੂੰ ਪੰਜ ਸੌ ਮੁਹਰਾਂ ਭੇਜਣੀਆਂ ਸਨ। ਉਹਨਾਂ ਦਿਨਾਂ ਵਿੱਚ ਅਜੇ ਸੋਨੇ ਦੀਆਂ ਮੋਹਰਾਂ ਦਾ ਸਿੱਕਾ ਚਲਦਾ ਸੀ। ਬਾਬੇ ਨੂੰ ਪਤਾ ਲੱਗਾ ਕਿ ਇਕ ਕਾਫ਼ਲਾ ਓਧਰ ਜਾਣ ਵਾਲਾ ਹੈ। ਸੋ ਬਾਬਾ, ਤੁਰਨ ਲੱਗੇ ਕਾਫ਼ਲੇ ਦੇ ਸਾਲਾਰ ਨੂੰ ਜਾ ਮਿਲਿਆ। ਮੈਂ ਉਦੋਂ ਬਾਬੇ ਦੇ ਨਾਲ ਸਾਂ।

ਬਾਬੇ ਨੇ ਸਾਲਾਰ ਨੂੰ ਕਿਹਾ, "ਮੈਂ ਇਹ ਗੁੱਥੀ ਕੱਲਾਤ ਦੇ ਖ਼ਾਨ ਨੂੰ ਭੇਜਣੀ ਹੈ, ਤੁਸੀਂ ਲੈ ਜਾਓਗੇ?" ਉਸ ਨੇ ਕਿਹਾ, "ਲੈ ਜਾਵਾਂਗਾ।" ਬਾਬੇ ਨੇ ਕਿਹਾ, "ਇਸ ਗੁੱਥੀ ਵਿੱਚ ਪੰਜ ਸੌ ਮੋਹਰਾਂ ਹਨ ਤੇ ਨਾਲ ਖ਼ਾਨ ਵੱਲ ਲਿਖੀ ਹੋਈ ਚਿੱਠੀ ਹੈ। ਇਸ ਵਿੱਚ ਮੈਂ ਲਿਖਿਆ ਹੈ ਕਿ ਦੋ ਮੋਹਰਾਂ ਖ਼ਾਨ ਤੈਨੂੰ ਕਿਰਾਏ ਵਜੋਂ ਦੇ ਦੇਵੇ।"ਬਾਬੇ ਨੇ ਗੁੱਥੀ ਤੇ ਚਿੱਠੀ ਉਸ ਨੂੰ ਫੜਾ ਦਿੱਤੀਆਂ ਤੇ ਘਰ ਵੱਲ ਪਰਤ ਪਿਆ।

ਮੈਂ ਬਾਬੇ ਨੂੰ ਪੁੱਛਿਆ, "ਜਿਸ ਨੂੰ ਤੁਸਾਂ ਮੋਹਰਾਂ ਦਿੱਤੀਆਂ ਹਨ, ਉਸ ਦਾ ਨਾਂ ਪਤਾ ਜਾਣਦੇ ਹੋ?" ਬਾਬੇ ਨੇ ਬੇਪਰਵਾਹੀ ਜਿਹੀ ਨਾਲ ਕਿਹਾ, "ਨਹੀਂ।" ਮੈਂ ਕਿਹਾ, "ਫਿਰ ਤੁਸੀਂ ਪੰਜ ਸੌ ਮੋਹਰਾਂ ਦੀ ਗੁੱਥੀ ਉਸ ਨੂੰ ਪਕੜਾ ਕਿਵੇਂ ਆਏ?"ਬਾਬੇ ਨੇ ਕਿਹਾ, "ਇਤਬਾਰ ਕਰਕੇ।"

ਮੈਂ ਪੁੱਛਿਆ, "ਤੁਸੀਂ ਉਸਨੂੰ ਜਾਣਦੇ ਤਕ ਨਹੀਂ, ਤਾਂ ਇਤਬਾਰ ਕਰ ਲਿਆ। ਤੁਹਾਨੂੰ ਕਿਵੇਂ ਪਤਾ ਹੈ ਉਹ ਤੁਹਾਡੀਆਂ ਮੋਹਰਾਂ ਖ਼ਾਨ ਨੂੰ ਪਹੁੰਚਾ ਦੇਵੇਗਾ?"ਬਾਬਾ ਮੁਸਕਰਾਇਆ ਤੇ ਕਹਿਣ ਲੱਗਾ, "ਮੈਨੂੰ ਉਸ ਦੀਆਂ ਅੱਖਾਂ ਵਿੱਚ ਭਲਮਾਣਸੀ ਝਲਕਦੀ ਪ੍ਰਤੀਤ ਹੋਈ ਸੀ।"

ਮੈਂ ਕਿਹਾ, "ਭਲਮਾਣਸੀ ਪ੍ਰਤੀਤ ਹੋਣ ਵਿੱਚ ਗ਼ਲਤੀ ਵੀ ਤਾਂ ਲੱਗ ਸਕਦੀ ਹੈ।ਆਖ਼ਰ ਪੰਜ ਸੌ ਮੋਹਰਾਂ ਦੀ ਗੱਲ ਹੈ, ਕੋਈ ਛੋਟੀ-ਮੋਟੀ ਰਕਮ ਨਹੀਂ। ਤੁਸਾਂ ਇਤਬਾਰ ਕਿਵੇਂ ਕਰ ਲਿਆ?" ਬਾਬਾ ਕਹਿਣ ਲੱਗਾ, "ਰੱਬ ਆਸਰੇ" ।

ਫਿਰ ਮੈਂ ਬੋਲਿਆ ਨਹੀਂ, ਪਰ ਮੇਰੇ ਦਿਲ ਵਿੱਚੋਂ ਤੌਖਲਾ ਨਹੀਂ ਗਿਆ। ਸੋਚਿਆ, "ਬਾਬੇ ਦੀਆਂ ਮੋਹਰਾਂ ਤਾਂ ਗਈਆਂ।"

ਦੋ ਮਹੀਨੇ ਲੰਘ ਗਏ। ਕਾਫ਼ਲੇ ਵਾਲੇ ਦੀ ਕੋਈ ਕਨਸੋਅ ਨਹੀਂ ਆਈ। ਕਾਫ਼ਲੇ ਆਮ ਤੌਰ 'ਤੇ ਮਹੀਨੇ ਡੇਢ ਮਹੀਨੇ ਵਿੱਚ ਪਰਤ ਆਇਆ ਕਰਦੇ ਸਨ। ਮੈਂ ਬਾਬੇ ਨੂੰ ਪੁੱਛਿਆ, "ਉਹ ਕਾਫ਼ਲੇ ਵਾਲਾ ਪਰਤਿਆ ਨਹੀਂ?" ਕਹਿਣ ਲੱਗੇ, "ਅਜੇ ਨਹੀਂ।"

ਮੈਂ ਕਿਹਾ, "ਬਾਬਾ ਪਤਾ ਨਹੀਂ ਉਹ ਕਾਫ਼ਲਾ ਪਰਤੇਗਾ ਵੀ ਜਾਂ ਨਹੀਂ—ਤੇ ਜੇ ਪਰਤਿਆ ਵੀ ਤਾਂ ਉਹ ਬੰਦਾ ਤੁਹਾਨੂੰ ਮਿਲੇਗਾ ਵੀ ਜਾਂ ਨਹੀਂ। ਉਸਨੂੰ ਤਾਂ ਤੁਸਾਂ ਆਪਣਾ ਨਾਂ ਪਤਾ ਵੀ ਦੱਸਿਆ ਹੋਇਆ।" ਬਾਬਾ ਫੇਰ ਮੁਸਕਰਾਇਆ ਤੇ ਕਹਿਣ ਲੱਗਾ, "ਉਹ ਖ਼ਾਨ ਉਸ ਨੂੰ ਦੱਸ ਦੇਵੇਗਾ।" ਮੈਂ ਦਿਲ ਵਿੱਚ ਸੋਚਿਆ ਬਾਬਾ ਬੜਾ ਹੀ ਝਬਯਕੀਨਾ ਮਨੁੱਖ ਹੈ। ਇਕ ਮਹੀਨਾ ਹੋਰ ਲੰਘ ਗਿਆ, ਉਸ ਬੰਦੇ ਦੀ ਕੋਈ ਉੱਘ-ਸੁੱਘ ਨਾ ਆਈ। ਮੈਨੂੰ ਯਕੀਨ ਹੋ ਗਿਆ ਕਿ ਸਾਡੀਆਂ ਮੋਹਰਾਂ ਤਾਂ ਗਈਆਂ।

ਤਦ ਇਕ ਦਿਨ ਮੈਂ ਘਰ ਬੈਠਾ ਸਾਂ ਤਾਂ ਲੌਢੇ ਵੇਲੇ ਸਾਡੇ ਘਰ ਦਾ ਬੂਹਾ ਕਿਸੇ ਖੜਕਾਇਆ।ਮੈਂ ਬੂਹਾ ਖੋਲ੍ਹਿਆ ਤਾਂ ਕਾਫ਼ਲੇ ਵਾਲਾ ਆਦਮੀ ਖੜ੍ਹਾ ਸੀ। ਕਹਿਣ ਲੱਗਾ, "ਸਰਦਾਰ ਜੀ ਹੈ?" ਮੈਂ ਉਸ ਦੀਆਂ ਅੱਖਾਂ ਵਿੱਚ ਵੇਖਣ ਦਾ ਸਾਹਸ ਨਾ ਕਰ ਸਕਿਆ। ਉਸ ਦਾ ਹੱਥ ਫੜ ਕੇ ਅੰਦਰ ਲੈ ਆਇਆ ਤੇ ਬੈਠਕ ਵਿੱਚ ਬਿਠਾ ਕੇ ਬਾਬੇ ਨੂੰ ਅੰਦਰੋਂ ਉਹਨਾਂ ਦੇ ਕਮਰੇ ਵਿੱਚੋਂ ਲੈ ਆਂਦਾ।

ਬਾਬਾ ਆਇਆ ਤਾਂ ਉਸ ਬੰਦੇ ਨੇ ਝੁਕ ਕੇ ਬਾਬੇ ਨੂੰ ਪੰਜ ਵਾਰ ਸਲਾਮ ਕੀਤਾ ਤੇ ਕਿਹਾ, "ਤੇਰੀ ਚਿੱਠੀ ਨੂੰ ਖ਼ਾਨ ਨੇ ਆਪਣੇ ਸਿਰ ਨਾਲ ਲਾਇਆ, ਅੱਖਾਂ ਨਾਲ ਲਾਇਆ ਤੇ ਫਿਰ ਪੜ੍ਹਿਆ।ਤੁਸਾਂ ਦੋ ਮੋਹਰਾਂ ਮੈਨੂੰ ਦੇਣ ਲਈ ਉਸ ਚਿੱਠੀ ਵਿੱਚ ਲਿਖਿਆ ਸੀ, ਖ਼ਾਨ ਨੇ ਮੈਨੂੰ ਪੰਜ ਮੋਹਰਾਂ ਦਿੱਤੀਆਂ ਤੇ ਕਿਹਾ ਤੂੰ ਮੇਰੇ ਦੋਸਤ ਦਾ ਪੈਗ਼ਾਮ ਲਿਆਇਆ ਹੈਂ।"ਬਾਬੇ ਨੇ ਉਸ ਦੀ ਪਿੱਠ 'ਤੇ ਹੱਥ ਫੇਰਿਆ ਤੇ ਕਿਹਾ, "ਖ਼ੁਦਾ ਤੇਰਾ ਸਦਾ ਮੁਹਾਫਜ਼ ਹੋਵੇ।" ਤਦ ਉਹ ਕਹਿਣ ਲੱਗਾ, "ਖ਼ਾਨ ਨੇ ਤੁਹਾਡੇ ਵਾਸਤੇ ਕੁਝ ਤੋਹਫ਼ੇ ਭੇਜੇ ਹਨ; ਬਾਹਰ ਛਕੜੇ 'ਤੇ ਪਏ ਹਨ, ਅੰਦਰ ਮੰਗਵਾ ਲਉ।"

ਸ਼ਰਮ ਨਾਲ ਮੇਰੀਆਂ ਅੱਖਾਂ ਝੁੱਕ ਗਈਆਂ। ਬਾਬੇ ਨੇ ਵੇਖ ਲਿਆ, ਮੈਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ, **"ਪੁੱਤਰ ਸੰਸਾਰ ਵਿਸਾਹ ਕੀਤਿਆਂ ਹੀ ਚੱਲ ਸਕਦਾ ਹੈ, ਬੇਵਿਸਾਹੀ ਨਾਲ ਨਹੀਂ।"** (1938)



## ਸੰਤੋਖ

ਇਹ ਮੇਰੇ ਬਚਪਨ ਦੀ ਗੱਲ ਹੈ। ਅਸਾਂ ਓਦੋਂ ਇਕ ਮੋਟਰਕਾਰ ਖ਼ਰੀਦੀ ਸੀ, ਪਰ ਸਾਡੀ ਫਰਮ ਦੇ ਭਾਗੀਦਾਰਾਂ ਦੀ ਆਪਸ ਵਿੱਚ ਠਨ ਗਈ। ਉਸ ਕਾਰ ਦੀ ਮਾਲਕੀ ਝਗੜੇ ਵਿੱਚ ਪੈ ਗਈ। ਉਹ ਇੱਕ ਖੋਲੇ ਵਿੱਚ ਖੜ੍ਹੀ ਕਰ ਦਿੱਤੀ ਗਈ। ਕਈ ਮਹੀਨੇ ਉੱਥੇ ਖੜ੍ਹੀ ਰਹੀ। ਲੋਕ ਆਪਣਾ ਕੂੜਾ-ਕਰਕਟ ਤੇ ਗੋਹਾ ਆਦਿ ਉਸ ਖੋਲੇ ਵਿੱਚ ਸੁੱਟਣ ਲੱਗ ਗਏ। ਉਹ ਕਾਰ ਕੂੜੇ ਵਿੱਚ ਹੀ ਦੱਬੀ ਗਈ, ਪਰ ਕਚਹਿਰੀ ਵਿੱਚ ਉਸ ਦੀ ਮਾਲਕੀ ਦਾ ਕੋਈ ਫ਼ੈਸਲਾ ਨਾ ਹੋਇਆ।

ਤਦ ਇਕ ਦਿਨ ਉਸ ਦਾ ਫ਼ੈਸਲਾ ਸਾਡੇ ਹੱਕ ਵਿੱਚ ਹੋ ਗਿਆ। ਹੁਣ ਕਾਰ ਨੂੰ ਮਲਬੇ ਹੇਠੋਂ ਕਢਾਉਣ ਦਾ ਤੇ ਉਸ ਨੂੰ ਸਾਫ਼ ਕਰਵਾਉਣ ਦਾ ਕੰਮ ਦਰਪੇਸ਼ ਸੀ। ਪਿਤਾ ਜੀ ਨੇ ਗੁਆਂਢ ਰਹਿੰਦੇ ਬਲੋਚ ਨੂੰ ਉਸ ਦੀ ਝੁੱਗੀ ਵਿੱਚੋਂ ਬੁਲਾਇਆ ਤੇ ਕਿਹਾ, "ਇਸ ਕਾਰ ਨੂੰ ਕੂੜੇ ਹੇਠੋਂ ਕੱਢ ਕੇ ਇਸ ਨੂੰ ਸਾਫ਼ ਕਰਨਾ ਹੈ, ਕਿਤਨੇ ਪੈਸੇ ਲਏਂਗਾ?" ਉਸ ਨੇ ਕਿਹਾ, "ਜਿਤਨੇ ਮੁਨਾਸਬ ਸਮਝੋ,ਦੇ ਦੇਣਾ।"

ਉਹ ਸਵੇਰੇ ਦਸ ਵਜੇ ਲੱਗਾ ਤੇ ਸ਼ਾਮ ਦੇ ਚਾਰ ਵਜੇ ਕਾਰ ਨੂੰ ਕੂੜੇ ਹੇਠੋਂ ਕੱਢ ਕੇ ਧੋ ਕੇ ਤਿਆਰ ਕੀਤਾ। ਪਿਤਾ ਜੀ ਨੇ ਆ ਕੇ ਵੇਖਿਆ ਤੇ ਉਸ ਦੇ ਕੰਮ ਤੇ ਖੁਸ਼ ਹੋ ਕੇ ਉਸ ਨੂੰ ਤਿੰਨ ਰੁਪਏ ਦੇ ਦਿੱਤੇ। ਉਹ ਪ੍ਰਸੰਨ ਹੋ ਕੇ ਚਲਾ ਗਿਆ। ਫਿਰ ਉਹਨਾਂ ਸੋਚਿਆ, "ਅੰਦਰੋਂ ਵੀ ਸਾਫ਼ ਕਰਵਾ ਲਈਏ।" ਉਸ ਨੂੰ ਬੁਲਾ ਕੇ ਕਾਰ ਨੂੰ ਅੰਦਰੋਂ ਸਾਫ਼ ਕਰਵਾ ਲਿਆ। ਪੁੱਛਿਆ, "ਅੰਦਰੋਂ ਸਾਫ਼ ਕਰਨ ਦਾ ਕੀ ਦਿਆਂ?" ਕਹਿਣ ਲੱਗਾ, "ਤੁਸਾਂ ਅੱਗੇ ਹੀ ਤਿੰਨ ਰੁਪਏ ਦੇ ਦਿੱਤੇ ਹਨ। ਇਹ ਮੇਰੀਆਂ ਅੱਜ ਦੀਆਂ ਲੋੜਾਂ ਲਈ ਬਹੁਤ ਹਨ। ਮੈਨੂੰ ਹੋਰ ਪੈਸੇ ਨਹੀਂ ਚਾਹੀਦੇ।"ਪਿਤਾ ਜੀ ਦੇ ਦਿਲ 'ਤੇ ਉਸ ਦੇ ਏਡੇ ਸੰਤੋਖੀ ਹੋਣ ਦਾ ਬੜਾ ਅਸਰ ਹੋਇਆ।

ਉਸੇ ਦਿਨ ਵਿਰੋਧੀ ਧੜੇ ਨੇ ਹਾਈਕੋਰਟ ਵਿੱਚ ਅਪੀਲ ਕਰ ਦਿੱਤੀ। ਪਿਤਾ ਜੀ ਨੇ ਸੋਚਿਆ, ਜੇ ਇਹ ਕੰਮੀ ਤਿੰਨ ਰੁਪਏ ਵਿੱਚ ਸੰਤੋਖ ਕਰ ਸਕਦਾ ਹੈ ਤਾਂ ਮੈਂ ਹਜ਼ਾਰਾਂ ਤੇ ਕਿਉਂ ਨਹੀਂ।ਇਸ ਕਾਰ ਖੁਣੋਂ ਮੇਰਾ ਕੀ ਘਟ ਚਲਿਐ? ਸੋ ਉਹਨਾਂ ਅਗਲੀ ਪੇਸ਼ੀ ਤੇ ਕਚਹਿਰੀ ਜਾ ਕੇ ਕਹਿ ਦਿੱਤਾ, "ਮੈਂ ਇਸ ਕਾਰ ਦੀ ਮਾਲਕੀ ਦਾ ਦਾਅਵਾ ਛੱਡਦਾ ਹਾਂ।"

## ਅਸਲ ਵਿਦਿਆ

ਤਦ ਮੈਂ ਅਠਵੀਂ ਜਮਾਤ ਵਿੱਚ ਪੜ੍ਹਦਾ ਸਾਂ।ਰਾਤ ਸੌਣ ਲੱਗਿਆਂ ਮੈਂ ਪੰਜ-ਸੱਤ ਮਿੰਟ ਲਾ ਕੇ ਸੋਚਦਾ ਸਾਂ ਕਿ ਸਕੂਲੋਂ ਮਿਲਿਆ ਸਾਰਾ ਕੰਮ ਖ਼ਤਮ ਹੋ ਗਿਆ ਕਿ ਨਹੀਂ। ਫਿਰ ਸਕੂਲ ਦੀ ਕੋਈ ਕਿਤਾਬ ਕੱਢ ਕੇ ਅਗਲੇ ਦਿਨ ਪੜ੍ਹਾਏ ਜਾਣ ਵਾਲੇ ਸਬਕ ਨੂੰ ਪਹਿਲਾਂ ਵੇਖ ਲੈਂਦਾ ਸਾਂ। ਫਿਰ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਂ ਜਾਂਦਾ ਸਾਂ।

ਇੱਕ ਰਾਤ ਮੈਂ ਅਗਲੇ ਦਿਨ ਦੇ ਭੂਗੋਲ ਦਾ ਸਬਕ ਪੜ੍ਹ ਰਿਹਾ ਸਾਂ, ਜਦ ਪਿਤਾ ਜੀ ਆਏ ਤੇ ਮੈਨੂੰ ਪੁੱਛਣ ਲੱਗੇ, ‘ਬੇਟਾ, ਕੀ ਪੜ੍ਹ ਰਹੇ ਹੋ?” ਮੈਂ ਦੱਸਿਆ, “ਭੂਗੋਲ ਪੜ੍ਹ ਰਿਹਾ ਹਾਂ।” ਕਹਿਣ ਲੱਗੇ, “ਬੜੀ ਚੰਗੀ ਗੱਲ ਕਰ ਰਹੇ ਹੋ।ਪਰ, ਮੇਰੇ ਪਾਸ ਇਕ ਸਲਾਹ ਹੈ, ਜੇ ਕਹੋ ਤਾਂ ਦੱਸਾਂ?”ਮੈਂ ਕਿਹਾ, “ਤੁਹਾਡੀ ਸਲਾਹ ਮੇਰੇ ਵਾਸਤੇ ਹੁਕਮ ਹੋਵੇਗੀ, ਜ਼ਰੂਰ ਦੱਸੋ।” ਉਹ ਕਹਿਣ ਲੱਗੇ, “ਰਾਤ ਸੌਣ ਤੋਂ ਪਹਿਲਾਂ ਘੱਟੋ-ਘੱਟ ਵੀਹ-ਪੰਝੀ ਮਿੰਟ ਕੋਈ ਐਸੀ ਚੀਜ਼ ਪੜ੍ਹਨਾ ਜੋ ਤੁਹਾਡੀ ਪਾਠ-ਪੁਸਤਕ ਵਿੱਚ ਨਾ ਹੋਵੇ। ਜੇਕਰ ਮੇਰੀ ਇਸ ਸਲਾਹ ’ਤੇ ਅਮਲ ਕਰੋਗੇ, ਤਾਂ ਇਕ ਦਿਨ ਬੜੇ ਵਿਦਵਾਨ ਹੋ ਜਾਓਗੇ।”

ਮੈਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਅਸਲ ਵਿਦਿਆ ਤਾਂ ਸਕੂਲ ਦੀਆਂ ਪਾਠ-ਪੁਸਤਕਾਂ ਤੋਂ ਬਾਹਰ ਹੈ, ਮੇਰੇ ਪਿਤਾ ਜੀ ਉਸ ਵੱਲ ਮੈਨੂੰ ਰੁਚਿਤ ਕਰਨਾ ਚਾਹੁੰਦੇ ਹਨ। ਮੈਂ ਇਹ ਵਿਚਾਰ ਉਨ੍ਹਾਂ ਨਾਲ ਸਾਂਝਾ ਕੀਤਾ ਤੇ ਉਹ ਮੁਸਕਰਾ ਕੇ ਕਹਿਣ ਲੱਗੇ, **“ਅਸਲ ਵਿੱਦਿਆ ਉਹ ਹੁੰਦੀ ਹੈ ਜੋ ਓਦੋਂ ਵੀ ਤੁਹਾਡੇ ਪਾਸ ਰਹਿੰਦੀ ਹੈ ਜਦੋਂ ਪਾਠ-ਪੁਸਤਕ ਵਿੱਚੋਂ ਪੜ੍ਹਿਆ ਹੋਇਆ ਭੁੱਲ ਵੀ ਜਾਵੇ।”**

ਉਹਨਾਂ ਦੀ ਇਹ ਸਲਾਹ ਮੈਂ ਹਮੇਸ਼ਾ ਲਈ ਆਪਣੇ ਅੰਦਰ ਵਸਾ ਲਈ।

(1938)

## ਇਕ ਵਿਚਿੱਤਰ ਕਬਾੜੀ

ਕੋਇਟੇ ਕਬਾੜੀ ਬਾਜ਼ਾਰ ਵਿੱਚ ਇੱਕ ਬੁੱਢਾ ਕਬਾੜੀ ਸੀ, ਜੋ ਕੇਵਲ ਕਿਤਾਬਾਂ ਹੀ ਰੱਖਦਾ ਸੀ। ਰਹਿੰਦਾ ਸਾਮਾਨ ਉਹ ਹੋਰ ਕਬਾੜੀਆਂ ਪਾਸ ਵੇਚ ਦੇਂਦਾ ਸੀ; ਕਿਤਾਬਾਂ ਸਜਾ ਕੇ ਆਪਣੀ ਦੁਕਾਨ ਦੇ ਸ਼ੈਲਫਾਂ ਉੱਪਰ ਰੱਖ ਲੈਂਦਾ ਸੀ। ਰੋਜ਼ ਉਹਨਾਂ ਨੂੰ ਝਾੜਦਾ, ਪਾਟੀਆਂ ਹੋਈਆਂ ਦੀ ਮੁਰੰਮਤ ਕਰਦਾ, ਜਿਲਦਾਂ ਬੰਨ੍ਹਦਾ ਤੇ ਕਈਆਂ ਨੂੰ ਅੰਗੀਆਂ ਵੀ ਪਹਿਨਾਉਂਦਾ। ਕਿਤਾਬਾਂ ਉਹ ਆਮ ਕਰ ਕੇ ਵੇਚਦਾ ਨਹੀਂ ਸੀ, ਜਦ ਤਕ ਉਸਨੂੰ ਇਹ ਯਕੀਨ ਨਾ ਹੋ ਜਾਵੇ ਕਿ ਲੈਣ ਵਾਲਾ



ਸੱਚਮੁੱਚ ਪੜ੍ਹਨ ਵਾਲਾ ਵਿਅਕਤੀ ਹੈ।

ਇਉਂ ਹਜ਼ਾਰਾਂ ਕਿਤਾਬਾਂ ਦੀ ਲਾਇਬ੍ਰੇਰੀ ਉਸ ਨੇ ਜੋੜ ਰੱਖੀ ਸੀ। ਉਸ ਬਾਰੇ ਸਾਰੇ ਸ਼ਹਿਰ ਵਿੱਚ ਚਰਚਾ ਹੋਣ ਲੱਗ ਪਈ ਸੀ। ਮੈਂ ਉਦੋਂ ਨੌਵੀਂ ਜਮਾਤ ਵਿੱਚ ਪੜ੍ਹਦਾ ਸਾਂ। ਮੇਰਾ ਜੀ ਕੀਤਾ ਮੈਂ ਉਸ ਕਬਾੜੀ ਨੂੰ ਮਿਲ ਕੇ ਆਵਾਂ।

ਮੈਂ ਚਲਾ ਗਿਆ। ਬਿਰਧ ਕਬਾੜੀ ਦੁਕਾਨ ਵਿੱਚ ਇਕ ਤਖ਼ਤਪੋਸ਼ ’ਤੇ ਬੈਠਾ ਹੋਇਆ ਸੀ। ਦੁਕਾਨ ਦੇ ਅੰਦਰ ਸ਼ੈਲਫ ਹੀ ਸ਼ੈਲਫ ਸਨ, ਜਿਨ੍ਹਾਂ ਉੱਪਰ ਕਿਤਾਬਾਂ ਬੜੇ ਸਲੀਕੇ ਨਾਲ ਜੋੜੀਆਂ ਹੋਈਆਂ ਸਨ। ਮੈਂ ਬਾਬੇ ਨੂੰ ਸਲਾਮ ਆਖਿਆ। ਬਾਬੇ ਨੇ ਕਿਹਾ, “ਪੁੱਤਰ ਤੂੰ ਇੱਥੇ ਕੀ ਲੈਣ ਆਇਆ ਏਂ?” ਮੈਂ ਕਿਹਾ, “ਬਾਬਾ, ਕਿਤਾਬਾਂ ਦੇਖਣ ਆਇਆਂ।”

“ਦੇਖਣ ਹੀ ਕਿ ਪੜ੍ਹਨ ਵੀ?”

“ਬਾਬਾ ਪੜ੍ਹਨ ਤੋਂ ਪਹਿਲਾਂ ਦੇਖਣਾ ਤਾਂ ਪਵੇਗਾ ਹੀ।”

“ਦੇਖ ਕੇ ਤੈਨੂੰ ਕੀ ਪਤਾ ਲੱਗੇਗਾ?”

“ਪਹਿਲਾਂ ਤਾਂ ਕਿਤਾਬਾਂ ਦਾ ਨਾਮ। ਦਿਲਚਸਪ ਹੈ ਕਿ ਨਹੀਂ। ਫਿਰ ਖੋਲ੍ਹਾਂਗਾ, ਵੇਖਾਂਗਾ ਸਮਝ ਆਉਣ ਵਾਲੀ ਹੈ ਕਿ ਨਹੀਂ, ਕਿ ਮੇਰੇ ਸਿਰ ਉੱਪਰੋਂ ਹੀ ਲੰਘ ਜਾਣ ਵਾਲੀ ਹੈ। ਜੇ ਸਮਝ ਆਈ, ਤਾਂ ਦੋ ਤਿੰਨ ਸਫੇ ਪੜ੍ਹ ਲਵਾਂਗਾ, ਵੇਖਾਂਗਾ ਕਿ ਉਸ ਵਿਚਲਾ ਮਜ਼ਮੂਨ ਮੇਰੇ ਮਤਲਬ ਦਾ ਜਾਂ ਮੇਰੀ ਦਿਲਚਸਪੀ ਦਾ ਹੈ ਕਿ ਨਹੀਂ। ਫਿਰ ਉਸ ਦਾ ਮੁੱਲ ਪੁੱਛਾਂਗਾ, ਜੇਕਰ ਮੈਂ ਦੇ ਸਕਦਾ ਹੋਵਾਂਗਾ ਤੇ ਕਿਤਾਬ ਮੇਰੇ ਪਸੰਦ ਦੀ ਹੋਈ ਤਾਂ ਖ਼ਰੀਦ ਲਵਾਂਗਾ।”

ਬਿਰਧ ਬਾਬਾ ਮੁਸਕਰਾ ਪਿਆ। ਪਿੱਠ ਮੇਰੀ ’ਤੇ ਹੱਥ ਫੇਰ ਕੇ ਆਖਣ ਲੱਗਾ, “ਸ਼ੁਕਰ ਹੈ, ਅੱਜ ਕਈ ਦਿਨਾਂ ਬਾਅਦ ਕੋਈ ਪੜ੍ਹਨ ਵਾਲਾ ਆਇਆ ਏ। ਮੈਂ ਤਾਂ ਕਈਆਂ ਨੂੰ ਝਾੜ ਕੇ ਦੁਕਾਨ ਵਿੱਚੋਂ ਕੱਢ ਚੁੱਕਾ ਹਾਂ। ਐਵੇਂ ਆ ਵੜਦੇ ਨੇ।” ਰਤਾ ਕੁ ਰੁਕ ਕੇ ਫਿਰ ਕਹਿਣ ਲੱਗਾ, “ਔਹ ਇਕ ਟਾਰਚ ਪਈ ਹੈ, ਨਾਲ ਲੈ ਜਾਓ। ਅੰਦਰ ਜਗਾ ਕੇ ਕਿਤਾਬਾਂ ਵੇਖ ਲਓ, ਜੋ ਕੋਈ ਪਸੰਦ ਆਈ ਲੈ ਆਉਣਾ।”

ਮੈਂ ਅੰਦਰ ਚਲਾ ਗਿਆ। ਕਿਤਾਬਾਂ ਵੇਖਦਾ ਰਿਹਾ। ਕਿਸੇ-ਕਿਸੇ ਨੂੰ ਖੋਲ੍ਹ ਕੇ ਪੜ੍ਹਦਾ ਵੀ ਰਿਹਾ। ਜੋ ਪਸੰਦ ਨਾ ਆਈ ਵਾਪਸ ਉਸ ਦੀ ਥਾਂ ਤੇ ਰੱਖ ਦੇਂਦਾ ਰਿਹਾ। ਆਖਿਰ ਇਕ ਛੋਟੀ ਜਿਹੀ ਕਿਤਾਬ ਲੈ ਕੇ ਬਾਬੇ ਦੇ ਹੱਥ ਵਿੱਚ ਆ ਦਿੱਤੀ। “ਬਾਬਾ ਜੀ, ਇਸ ਦੇ ਕਿਤਨੇ ਪੈਸੇ?”

ਬਾਬੇ ਨੇ ਕਿਤਾਬ ਵੇਖੀ। ਉਸ ਦਾ ਨਾਮ “Is There a God?”

(ਕੀ ਕੋਈ ਰੱਬ ਹੈ ਵੀ?- ਬਾਬਾ ਮੁਸਕਰਾਇਆ ਤੇ ਕਹਿਣ ਲੱਗਾ, "ਬੇਟਾ ਇਹ ਕਿਤਾਬ ਕਿਉਂ ਚੁੱਕ ਲਿਆਇਆਂ ਏ?"

ਮੈਂ ਕਿਹਾ, "ਕੀ ਪਤਾ ਇਹ ਰੱਬ ਦੇ ਦੀਦਾਰ ਕਰਾ ਦੇਵੇ।"

ਬਾਬੇ ਦੀਆਂ ਅੱਖਾਂ ਵਿੱਚ ਹੰਝੂ ਉੱਤਰ ਗਏ। ਉਸਨੇ ਘੁੱਟ ਕੇ ਮੈਨੂੰ ਛਾਤੀ ਨਾਲ ਲਾ ਲਿਆ ਤੇ ਕਿਹਾ, "ਇਸ ਪੁਸਤਕ ਦਾ ਕੋਈ ਮੁੱਲ ਨਹੀਂ। ਇਸ ਬੁੱਢੇ ਵੱਲੋਂ ਤੈਨੂੰ ਇਹ ਪਿਆਰ ਭੇਂਟ ਹੈ। ਪਰ ਯਾਦ ਰੱਖੀਂ '**ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥**" (ਅੰ: ੧੪੮)

ਉਸ ਤੋਂ ਬਾਅਦ ਮੈਂ ਕਈ ਵਾਰ ਬਾਬੇ ਦੀ ਦੁਕਾਨ 'ਤੇ ਗਿਆ। ਕਿਸੇ ਕਿਤਾਬ ਦਾ ਉਸ ਨੇ ਮੇਰੇ ਪਾਸੋਂ ਇਕ ਆਨੇ ਤੋਂ ਵੱਧ ਮੁੱਲ ਕਦੇ ਨਾ ਲਿਆ। ਬਾਬੇ ਨੂੰ ਮਿਲਿਆਂ ਅੱਜ ਸੱਤਰ ਵਰ੍ਹੇ ਬੀਤ ਗਏ ਹਨ। ਉਸ ਦਾ ਚਿਹਰਾ, ਉਸ ਚਿਹਰੇ ਦਾ ਜਲਾਲ ਤੇ ਉਸ ਦੇ ਬੋਲ ਅੱਜ ਵੀ ਮੈਨੂੰ ਕੱਲ੍ਹ ਵਾਗੂੰ ਚੇਤੇ ਹਨ।

(1939)

## ਚਤੁਰਾਈ ਨਹੀਂ, ਬਿਬੇਕ

ਮੈਟ੍ਰਿਕ ਦਾ ਇਮਤਿਹਾਨ ਹੋ ਕੇ ਹਟਿਆ ਸੀ। ਅਜੇ ਨਤੀਜਾ ਨਹੀਂ ਸੀ ਨਿਕਲਿਆ। ਅਸੀਂ ਲੋਕ ਵਿਹਲੇ ਹੋਏ ਹੋਏ ਸਾਂ। ਸਾਡੀ ਪੰਜਾਂ ਜਣਿਆਂ ਦੀ ਢਾਣੀ ਹੁੰਦੀ ਸੀ। ਮੈਥੋਂ ਛੁੱਟ, ਉਸ ਢਾਣੀ ਵਿੱਚ ਬਲਦੇਵ ਸਿੰਘ, ਵਜ਼ੀਰ ਚੰਦ, ਠਾਕੁਰ ਸਿੰਘ ਤੇ ਬੰਸੀ ਲਾਲ ਸਨ। ਅਸੀਂ ਪੰਜੇ ਲਾਇਬ੍ਰੇਰੀ ਜਾਂਦੇ ਤੇ ਉੱਥੇ ਕੁਝ ਨਾ ਕੁਝ ਪੜ੍ਹ ਆਇਆ ਕਰਦੇ ਸਾਂ।

ਇਕ ਦਿਨ ਲਾਇਬ੍ਰੇਰੀ ਤੋਂ ਬਾਅਦ ਸਾਰੇ ਸਾਡੇ ਘਰ ਆ ਗਏ। ਪਿਤਾ ਜੀ ਵੀ ਉਸ ਵੇਲੇ ਘਰੇ ਸਨ। ਅਸੀਂ ਉਨ੍ਹਾਂ ਨੂੰ ਪ੍ਰਣਾਮ ਕਰ ਕੇ ਖਾਣੇ ਵਾਲੇ ਮੇਜ਼ ਦੀਆਂ ਕੁਰਸੀਆਂ ਉੱਪਰ ਬੈਠ ਗਏ। ਗੱਲਾਂ ਗੱਪਾਂ ਸ਼ੁਰੂ ਹੋ ਗਈਆਂ।

ਬਲਦੇਵ ਸਿੰਘ ਸਾਡੇ ਵਿੱਚੋਂ ਰਤਾ ਗੰਭੀਰ ਸੁਭਾਅ ਵਾਲਾ ਸੀ। ਉਹ ਲਾਇਬ੍ਰੇਰੀ ਵਿੱਚ ਇਕ ਲੇਖ ਪੜ੍ਹ ਕੇ ਆਇਆ ਸੀ ਤੇ ਉਸ ਬਾਰੇ ਦੱਸਣ ਲੱਗਾ, "ਬੜਾ ਵਧੀਆ ਲੇਖ ਸੀ। ਉਸ ਵਿੱਚ ਜ਼ਿੰਮੇਵਾਰੀ ਦੀ ਗੱਲ ਕੀਤੀ ਸੀ। ਉਸ ਵਿੱਚ ਦੱਸਿਆ ਹੋਇਆ ਕਿ ਕਿਵੇਂ ਜ਼ਿੰਮੇਵਾਰ ਮਨੁੱਖ ਭਰੋਸੇਯੋਗ ਤੇ ਨੈਤਿਕ ਆਚਰਣ ਵਾਲਾ ਹੁੰਦਾ ਹੈ।" ਤਦ ਮੈਂ ਉਸਨੂੰ ਪੁੱਛਿਆ, "ਕੀ ਜ਼ਿੰਮੇਵਾਰ ਮਨੁੱਖ ਜ਼ਰੂਰੀ ਨੈਤਿਕ ਵੀ ਹੁੰਦਾ ਹੈ? ਹੋ ਸਕਦਾ ਹੈ ਉਹ ਮਾਲਕ ਨੂੰ ਖ਼ੁਸ਼ ਕਰ ਕੇ ਆਪਣੀ ਤਰੱਕੀ ਪੱਕੀ ਕਰਨੀ ਚਾਹੁੰਦਾ ਹੋਵੇ, ਤਦੇ ਕੰਮ ਜ਼ਿੰਮੇਵਾਰੀ ਨਾਲ ਕਰਦਾ



ਹੈ ਜਾਂ ਕੋਈ ਬੱਚਾ ਮਾਪਿਆਂ ਦੇ ਡਰ ਤੋਂ ਜ਼ਿੰਮੇਵਾਰੀ ਨਿਭਾਉਂਦਾ ਹੋਵੇ। ਇਹਨਾਂ ਵਿੱਚ ਨੈਤਿਕਤਾ ਤਾਂ ਕੋਈ ਨਹੀਂ, ਜ਼ਿੰਮੇਵਾਰੀ ਜ਼ਰੂਰ ਹੈ।"

ਵਜ਼ੀਰ ਚੰਦ ਕਹਿਣ ਲੱਗਾ, "ਭਾਵੇਂ ਕੋਈ ਆਪਣੀ ਤਰੱਕੀ ਵਾਸਤੇ ਜ਼ਿੰਮੇਵਾਰੀ ਨਾਲ ਕੰਮ ਕਰੇ ਤੇ ਭਾਵੇਂ ਟੱਬਰ ਦੀ ਖ਼ੁਸ਼ੀ ਖ਼ਾਤਰ, ਦੋਹਾਂ ਗੱਲਾਂ ਵਿੱਚ ਨੈਤਿਕਤਾ ਵੀ ਤਾਂ ਜ਼ਰੂਰ ਹੈ।"

ਮੈਂ ਬੋਲਿਆ, "ਜ਼ਰੂਰੀ ਤਾਂ ਨਹੀਂ। ਹੋ ਸਕਦਾ ਹੈ ਉਹ ਮਾਲਕ ਨੂੰ ਖ਼ੁਸ਼ ਕਰਕੇ ਕਿਸੇ ਐਸੇ ਸਾਥੀ ਨੂੰ ਪਛਾੜਨਾ ਚਾਹੁੰਦਾ ਹੋਵੇ ਜੋ ਇਸਦੇ ਜਿਤਨਾ ਹੀ ਤਰੱਕੀ ਦਾ ਹੱਕਦਾਰ ਹੋਵੇ। ਫਿਰ ਨੈਤਿਕਤਾ ਤਾਂ ਨਹੀਂ, ਖ਼ੁਦਗ਼ਰਜ਼ੀ ਸਪਸ਼ਟ ਵਰਤ ਰਹੀ ਹੋਵੇਗੀ। ਆਪਣੇ ਟੱਬਰ ਦੀ ਖ਼ੁਸ਼ੀ ਚਾਹੁਣ ਵਿੱਚ ਵੀ ਇਕ ਪ੍ਰਕਾਰ ਦੀ ਖ਼ੁਦਗ਼ਰਜ਼ੀ ਹੀ ਤਾਂ ਹੈ।"

ਤਦ ਬੰਸੀ ਲਾਲ ਕਹਿਣ ਲੱਗਾ, "ਜ਼ਿੰਮੇਵਾਰ ਬੰਦਾ ਫ਼ਰਜ਼ ਤਾਂ ਨਿਭਾਉਂਦਾ ਹੈ ਨਾ।ਫ਼ਰਜ਼ ਨਿਭਾਉਣਾ ਨੈਤਿਕਤਾ ਨਹੀਂ ਤਾਂ ਹੋਰ ਕੀ ਹੈ?"

ਮੈਂ ਫਿਰ ਬੋਲਿਆ, "ਕਦੇ ਸੋਚਿਆ ਜੇ, ਫ਼ਰਜ਼ ਹੁੰਦਾ ਕੀ ਹੈ?" ਠਾਕੁਰ ਸਿੰਘ ਜੋ ਹੁਣ ਤਕ ਖ਼ਾਮੋਸ਼ ਬੈਠਾ ਸੀ, ਕਹਿਣ ਲੱਗਾ, "ਫ਼ਰਜ਼ ਦੇ ਲੱਛਣ ਜਿਤਨੇ ਕੁ ਮੈਂ ਸਮਝੇ ਹਨ, ਤੁਹਾਨੂੰ ਦੱਸਦਾ ਹਾਂ।" ਫ਼ਰਜ਼ ਕਰੋ..." ਮੈਂ ਉਸ ਦੀ ਗੱਲ ਵਿੱਚੋਂ ਹੀ ਕੱਟ ਕੇ ਬੋਲਿਆ," 'ਫ਼ਰਜ਼ ਕਰੋ' ਆਖ ਕੇ ਤੂੰ ਫ਼ਰਜ਼ ਦੇ ਅਰਥਾਂ ਦਾ ਘਾਤ ਹੀ ਕਰ ਦਿੱਤਾ ਹੈ।"

ਸਾਰੇ ਹੱਸ ਪਏ। ਇਤਨੇ ਵਿੱਚ ਮੇਰੀ ਭੈਣ ਦਇਆ, ਸਾਡੇ ਲਈ ਚਾਹ ਲੈ ਆਈ ਤੇ ਅਸੀਂ ਚਾਹ ਪੀਣ ਲੱਗ ਪਏ। ਚਾਹ ਤੋਂ ਬਾਅਦ ਮਹਿਫ਼ਲ ਬਰਖ਼ਾਸਤ ਹੋ ਗਈ।

ਜਦ ਉਹ ਸਾਰੇ ਚਲੇ ਗਏ ਤੇ ਮੇਰੇ ਪਿਤਾ ਜੀ ਨੇ ਮੈਨੂੰ ਬੁਲਾ ਕੇ ਆਪਣੇ ਕੋਲ ਬਿਠਾਇਆ ਤੇ ਕਹਿਣ ਲੱਗੇ, "ਮੈਂ ਤੁਸਾਂ ਦੋਸਤਾਂ ਦੀ ਸਾਰੀ ਵਾਰਤਾਲਾਪ ਸੁਣਦਾ ਰਿਹਾ ਹਾਂ। **ਤੂੰ ਹਰ ਕਿਸੇ ਦੀ ਗੱਲ ਕੱਟਣ ਵਿੱਚ ਲੱਗਾ ਰਿਹਾ। ਇਸ ਵਿੱਚ ਤੇਰੀ ਚਾਤੁਰੀ ਤਾਂ ਝਲਕਦੀ ਸੀ, ਸਿਆਣਪ ਨਹੀਂ।** ਚਾਤੁਰੀ ਤੇ ਸਿਆਣਪ ਦੋ ਵੱਖਰੀਆਂ ਚੀਜ਼ਾਂ ਹਨ।

ਦੇਖ! ਜਦ ਵੀ ਕੋਈ ਗੱਲ ਕਰਦਾ ਹੈ ਤਾਂ ਉਹ ਤੁਹਾਡੇ ਪ੍ਰਤੀ ਇਕ ਪਾਠ ਪੇਸ਼ ਕਰਦਾ ਹੈ। ਉਸਨੂੰ ਪਾਠ ਦਾ ਦਰਜਾ ਦਿਉ, ਹੋ ਸਕਦਾ ਹੈ ਉਸ ਦੀ ਸੋਚ ਕਮਜ਼ੋਰ ਹੀ ਹੋਵੇ ਜਾਂ ਉਸ ਦੀ ਪੇਸ਼ਕਾਰੀ ਢਿੱਲੀ ਜਾਂ ਨਾਮੁਕੰਮਲ ਹੋਵੇ। ਪਰ ਜੇ ਉਸਦੀ ਗੱਲ ਪਿੱਛੇ ਸੁਹਿਰਦਤਾ ਵਰਤ ਰਹੀ ਹੋਵੇ ਤਾਂ ਉਸ

ਸੁਹਿਰਦਤਾ ਨੂੰ ਸਮਝਣਾ ਤੇ ਉਸ ਵੱਲ ਸੁਹਿਰਦ ਹੁੰਗਾਰਾ ਭਰਨ ਵਿੱਚ ਹੀ ਸਿਆਣਪ ਹੈ। ਬਹਿਸ ਕਰਨ ਵਿੱਚ ਚਾਤੁਰੀ ਵਰਤਦੀ ਹੈ। ਤੁਸੀਂ ਅਗਲੇ ਦੀ ਦਲੀਲ ਹੀ ਨਹੀਂ ਕੱਟ ਰਹੇ ਹੁੰਦੇ, ਉਸ ਦੀ ਸੁਹਿਰਦਤਾ ਨੂੰ ਵੀ ਚੋਟ ਪਹੁੰਚਾ ਰਹੇ ਹੁੰਦੇ ਹੋ।

ਨਾਲੇ ਹਰ ਗੱਲ ਵਿੱਚ ਜਿਤਨਾ ਸੱਚ ਹੈ, ਉਸਨੂੰ ਤਾਂ ਗ੍ਰਹਿਣ ਕਰੋ। ਜੇਕਰ ਉਸਨੂੰ ਹੋਰ ਸਪਸ਼ਟ ਕਰ ਸਕਦੇ ਹੋ ਤਾਂ ਕਰੋ। ਇਸੇ ਵਿੱਚ ਹੀ ਤੁਹਾਡੀ ਸਿਆਣਪ ਝਲਕੇਗੀ। ਸੱਚ ਭਾਵੇਂ ਅੱਧਾ ਅਧੂਰਾ ਵੀ ਹੋਵੇ, ਉਸਨੂੰ ਕੱਟਣਾ ਸਿਆਣਪ ਨਹੀਂ ਹੁੰਦੀ।

**ਹਰ ਕਿਸੇ ਪਾਸ ਆਪਣੀ ਦਲੀਲ, ਆਪਣਾ ਤਰਕ, ਆਪਣੇ ਭਾਵ ਤੇ ਆਪਣੇ ਇਰਾਦੇ ਹੁੰਦੇ ਹਨ, ਜੋ ਉਸਦੀ ਗੱਲ ਦੇ ਉਹਲੇ ਪਏ ਹੁੰਦੇ ਹਨ। ਵੇਖੋ ਇਹਨਾਂ ਵਿੱਚੋਂ ਕਿਹੜਾ ਸੁੰਦਰ ਹੈ,ਉਸਨੂੰ ਸਮਝੋ। ਉਸ ਦੇ ਪ੍ਰਸ਼ੰਸਕ ਬਣੋ। ਇਸੇ ਵਿੱਚ ਬਿਬੇਕ ਹੈ।**

ਤੇਰੇ ਇਕ ਦੋਸਤ ਨੇ 'ਫ਼ਰਜ਼' ਸ਼ਬਦ ਨੂੰ ਇਕ ਵੱਖਰੇ ਅਰਥ ਵਿੱਚ ਵਰਤਿਆ। ਤੂੰ ਉਸ ਦੀ ਖਿੱਲੀ ਉਡਾ ਦਿੱਤੀ। ਸਿਆਣਪ ਕਰਦੇ ਤਾਂ ਸੋਚਦੇ ਇਹਨਾਂ ਦੋ ਵੱਖੋ-ਵੱਖਰੇ ਅਰਥਾਂ ਵਿੱਚ ਸਾਂਝ ਕੀ ਹੈ? ਇਸ ਨਾਲ ਤੇਰਾ ਗਿਆਨ ਵੀ ਵਡੇਰਾ ਹੁੰਦਾ ਤੇ ਆਪਣੇ ਦੋਸਤ ਨੂੰ ਆਪਣੀ ਗੱਲ ਪੂਰੀ ਕਰ ਸਕਣ ਦਾ ਅਵਸਰ ਵੀ ਦੇ ਦਿੰਦਾ।

ਤੇਰੇ ਪਾਸ ਚਤੁਰਾਈ ਜ਼ਰੂਰ ਸੀ, ਪਰ ਬਿਬੇਕ ਨਹੀਂ ਸੀ। ਪਰ ਗੁਰੂ ਜੀ ਤਾਂ ਸਾਨੂੰ ਸਮਝਾ ਰਹੇ ਹਨ:

**ਚਤੁਰਾਈ ਨ ਚਤੁਰਭੁਜੁ ਪਾਈਐ।** **(ਅੰ:੩੨੪)**

ਚਤੁਰਭੁਜੁ ਦੀ ਗੱਲ ਤਾਂ ਤੁਹਾਨੂੰ ਸ਼ਾਇਦ ਦੂਰ ਦੀ ਲੱਗੇ, ਇਸ ਨਾਲ ਤੁਸਾਂ ਬੰਦਿਆਂ ਦੇ ਨੇੜੇ ਵੀ ਨਹੀਂ ਹੋ ਸਕਦੇ। ਉਹਨਾਂ ਤੋਂ ਦੂਰ ਹੀ ਹੋ ਸਕਦੇ ਹੋ। ਉਹਨਾਂ ਨੂੰ ਪਰੇ ਹੀ ਹਟਾ ਸਕਦੇ ਹੋ। ਨੇੜੇ ਹੋਣ ਲਈ ਸੁਹਿਰਦਤਾ ਦਰਕਾਰ ਹੁੰਦੀ ਹੈ।" (1940)

## ਕਲਮ ਦੀ ਕਰਾਮਾਤ

ਇਕ ਵੇਰਾਂ ਪੰਡਿਤ ਕਾਲੀਦਾਸ ਜੀ ਨਾਲ ਗੁਜ਼ਰਾਂਵਾਲੇ ਮੇਰੀ ਮੁਲਾਕਾਤ ਹੋਈ। ਤਦ ਮੈਂ ਪੰਦਰਾਂ ਕੁ ਵਰ੍ਹਿਆਂ ਦਾ ਸਾਂ। ਮੈਂ ਵੀ ਕੁਝ-ਕੁਝ ਕਵਿਤਾ ਲਿਖਣ ਲੱਗ ਗਿਆ ਸਾਂ। ਇਹ ਗੱਲ ਮੇਰੇ ਬਾਬਾ ਜੀ ਨੇ ਪੰਡਿਤ ਜੀ ਹੁਰਾਂ ਨੂੰ ਦੱਸੀ ਹੋਈ ਸੀ।

ਮੈਂ ਗਿਆ ਤਾਂ ਕਹਿਣ ਲੱਗੇ, ਮੈਂ ਹੀਰ-ਰਾਂਝੇ ਦਾ ਕਿੱਸਾ ਲਿਖਿਆ ਸੀ।



ਮੇਰਾ ਖ਼ਿਆਲ ਸੀ ਕਿ ਇਹ ਵਾਰਿਸ ਸ਼ਾਹ ਨਾਲੋਂ ਸਵਾਇਆ ਏ। ਲਉ ਇਹ ਬੈਂਤ ਸੁਣੋ ਵਾਰਿਸ਼ ਸ਼ਾਹ ਦਾ:

**ਗਿਆ ਭੱਜ ਤਕਦੀਰ ਦੇ ਨਾਲ ਠੂਠਾ**
**ਲੈ ਜਾ ਕੀਮਤ ਸਾਥੋਂ ਮੱਟ ਦੀ ਵੇ।...**

ਸੱਚਮੁੱਚ ਵਾਰਿਸ ਸ਼ਾਹ ਨਾਲੋਂ ਸਵਾਇਆ ਸੀ। ਮੈਨੂੰ ਕਹਿਣ ਲੱਗੇ, "ਮੇਰੇ ਕੋਲ ਕਈ ਸ਼ਾਇਰ ਪੰਜਾਬੀ ਦੇ ਆਉਂਦੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹੋਨਾਂ, ਦੋ ਲਾਈਨਾਂ ਇਸੇ ਕਾਫੀਏ ਰਫੀਦ 'ਤੇ ਤੁਸੀਂ ਵੀ ਆਖ ਵਿਖਾਓ, ਪਰ ਕੋਈ ਕੁਝ ਆਖ ਨਹੀਂ ਸਕਿਆ। ਮੈਂ ਸੁਣਿਆ ਤੇਰੇ ਬਾਬੇ ਕੋਲੋਂ ਤੂੰ ਵੀ ਕਵਿਤਾ ਲਿਖਣ ਲੱਗ ਪਿਆ ਏਂ। ਤੂੰ ਕੋਸ਼ਿਸ਼ ਕਰ ਸ਼ਿਅਰ ਇਕ-ਦੋ ਇਸੇ ਕਾਫੀਏ ਰਦੀਫ਼ 'ਤੇ ਬਣਾ।"

ਮੈਂ ਕਿਹਾ, "ਪੰਡਿਤ ਜੀ ਮੈਂ ਤਾਂ ਸਿਖਾਂਦਰੂ ਹਾਂ, ਕਵੀ ਨਹੀਂ ਪਰ ਤੁਹਾਡਾ ਹੁਕਮ ਨਹੀਂ ਟਾਲ ਸਕਦਾ। ਮੈਨੂੰ ਇਕ-ਦੋ ਮਿੰਟ ਸੋਚਣ ਲਈ ਦੇ ਦਿਓ"। ਪੰਡਿਤ ਜੀ ਕਹਿਣ ਲੱਗੇ, "ਦੋ ਮਿੰਟ ਕਿਉਂ ਚਾਰ ਮਿੰਟ ਲਉ"। ਫਿਰ ਮੈਨੂੰ ਇਕੱਲਿਆਂ ਛੋੜ ਕੇ ਬਾਹਰ ਚਲੇ ਗਏ ਤੇ ਪੰਜ-ਸੱਤ ਮਿੰਟਾਂ ਤਕ ਪਰਤ ਆਏ ਤੇ ਪੁੱਛਿਆ, "ਕੁਝ ਬਣੀ ਗੱਲ"?

ਮੈਂ ਕਿਹਾ, "ਜੀ ਦੋ ਸ਼ਿਅਰ ਤੁਸਾਂ ਬਾਰੇ ਕਹੇ ਹਨ"।

ਉਤਸੁਕ ਹੋ ਕੇ ਕਹਿਣ ਲੱਗੇ, "ਮੇਰੇ ਬਾਰੇ? ਸੁਣਾਓ ਫਿਰ"।

ਮੈਂ ਪਹਿਲਾਂ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਤਾਂ ਕਹਿਣ ਲੱਗੇ, "ਗਾ ਕੇ ਸੁਣਾਵੇਂਗਾ?" ਮੈਂ ਕਿਹਾ, "ਮੈਂ ਗਾਉਣ ਜੋਗਾ ਕਿੱਥੇ ਹਾਂ? ਤੁਹਾਡੇ ਅੱਗੇ ਜੁਰਅਤ ਕਰਨ ਲੱਗਿਆਂ ਗਲਾ ਖੁਸ਼ਕ ਹੋ ਗਿਆ ਸੀ; ਇਸ ਲਈ ਖੰਘੂਰਾ ਮਾਰ ਕੇ ਗਲਾ ਸਾਫ਼ ਕਰਨ ਦਾ ਯਤਨ ਕੀਤਾ।" ਕਹਿਣ ਲੱਗੇ, "ਗੱਲਾਂ ਹੀ ਕਰੀਂ ਜਾਏਂਗਾ ਕਿ ਕੁਝ ਸੁਣਾਵੇਂਗਾ ਵੀ?" ਮੈਂ ਸੁਣਾਉਣ ਲੱਗਾ:

**ਕਲਮ ਤੁਸਾਂ ਦੀ ਵਹੇ ਤਾਂ ਗਜ਼ਬ ਢਾਹੇ,**
**ਇਹ ਤਾਂ ਰੂਹਾਂ ਦੇ ਰੰਗ ਪਲੱਟਦੀ ਵੇ।**
**ਸੀਸ ਆਪਣਾ ਕਲਮ ਕਰਵਾ ਆਈ,**
**ਤੇ ਹੁਣ ਨਿੰਦਕਾਂ ਦੇ ਸੀਸ ਕੱਟਦੀ ਵੇ।**

ਪੰਡਿਤ ਜੀ ਉੱਠੇ, ਮੇਰੇ ਸਿਰ 'ਤੇ ਹੱਥ ਫੇਰਿਆ, ਅੰਦਰੋਂ ਮਿਸਰੀ ਤੇ ਲਾਚੀਆਂ ਲੈ ਆਏ ਤੇ ਮੈਨੂੰ ਪ੍ਰਸ਼ਾਦਿ ਦਿੱਤਾ, ਨਾਲੇ ਅਸੀਸ ਦਿੱਤੀ , "ਪਰਮਾਤਮਾ ਕਰੇ, ਸਰਸਵਤੀ ਤੇਰੀ ਰਸਨਾ 'ਤੇ ਬੈਠੇ"।

ਏਡੇ ਵੱਡੇ ਸ਼ਾਇਰ ਤੋਂ ਇਹ ਅਸੀਸ ਪ੍ਰਾਪਤ ਕਰਕੇ ਮੈਂ ਵੱਡਾ-ਵੱਡਾ ਪ੍ਰਤੀਤ ਕਰਨ ਲੱਗ ਪਿਆ। (1940)

## ਸਾਹਿਤ ਕੀ ਹੁੰਦਾ ਹੈ?

ਕੋਇਟੇ ਦੇ ਭੂਚਾਲ ਤੋਂ ਬਾਅਦ ਦੋ ਸਾਲ ਸਿੱਬੀ ਰਹਿ ਕੇ ਅਸੀਂ ਵਾਪਸ ਕੋਇਟੇ ਪਰਤੇ ਤਾਂ ਹਰ ਥਾਂ ਨਵੀਂ ਉਸਾਰੀ ਐਸੀ ਹੋ ਰਹੀ ਸੀ ਜਿਸ ਨੂੰ ਭੂਚਾਲ ਨਾਲ ਨੁਕਸਾਨ ਨਾ ਹੋ ਸਕੇ।

ਸਾਡੇ ਸਕੂਲ ਦੀ ਅਜੇ ਪੱਕੀ ਇਮਾਰਤ ਬਣਨੀ ਸੀ, ਕੱਚੀ ਇਮਾਰਤ ਹੀ ਬਣੀ ਸੀ। ਜ਼ਮੀਨ ਵਿੱਚ ਲੱਕੜੀ ਦੇ ਬੱਲੇ ਗੱਡ ਕੇ ਬਾਹਰ ਲੋਹੇ ਦੀਆਂ ਚਾਦਰਾਂ ਠੋਕ ਕੇ ਕਮਰੇ ਬਣਾ ਲਏ ਗਏ ਸਨ।

ਪੰਜਾਬੀ ਮੇਰਾ ਮਜ਼ਮੂਨ ਨਹੀਂ ਸੀ। ਮੈਂ ਸਾਇੰਸ ਦੇ ਮਜ਼ਮੂਨ ਲਏ ਹੋਏ ਸਨ। ਪਰ ਸਾਇੰਸ ਦੀ ਜਮਾਤ ਖੁਸਾ (ਛੱਡ) ਕੇ ਬੜੀ ਵਾਰੀ ਪੰਜਾਬੀ ਦੀ ਕਲਾਸ ਵਿੱਚ ਆ ਬਹਿੰਦਾ ਸਾਂ। ਗਿਆਨੀ ਨਰਿੰਦਰ ਸਿੰਘ ਸੋਚ ਹੋਰੀਂ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਉਹ ਬੜੇ ਦਿਲਚਸਪ ਅਧਿਆਪਕ ਸਨ। ਉਹਨਾਂ ਦੀ ਜਮਾਤ ਵਿੱਚ ਬੈਠਣਾ ਚੰਗਾ ਲਗਦਾ ਸੀ।

ਜਿਸ ਕਮਰੇ ਵਿੱਚ ਉਹ ਜਮਾਤ ਲਗਦੀ ਸੀ, ਉਹ ਵਿਦਿਆਰਥੀਆਂ ਨੇ ਸਕੂਲ ਦੇ ਜਮਾਂਦਾਰ ਤੇ ਮੁਨਸ਼ੀ ਦੀ ਮਦਦ ਨਾਲ ਆਪ ਬਣਾਈ ਸੀ। ਬੜੀ ਬੇਢਬੀ ਬਣੀ ਸੀ, ਪਰ ਉਸ ਦਾ ਨਾਮ ਸੋਚ ਜੀ ਨੇ 'ਸ਼ੀਸ਼ ਮਹੱਲ' ਰੱਖ ਦਿੱਤਾ ਸੀ। ਬੱਚੇ ਆਪਣੇ ਇਸ ਬੇਢਬੇ ਕਮਰੇ ਨੂੰ ਸਲਾਹਿਆ ਕਰਦੇ ਸਨ।

ਇਕ ਦਿਨ ਸਾਇੰਸ ਦਾ ਪ੍ਰੈਕਟੀਕਲ ਛੇਤੀ ਮੁਕਾ ਕੇ ਉਸੇ 'ਸ਼ੀਸ਼ ਮਹੱਲ' ਵਿਚ ਪੰਜਾਬੀ ਪੜ੍ਹਨ ਚਲਾ ਗਿਆ। ਸੋਚ ਜੀ ਪੜ੍ਹਾ ਰਹੇ ਸਨ। ਉਹਨਾਂ ਬੱਚਿਆਂ ਨੂੰ ਪੁੱਛਿਆ। "ਸਾਹਿਤ ਕਿਸ ਨੂੰ ਕਹਿੰਦੇ ਹਨ?"

ਇਕ ਬੱਚਾ, "ਪੜ੍ਹਨ ਵਾਲੀਆਂ ਕਿਤਾਬਾਂ ਨੂੰ।"

ਦੂਜਾ ਬੱਚਾ, "ਪੜ੍ਹਨ ਵਾਲੀਆਂ ਉਹਨਾਂ ਕਿਤਾਬਾਂ ਨੂੰ ਜੋ ਸਕੂਲ ਵਿੱਚ ਨਹੀਂ ਪੜ੍ਹਾਈਆਂ ਜਾਂਦੀਆਂ।" ਸਭ ਬੱਚੇ ਹੱਸ ਪਏ।

ਤੀਜਾ ਬੱਚਾ, "ਨਰੋਈ ਪੁਸਤਕਾਂ ਨੂੰ।"

ਸੋਚ ਜੀ! ਸ਼ਾਬਾਸ਼ ਬੱਚੇ, ਸਾਹਿਤ ਵਿੱਚ ਕੇਵਲ ਨਰੋਈਆਂ ਪੁਸਤਕਾਂ ਹੀ ਸ਼ਾਮਲ ਹਨ। ਪਰ ਨਰੋਈਆਂ ਪੁਸਤਕਾਂ ਵਿੱਚ ਸਾਇੰਸ ਦੀਆਂ ਪੁਸਤਕਾਂ ਵੀ ਸ਼ਾਮਿਲ ਹਨ ਤਾਂ ਵੀ ਉਨ੍ਹਾਂ ਨੂੰ ਸਾਹਿਤ ਨਹੀਂ ਕਿਹਾ ਜਾਂਦਾ। ਜੋ ਪੁਸਤਕਾਂ ਕੇਵਲ ਜਾਣਕਾਰੀ ਦਿੰਦੀਆਂ ਹਨ, ਉਹ ਸਾਹਿਤ ਨਹੀਂ ਹੁੰਦੀਆਂ।"



ਇਕ ਹੋਰ ਬੱਚਾ, "ਜਿਨ੍ਹਾਂ ਪੁਸਤਕਾਂ ਤੋਂ ਮਨੋਰੰਜਨ ਮਿਲੇ ਉਹ ਸਾਹਿਤ ਹੁੰਦੀਆਂ ਹਨ।"

ਸੋਚ ਜੀ: ਸ਼ਾਬਾਸ਼ ਬੱਚੇ, ਮਨੋਰੰਜਨ ਸਾਹਿਤ ਦਾ ਇਕ ਗੁਣ ਹੈ। ਪਰ ਕੇਵਲ ਮਨੋਰੰਜਨ ਦੇਣ ਵਾਲੀਆਂ ਪੁਸਤਕਾਂ ਜ਼ਰੂਰੀ ਨਹੀਂ ਚੰਗਾ ਸਾਹਿਤ ਹੋਣ। ਅਸ਼ਲੀਲ ਕਿਤਾਬਾਂ ਤੋਂ ਇਕ ਹੋਛਾ ਜਿਹਾ ਮਨੋਰੰਜਨ ਤਾਂ ਮਿਲਦਾ ਹੈ, ਪਰ ਉਹ ਨਾਲ ਉਤੇਜਨਾ ਵੀ ਜਗਾਉਂਦੀਆਂ ਹਨ। ਚੰਗਾ ਸਾਹਿਤ ਉਤੇਜਨਾ ਨਹੀਂ ਜਗਾਉਂਦਾ ਸਗੋਂ ਰਸ ਦੇਂਦਾ ਹੈ।"

**ਇਕ ਬੱਚਾ**: ਤੁਸੀਂ ਆਪ ਦੱਸੋ ਨਾ ਸਾਹਿਤ ਕੀ ਹੁੰਦਾ ਹੈ?

**ਸੋਚ ਜੀ: ਸਾਹਿਤ, ਸਾ...ਹਿਤ ਦਾ ਅਰਥ ਹੈ ਪਿਆਰ ਵਾਲਾ। ਜੋ ਪੁਸਤਕਾਂ ਪਿਆਰ ਵਾਲਾ ਆਚਰਣ ਜਗਾਉਣ ਉਹ ਹੀ ਨਰੋਏ ਸਾਹਿਤ ਦਾ ਭਾਗ ਹੁੰਦੀਆਂ ਹਨ।** ਸਭ ਤੋਂ ਵੱਧ ਪਿਆਰ ਕਿਸ ਦੇ ਕੋਲ ਹੈ?

**ਇਕ ਬੱਚਾ**: ਰੱਬ ਕੋਲ!

**ਸੋਚ ਜੀ: ਸ਼ਾਬਾਸ਼! ਰੱਬ ਤਾਂ ਸੁਧਾ ਪਿਆਰ ਹੈ। ਇਹ ਸਮਝ ਲਉ, ਉਹ ਪਿਆਰ ਹੋ ਕੇ ਹਰ ਥਾਂ ਸਮਾਇਆ ਹੋਇਆ ਹੈ। ਜਿੱਥੋਂ-ਕਿਤੋਂ ਵੀ ਸਾਨੂੰ ਪਿਆਰ ਪ੍ਰਾਪਤ ਹੁੰਦਾ ਹੈ- ਭਾਵੇਂ ਮਾਪਿਆਂ ਦਾ, ਭਾਵੇਂ ਭੈਣ-ਭਰਾਵਾਂ ਦਾ, ਭਾਵੇਂ ਸਾਕ-ਸੰਬੰਧੀਆਂ ਦਾ, ਭਾਵੇਂ ਦੋਸਤਾਂ-ਮਿੱਤਰਾਂ ਦਾ ਤੇ ਭਾਵੇਂ ਮੀਆਂ ਜਾਂ ਬੀਵੀ ਦਾ, ਉਹ ਰੱਬ ਦਾ ਪਿਆਰ ਹੁੰਦਾ ਹੈ। ਜੋ ਸਾਹਿਤ ਸਭ ਨੂੰ ਪਿਆਰ ਕਰਨਾ ਸਿਖਲਾਂਦਾ ਹੈ ਉਹੀ ਸਭ ਤੋਂ ਉੱਤਮ ਸਾਹਿਤ ਹੁੰਦਾ ਹੈ। ਕਿਸੇ ਐਸੀ ਪੁਸਤਕ ਦਾ ਨਾਂ ਲਉ ਜੋ ਸਭ ਨੂੰ ਪਿਆਰ ਕਰਨਾ ਸਿਖਲਾਂਦੀ ਹੈ।**

**ਇੱਕ ਬੱਚਾ**: ਸ਼੍ਰੀ ਗੁਰੂ ਗ੍ਰੰਥ ਸਾਹਿਬ

**ਸੋਚ ਜੀ**: ਜਿਊਂਦਾ ਰਹੋ। ਸਤਿਗੁਰੂ ਤੈਨੂੰ ਚੜ੍ਹਦੀਆਂ ਕਲਾਂ ਬਖ਼ਸ਼ੇ। ਇਸ ਧਰਮ ਗ੍ਰੰਥ ਤੋਂ ਵੱਧ ਸੱਚਮੁੱਚ ਹੋਰ ਕੋਈ ਸਾਹਿਤ ਨਹੀਂ! (1940)

## ਅਖੰਡ ਪਾਠੀ

ਦਸਵੀਂ ਜਮਾਤ ਦਾ ਇਮਤਿਹਾਨ ਨੇੜੇ ਆ ਪਹੁੰਚਾ ਸੀ। ਸਾਡੇ ਸਕੂਲ ਦੀ ਰਵਾਇਤ ਸੀ ਕਿ ਇਮਤਿਹਾਨ ਤੋਂ ਪਹਿਲਾਂ ਅਖੰਡ ਪਾਠ ਦਾ ਭੋਗ ਪਾਇਆ ਜਾਂਦਾ ਸੀ। ਸਕੂਲ ਦੇ ਨਾਲ ਹੀ ਗੁਰਦੁਆਰੇ ਦੀ ਇਮਾਰਤ ਸੀ। ਉੱਥੇ ਪਾਠ ਰੱਖਦੇ ਸਨ ਤੇ ਵਿਦਿਆਰਥੀ ਘੰਟੇ-ਘੰਟੇ ਦੀ ਡਿਊਟੀ ਦੇਂਦੇ ਸਨ, ਬੈਠ ਕੇ ਪਾਠ ਸੁਣਨ ਦੀ—ਤੇ ਜੇਕਰ ਪਾਠੀ ਨੂੰ ਕੋਈ ਲੋੜ ਹੋਵੇ ਤਾਂ ਇਸ਼ਾਰਾ ਸਮਝ ਕੇ ਉਹ ਲੋੜ ਪੂਰੀ ਕਰਨ ਦੀ ਤੇ ਅਗਲੇ ਪਾਠੀ ਨੂੰ ਵੇਲੇ ਸਿਰ ਪਹੁੰਚਣ ਦੀ ਯਾਦ ਦਿਵਾਉਣ ਦੀ।

ਮੇਰੀ ਡਿਊਟੀ ਰਾਤ ਦੇ 12 ਤੋਂ 1 ਵਜੇ ਦੀ ਸੀ। ਉਸੇ ਸਮੇਂ ਹੀ ਸੋਚ ਜੀ ਦੀ ਪਾਠ ਦੀ ਡਿਊਟੀ ਸੀ। ਉਹ ਦਸ ਮਿੰਟ ਪਹਿਲਾਂ ਹੀ ਪਹੁੰਚ ਗਏ। ਉਹਨਾਂ ਪਹਿਲਾਂ ਚੈੱਕ ਕੀਤਾ ਕਿ ਡਿਊਟੀ 'ਤੇ ਬੱਚੇ ਪਹੁੰਚ ਗਏ ਹਨ ਕਿ ਨਹੀਂ। ਅਸੀਂ ਚੇਤੰਨ ਹੋ ਕੇ ਅੱਗੇ ਬੈਠੇ ਹੋਏ ਸਾਂ- ਮੈਂ ਤੇ ਮੇਰੇ ਨਾਲ ਦਾ ਦੂਜਾ ਸਾਥੀ ਵੀ। ਸੋਚ ਜੀ ਨੇ ਆ ਕੇ ਮੈਨੂੰ ਕਿਹਾ, "ਬੇਟਾ! ਅੱਜ ਮੇਰੀ ਥਾਂ ਤੂੰ ਪਾਠ ਕਰੇਂਗਾ ਤੇ ਮੈਂ ਤੇਰੀ ਥਾਂ ਸੇਵਾ ਦੀ ਡਿਊਟੀ ਦਿਆਂਗਾ।"

ਮੈਂ ਕਿਹਾ, "ਮੈਂ ਪਾਠ ਤਾਂ ਕਰ ਲੈਂਦਾ ਹਾਂ, ਪਰ ਅਖੰਡ ਪਾਠ ਵਿੱਚ ਕਦੇ ਨਹੀਂ ਬੈਠਾ। ਨਾਲੇ ਗੁਰਦੁਆਰੇ ਦੀ ਬੀੜ ਪਦ-ਛੇਦ ਵਾਲੀ ਨਹੀਂ, ਮੈਥੋਂ ਗ਼ਲਤੀਆਂ ਹੋ ਜਾਣਗੀਆਂ।"

ਸੋਚ ਜੀ ਕਹਿਣ ਲੱਗੇ, "ਚਿੰਤਾ ਨਾ ਕਰੋ ਮੈਂ ਤੁਹਾਡੇ ਪਿੱਛੇ ਖੜ੍ਹਾ ਹੋਵਾਂਗਾ, ਜਿੱਥੇ ਅੜੋਗੇ ਜਾਂ ਉਕਾਈ ਹੋਵੇਗੀ, ਉੱਥੇ ਬੋਲ ਕੇ ਠੀਕ ਕਰਾ ਦਿਆਂਗਾ।"

ਹੁਕਮ ਮੰਨ ਕੇ ਮੈਂ ਵੇਲੇ ਸਿਰ ਪਾਠ ਦੀ ਵਾਰੀ ਤੇ ਸੋਚ ਜੀ ਦੀ ਥਾਂ ਬੈਠ ਗਿਆ। ਘੰਟਾ ਭਰ ਪਾਠ ਕੀਤਾ ਤੇ ਅਗਲੇ ਪਾਠੀ ਨੇ ਮੈਨੂੰ ਆਣ ਉਠਾਇਆ। ਸੋਚ ਜੀ ਨੇ ਮੈਨੂੰ ਜੱਫ਼ੀ ਵਿੱਚ ਲੈ ਲਿਆ ਤੇ ਕਿਹਾ, **"ਅੱਜ ਤੋਂ ਇਹ ਬੇਟਾ ਅਖੰਡ ਪਾਠੀ ਹੋ ਗਿਐ। ਸੱਚੇ ਪਾਤਸ਼ਾਹ ਤੈਨੂੰ ਇਮਤਿਹਾਨ ਵਿੱਚ ਉੱਚਤਮ ਕਾਮਯਾਬੀ ਬਖ਼ਸ਼ੇ।" ਸੱਚੇ ਪਾਤਸ਼ਾਹ ਨੇ ਸੱਚਮੁੱਚ ਹੀ ਬਖਸ਼ ਦਿੱਤੀ।** (1941)

## ਨਵ-ਨਾਸਤਿਕਤਾ

ਤਦ ਮੈਂ ਈਸਾਈਆਂ ਦੇ ਫਾਰਮਨ ਕ੍ਰਿਸਚੀਅਨ ਕਾਲਜ ਲਾਹੌਰ ਦਾ ਵਿਦਿਆਰਥੀ ਸਾਂ। ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਵਿੱਚੋਂ ਕਰਾਮਾਤਾਂ ਦੀਆਂ ਸਾਖੀਆਂ ਸੁਣਦਾ ਤੇ ਫਿਰ ਹਜ਼ਰਤ ਈਸਾ ਦੀਆਂ ਕਰਾਮਾਤਾਂ, ਜਿਨ੍ਹਾਂ ਦਾ ਧਰਮ ਨਾਲ ਅਨਿੱਖੜਵਾਂ ਸੰਬੰਧ ਹੈ; ਪਰ ਸਾਇੰਸ ਦਾ ਵਿਦਿਆਰਥੀ ਹੋਣ ਕਰਕੇ ਮੈਨੂੰ ਸਾਇੰਸ ਦੀਆਂ ਕਰਮਾਤਾਂ ਤੋਂ ਵੱਡੀਆਂ ਲੱਗਣ ਲੱਗੀਆਂ। ਸੋ ਮੈਂ ਜਿਵੇਂ ਧਰਮ ਵੱਲੋਂ ਕੁਝ ਅਸ਼ਰਧਕ ਜਿਹਾ ਹੋ ਗਿਆ।

ਇਕ ਦਿਨ ਬਾਈਬਲ ਕਲਾਸ ਵਿੱਚ ਸਬਕ ਸੀ, "ਮਾਲਕ ਹੀ ਦੇਂਦਾ ਹੈ ਤੇ ਉਹੀ ਸਾਥੋਂ ਵਾਪਸ ਵੀ ਲੈ ਸਕਦਾ ਹੈ।" ਤੇ ਪੜ੍ਹਾਉਣ ਵਾਲੇ ਪ੍ਰੋਫ਼ੈਸਰ ਸਾਹਿਬ ਨੇ ਕਿਹਾ, "ਇਹ ਜ਼ਿੰਦਗੀ ਵੀ ਸਾਡੀ ਨਹੀਂ, ਜਿਸ ਨੇ ਦਿੱਤੀ ਹੈ ਲੈ ਵੀ ਸਕਦਾ ਹੈ।" ਮੇਰਾ ਖ਼ਿਆਲ ਹੈ ਮੈਨੂੰ ਇਸ ਗੱਲ ਤੇ ਯਕੀਨ ਨਹੀਂ ਸੀ ਆਇਆ। ਮੈਂ ਸੋਚਿਆ, "ਇਹ ਜ਼ਿੰਦਗੀ ਤਾਂ ਮੇਰੀ ਹੈ, ਮੈਂ ਜੋ ਚਾਹੇ ਇਸ ਦਾ ਬਣਾ ਸਕਦਾ ਹਾਂ ਜਾਂ ਵਿਗਾੜ ਸਕਦਾ ਹਾਂ।" ਸੋ ਮੈਂ ਉੱਠ ਕੇ ਏਹੋ ਗੱਲ ਪ੍ਰੋਫ਼ੈਸਰ ਸਾਹਿਬ ਨੂੰ



ਕਹਿ ਦਿੱਤੀ। ਸਾਰੀ ਕਲਾਸ ਮੇਰੇ ਵੱਲ ਪ੍ਰਸ਼ੰਸਕ ਨਜ਼ਰਾਂ ਨਾਲ ਵੇਖ ਰਹੀ ਸੀ। ਮੈਨੂੰ ਲੱਗਾ ਜਿਵੇਂ ਮੈਂ ਆਪਣੇ ਸਹਿਕਰਮੀਆਂ ਦੇ ਮਨ ਦੀ ਪ੍ਰਤੀਨਿਧਤਾ ਕੀਤੀ ਹੈ। ਸੋ, ਮਨ ਹੀ ਮਨ ਇਸ ਗੱਲ ਦਾ ਅਭਿਮਾਨ ਹੰਢਾ ਰਿਹਾ ਸਾਂ।

ਤਦ ਪ੍ਰੋਫ਼ੈਸਰ ਸਾਹਿਬ ਬੋਲੇ, "ਇਹ ਜ਼ਿੰਦਗੀ ਤੇਰੀ ਹੈ?"

"ਹਾਂ ਜੀ।" ਮੈਂ ਕਿਹਾ।

"ਤੂੰ ਖ਼ਰੀਦੀ ਹੈ?ਤੇਰੀ ਨਿੱਜੀ ਜਾਇਦਾਦ ਹੈ?"

"ਮੈਂ ਖ਼ਰੀਦੀ ਤਾਂ ਨਹੀਂ ਪਰ ਹੈ ਤਾਂ ਮੇਰੀ, ਕਿਸੇ ਹੋਰ ਦੀ ਤਾਂ ਨਹੀਂ।"

"ਸ਼ਾਬਾਸ਼!" ਪ੍ਰੋਫ਼ੈਸਰ ਸਾਹਿਬ ਨੇ ਕਿਹਾ, "ਤੇ ਤੂੰ ਜੋ ਚਾਹੇਂ ਇਸ ਦਾ ਕਰ ਸਕਦਾ ਹੈ?"

"ਹਾਂ ਜੀ।"

"ਤਾਂ ਫਿਰ ਆਪਣਾ ਇਕ ਪੈਰ ਉੱਪਰ ਚੁੱਕ।"

ਮੈਂ ਚੁੱਕ ਦਿੱਤਾ।

"ਹੁਣ ਦੂਜਾ ਵੀ ਚੁੱਕ।"

ਮੈਂ ਪਹਿਲਾ ਰੱਖ ਦਿੱਤਾ ਤੇ ਦੂਜਾ ਚੁੱਕ ਲਿਆ।

"ਮੈਂ ਤੈਨੂੰ ਪਹਿਲਾ ਪੈਰ ਵਾਪਸ ਰੱਖਣ ਨੂੰ ਨਹੀਂ ਸੀ ਕਿਹਾ, ਦੂਜਾ ਪੈਰ ਵੀ ਨਾਲ ਉਠਾਣ ਲਈ ਕਿਹਾ ਸੀ।"

"ਇਹ ਕਿਵੇਂ ਹੋ ਸਕਦਾ ਹੈ? ਇਹ ਤਾਂ ਨਹੀਂ ਹੋ ਸਕਦਾ।"

"ਬੱਸ! ਤੂੰ ਤਾਂ ਕਿਹਾ ਸੀ 'ਮੈਂ ਜੋ ਚਾਹਾਂ ਕਰ ਸਕਦਾ ਹਾਂ।' ਦੋਵੇਂ ਪੈਰ ਤਾਂ ਤੂੰ ਚੁੱਕ ਨਹੀਂ ਸਕਿਆ।"

"ਇਹ ਤਾਂ ਧਰਤੀ ਵਿੱਚ, ਗ੍ਰੈਵਟੀ ਕਰ ਕੇ ਹੈ।"

"ਬੇਟਾ ਗ੍ਰੈਵਟੀ ਰੱਬ ਦੀ ਪੈਦਾ ਕੀਤੀ ਹੋਈ ਇਕ ਸ਼ਕਤੀ ਹੈ। **ਉਸ ਦੀਆਂ ਪੈਦਾ ਕੀਤੀਆਂ ਹੋਈਆਂ ਬੇਅੰਤ ਐਸੀਆਂ ਸ਼ਕਤੀਆਂ ਹਨ। ਅਸੀਂ ਕਿਸੇ ਦੀ ਵੀ ਉਲੰਘਣਾ ਨਹੀਂ ਕਰ ਸਕਦੇ।ਸਾਇੰਸ ਨੇ ਕੇਵਲ ਇਹਨਾਂ ਸ਼ਕਤੀਆਂ ਨੂੰ ਭਾਲਿਆ ਹੈ ਤੇ ਉਹਨਾਂ ਤੋਂ ਫ਼ਾਇਦਾ ਉਠਾਉਣ ਦਾ ਯਤਨ ਕੀਤਾ ਹੈ।** ਉਹ ਕਿਸੇ ਐਸੀ ਸ਼ਕਤੀ ਨੂੰ ਪੈਦਾ ਨਹੀਂ ਕਰ ਸਕਦੀ। ਬਾਕੀ ਰਹੀ ਗੱਲ ਤੇਰੀ ਜ਼ਿੰਦਗੀ ਦੀ, ਤੂੰ ਆਪ ਸੋਚੀਂ ਕਿ ਕੀ ਸੱਚਮੁੱਚ ਇਹ ਤੇਰੀ ਹੈ?"

(1943)

# ਇੱਕ ਦੋਸਤੀ ਦੀ ਦਾਸਤਾਨ

ਨਿਹਾਲ ਸਿੰਘ ਹੋਰੀਂ ਲਾਹੌਰ ਕਾਲਜ ਪੜ੍ਹਦੇ ਸਨ, ਜਦ ਮੈਂ ਅਜੇ ਸਕੂਲ ਵਿੱਚ ਨੌਵੀਂ ਕਲਾਸ ਵਿੱਚ ਸਾਂ। ਉਹ ਲਾਹੌਰੋਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਕੋਇਟੇ ਆਏ ਹੋਏ ਸਨ। ਕੋਇਟਾ ਠੰਢੀ ਥਾਂ ਹੋਣ ਕਰਕੇ ਉੱਥੇ ਸਰਦੀਆਂ ਵਿੱਚ ਛੁੱਟੀਆਂ ਹੁੰਦੀਆਂ ਸਨ, ਗਰਮੀਆਂ ਵਿੱਚ ਸਾਡਾ ਸਕੂਲ ਲੱਗਦਾ ਹੁੰਦਾ ਸੀ।

ਹਿਸਾਬ ਦੇ ਸਾਡੇ ਮਾਸਟਰ ਜੀ ਬੀਮਾਰ ਹੋ ਗਏ ਤੇ ਹੈੱਡਮਾਸਟਰ ਸਾਹਿਬ ਨੇ ਨਿਹਾਲ ਸਿੰਘ ਹੋਰਾਂ ਨੂੰ ਸਾਨੂੰ ਪੜ੍ਹਾਉਣ ਲਈ ਆਖ ਦਿੱਤਾ। ਨਿਹਾਲ ਸਿੰਘ ਹੋਰੀਂ ਇਕ ਸਵਾਲ ਲਿਖਾਉਣ ਲੱਗ ਪਏ। ਮੈਂ ਸਾਰਾ ਸਵਾਲ ਭਾਂਪ ਲਿਆ ਤੇ ਉਹਨਾਂ ਦੇ ਲਿਖਵਾਂਦੇ-ਲਿਖਵਾਂਦੇ ਕੱਢ ਕੇ ਉਹਨਾਂ ਕੋਲ ਲੈ ਗਿਆ। ਉਹ ਬੜੇ ਚਕਿਤ ਹੋਏ ਤੇ ਮੇਰੇ ਪ੍ਰਸ਼ੰਸਕ ਬਣ ਗਏ।

ਦਿਨ-ਬਦਿਨ ਸਾਡੀ ਨੇੜਤਾ ਬੜੀ ਵਧ ਗਈ। ਮੈਂ ਉਹਨਾਂ ਨੂੰ ਆਪਣਾ ਵੱਡਾ ਭਰਾ ਤੇ ਉਹ ਮੈਨੂੰ ਨਿੱਕਾ ਭਰਾ ਮੰਨਣ ਲੱਗ ਪਏ ਸਨ । ਹੈ ਤਾਂ ਮੈਥੋਂ 6-7 ਸਾਲ ਵੱਡੇ , ਇਸ ਲਈ ਮੈਨੂੰ ਹੁਕਮ ਦੇ ਸਕਣ ਦਾ ਹੱਕ ਸਮਝਦੇ ਸਨ। ਮੈਂ ਵੀ ਉਹਨਾਂ ਦੇ ਇਸ ਹੱਕ ਦਾ ਸਤਿਕਾਰ ਕਰਦਾ ਸਾਂ।

ਦਸਵੀਂ ਪਾਸ ਕਰਕੇ ਮੈਂ ਲਾਹੌਰ ਕਾਲਜ ਦਾਖ਼ਲ ਹੋ ਗਿਆ ਸਾਂ ਤੇ ਇਹ ਵੀ ਓਥੇ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦੇ ਸਨ। ਇਕ ਦਿਨ ਮੈਨੂੰ ਮਿਲਣ ਮੇਰੇ ਹੋਸਟਲ ਆਏ। ਬੈਠਿਆਂ-ਬੈਠਿਆਂ, ਗੱਲਾਂ-ਗੱਪਾਂ ਮਾਰਦਿਆਂ ਰਾਤ ਪੈ ਗਈ। ਅਸਾਂ ਰਲ ਕੇ ਰੋਟੀ ਖਾਧੀ ਤੇ ਮੇਰੀ ਬੇਨਤੀ 'ਤੇ ਉਹਨਾਂ ਰਾਤ ਸਾਡੇ ਹੋਸਟਲ ਵਿੱਚ ਮੇਰੇ ਪਾਸ ਰਹਿਣਾ ਪਰਵਾਨ ਕਰ ਲਿਆ।

ਕੋਠੇ ਉੱਪਰ ਮੰਜਾ ਡਾਹ ਕੇ ਇਕ ਦਰੀ ਹੇਠਾਂ ਤੇ ਇਕ ਚਾਦਰ ਉੱਪਰ ਲੈ ਕੇ ਅਸੀਂ ਦੋਵੇਂ ਆਪਣੇ ਮੰਜੇ 'ਤੇ ਲੇਟ ਗਏ। ਬੱਦਲਵਾਈ ਜਿਹੀ ਫਿਰ ਰਹੀ ਸੀ। ਸੋ, ਗਰਮੀ ਵੱਲੋਂ ਹੁਣ ਕੁਝ ਅਰਾਮ ਸੀ। ਅਜੇ ਅੱਧਾ ਘੰਟਾ ਵੀ ਨਹੀਂ ਸੀ ਲੰਘਿਆ ਕਿ ਬਿਜਲੀ ਲਿਸ਼ਕੀ ਤੇ ਧੜਾ-ਧੜ ਮੀਂਹ ਪੈਣਾ ਸ਼ੁਰੂ ਹੋ ਗਿਆ।

ਨਿਹਾਲ ਜੀ ਕਹਿਣ ਲੱਗੇ ਇਹ ਮੀਂਹ ਝੱਟ ਕੁ ਨੂੰ ਬੰਦ ਹੋ ਜਾਂਦੈ, ਐਵੇਂ ਜਲਦੀ ਨਹੀਂ ਕਰਦੇ। ਹੇਠਾਂ ਬੜੀ ਗਰਮੀ ਹੋਵੇਗੀ। ਅਸੀਂ ਇਹ ਗੱਲ ਕਰ ਹੀ ਰਹੇ ਸਾਂ ਕਿ ਜ਼ੋਰ ਦੀ ਹਵਾ ਆਈ ਤੇ ਸਾਡੀ ਚਾਦਰ ਉੱਡ ਗਈ। ਘਬਰਾ ਕੇ ਜਦ ਅਸੀਂ ਉੱਠੇ ਤਾਂ ਸਾਡੇ ਉੱਠਦੇ ਸਾਰ ਹੀ ਦਰੀ ਵੀ ਤੇ ਸਿਰਹਾਣਾ ਵੀ ਉੱਡ ਗਏ।ਬੜੀ ਮੁਸ਼ਕਿਲ ਅਸਾਂ ਮੰਜਾ ਛੱਜੇ ਹੇਠਾਂ ਖੜ੍ਹਾ ਕੀਤਾ ਤੇ ਨੀਚੇ



ਉੱਤਰ ਆਏ। ਰਾਤ ਅਸਾਂ ਜਿਵੇਂ-ਕਿਵੇਂ ਕੱਟੀ।ਸਵੇਰੇ ਅੱਠ ਕੁ ਵਜੇ ਜਦ ਅਸੀਂ ਨਾਸ਼ਤਾ ਕਰ ਰਹੇ ਸਾਂ ਤਾਂ ਮੇਰਾ ਨੌਕਰ ਟ੍ਰੇਅ ਵਿੱਚ ਮੇਰਾ ਗਿੱਲਾ ਸਿਰਹਾਣਾ ਚੁੱਕ ਕੇ ਲੈ ਆਇਆ। ਸਰਦਾਰ ਜੀ ਇਹ ਪਿੱਛੇ ਲਾਅਨ ਵਿੱਚ ਪਿਆ ਹੋਇਆ ਸੀ।

ਨਿਹਾਲ ਜੀ ਹੱਸ ਕੇ ਕਹਿਣ ਲੱਗੇ, "ਤੇਰੇ ਬਿਸਤਰੇ ਦਾ ਰਾਤੀਂ ਜੋ ਭੜਥਾ ਬਣਿਆ, ਉਹ ਇਹ ਟ੍ਰੇ ਵਿੱਚ ਪਾ ਕੇ ਲੈ ਆਇਐ।"ਉਸ ਨੂੰ ਕਿਹਾ, "ਜਾਹ ਇਹ ਕਿੱਤੇ ਸੁੱਟ ਦੇ। ਇਹ ਹੁਣ ਕਿਸੇ ਕੰਮ ਦਾ ਨਹੀਂ ਰਿਹਾ।"

ਘੜੀ ਕੁ ਨੂੰ ਉਹ ਆਪਣੇ ਕਾਲਜ ਵੱਲ ਰਵਾਨਾ ਹੋ ਗਏ, ਪਰ ਘੰਟੇ ਮਗਰੋਂ ਹੀ ਪਰਤ ਆਏ। ਇਕ ਦਰੀ, ਇਕ ਖੇਸ, ਇਕ ਚਾਦਰ,ਇਕ ਸਿਰਹਾਣਾ ਬਜ਼ਾਰੋਂ ਲੈ ਕੇ ਆ ਗਏ। ਕਹਿਣ ਲੱਗੇ, "ਮੈਂ ਸੋਚਿਆ, ਬਿਸਤਰੇ ਬਿਨਾਂ ਰਾਤ ਸੌਵੇਂਗਾ ਕਿਵੇਂ।"ਮੈਂ ਦਿਲ ਵਿੱਚ ਸੋਚਿਆ, "ਮੇਰੇ ਉੱਪਰ ਤਾਂ ਸੱਚਮੁੱਚ ਉਹਨਾਂ ਦੀ ਰਹਿਮਤ ਬਰਸੀ ਹੈ"–ਤੇ ਮੈਂ ਉਹਨਾਂ ਦੇ ਪੈਰੀਂ ਹੱਥ ਲਾਉਣ ਲਈ ਝੁਕਿਆ, ਤਾਂ ਉਹਨਾਂ ਮੈਨੂੰ ਗਲਵੱਕੜੀ ਵਿੱਚ ਲੈ ਲਿਆ ਤੇ ਕਿਹਾ, "ਰਾਤ ਦੀ ਵਰਖਾ ਨੇ ਹੀ ਇਹ ਸੇਵਾ ਮੇਰੇ ਜ਼ਿੰਮੇ ਲਾਈ।" (1944)

# ਇੱਕ ਸੱਚਾ ਢਾਡੀ

ਭਾਈ ਚਾਂਦ ਗੁਰੂ ਘਰ ਦਾ ਰਬਾਬੀ ਸੀ। ਬੜਾ ਪ੍ਰਸਿੱਧ, ਬੜਾ ਹਰਦਿਲ ਅਜ਼ੀਜ਼ ਸੀ। ਪਹਿਲੀ ਵਾਰ ਮੈਂ ਉਹਨਾਂ ਨੂੰ ਬਚਪਨ ਵਿੱਚ ਸੁਣਿਆ ਸੀ। ਉਹ ਕੋਇਟੇ ਸਿੰਘ ਸਭਾ ਦੇ ਸਲਾਨਾ ਦੀਵਾਨ ਵਿੱਚ ਆਏ ਸਨ।ਪਹਿਲੇ ਦਿਨ ਉਹਨਾਂ ਸਲੋਕ ਗਾਇਆ:-

**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥**

(ਅੰ: ੧੨੩੭)

ਕੋਈ ਸਵਾ ਘੰਟਾ ਇਸੇ ਬਾਰੇ ਪ੍ਰਮਾਣ ਦਿੰਦੇ ਰਹੇ। ਖਬਰੇ ਕਿਤਨੀ ਬਾਣੀ ਉਹਨਾਂ ਨੂੰ ਕੰਠ ਸੀ।

ਧਰੁਪਦ ਤੇ ਖ਼ਿਆਲ ਗਾਇਕੀ ਦੇ ਉਸਤਾਦ ਸਨ। ਕਦੇ-ਕਦੇ ਕੱਵਾਲੀ ਦਾ ਰੰਗ ਵੀ ਆ ਜਾਂਦਾ। ਆਵਾਜ਼ ਬੜੀ ਰਸਭਿੰਨੀ ਤੇ ਭਰਵੀਂ ਸੀ। ਕੀਰਤਨ ਭਿੱਜ ਕੇ ਕਰਿਆ ਕਰਦੇ ਸਨ। ਬੰਦਸ਼ਾਂ ਦਾ ਉਹਨਾਂ ਪਾਸ ਭੰਡਾਰ ਸੀ।

ਇਕ ਦਿਨ ਉਹ ਕੀਰਤਨ ਤੋਂ ਬਾਅਦ ਉੱਠੇ ਤਾਂ ਮੇਰੇ ਪਿਤਾ ਜੀ ਨੇ ਇਸ਼ਾਰਾ ਕੀਤਾ ਕਿ ਮੈਂ ਉਹਨਾਂ ਦਾ ਵਾਜਾ ਚੁੱਕਣ ਦੀ ਸੇਵਾ ਕਰਾਂ। ਮੈਂ ਵਾਜਾ ਚੁੱਕ ਕੇ ਨਾਲ ਤੁਰ ਪਿਆ। ਪਿਤਾ ਜੀ ਨੇ ਉਹਨਾਂ ਨੂੰ ਪੁੱਛਿਆ, "ਤੁਹਾਡਾ ਸਾਰੇ ਦਿਨ

ਦਾ ਪ੍ਰੋਗਰਾਮ ਕੀ ਹੁੰਦਾ ਹੈ?"ਕਹਿਣ ਲੱਗੇ, "ਜਾਂ ਨਿੱਤ-ਨੇਮ ਜਾਂ ਰਿਆਜ਼।ਦਿਨੇ, ਜੇ ਵਿਹਲ ਮਿਲ ਜਾਵੇ ਤਾਂ ਘੰਟਾ ਕੁ ਅਰਾਮ, ਬਾਕੀ ਦੋ ਵੇਲੇ ਖਾਣਾ, ਰਾਤੀਂ ਜਲਦੀ ਸੌਂ ਜਾਣਾ ਤਾਂ ਜੁ ਅੰਮ੍ਰਿਤ ਵੇਲੇ ਉੱਠ ਸਕੀਏ।"

ਮੈਂ ਦਿਲ ਵਿੱਚ ਸੋਚਿਆ, ਇਹਨਾਂ ਦੇ ਦਿਲ ਵਿੱਚ ਚੰਗੇ-ਚੰਗੇ ਸਿੱਖਾਂ ਨਾਲੋਂ ਗੁਰੂ ਘਰ ਲਈ ਵੱਧ ਪ੍ਰੇਮ ਹੈ। ਤਦ ਪਿਤਾ ਜੀ ਨੇ ਉਹਨਾਂ ਨੂੰ ਪੁੱਛਿਆ, "ਜੋ ਕੁਝ ਭੇਟਾ ਆਪ ਜੀ ਨੂੰ ਮਿਲਦੀ ਹੈ ਉਸ ਵਿੱਚ ਆਪ ਦਾ ਨਿਰਬਾਹ ਹੋ ਜਾਂਦਾ ਹੈ?" ਕਹਿਣ ਲੱਗੇ, **"ਗੁਰੂ ਦੇ ਦਰ ਤੋਂ ਛੁੱਟ ਕਿਸੇ ਹੋਰ ਦਰ ਦੀ ਝਾਕ ਰੱਖਣੀ ਮੈਂ ਪਾਪ ਸਮਝਦਾ ਹਾਂ।"**

**"ਤੁਹਾਡੀਆਂ ਘਰੋਗੀ ਜ਼ਿੰਮੇਵਾਰੀਆਂ ਕਿੰਨੀਆਂ ਕੁ ਨੇ ?"**

**"ਮੇਰੀ ਕੋਈ ਜ਼ਿੰਮੇਵਾਰੀ ਨਹੀਂ। ਜਿਸ ਦਾ ਮੈਂ ਢਾਡੀ ਹਾਂ,ਸਾਰੀਆਂ ਜ਼ਿੰਮੇਵਾਰੀਆਂ ਉਸ ਨੂੰ ਅਰਪਣ ਕਰ ਦਿੱਤੀਆਂ ਹਨ–ਤੇ ਉਹ ਮੈਥੋਂ ਵੱਧ ਭਲੀ-ਭਾਂਤ ਨਿਭਾਉਣ ਦੇ ਸਮਰੱਥ ਹੈ।"** (1944)

## ਸ਼ੁਕਰਾਨੇ ਦੀ ਜਾਚ

ਸਾਡੇ ਕਾਲਜ ਦਾ ਇਕ ਵਿਦਿਆਰਥੀ ਪੀਰਜ਼ਾਦਾ ਸੀ। ਬੜਾ ਤਕੜਾ, ਸੁਡੌਲ ਤੇ ਸੁਨੱਖਾ ਉਸ ਦਾ ਸਰੀਰ ਸੀ। ਫੁੱਟਬਾਲ ਬਹੁਤ ਅੱਛਾ ਖੇਡਦਾ ਸੀ। ਯੂਨੀਵਰਸਿਟੀ ਟੀਮ ਵਿੱਚ ਫੁਲ ਬੈਕ ਸੀ। ਕਾਲਜ ਦੇ ਪ੍ਰਬੰਧਕਾਂ ਦਾ ਖ਼ਿਆਲ ਸੀ ਕਿ ਉਹ ਰਾਸ਼ਟਰੀ ਟੀਮ ਵਿੱਚ ਚੁਣਿਆ ਜਾ ਸਕਦਾ ਹੈ।

ਪਰ, ਦੇਵ ਨੇਤ ਉਸ ਦੀ ਸੱਜੀ ਟੰਗ ਇਕ ਐਕਸੀਡੈਂਟ ਵਿੱਚ ਟੁੱਟ ਗਈ। ਹਸਪਤਾਲ ਵਿੱਚ ਉਸ ਦੇ ਪਲੱਸਤਰ ਲਾਇਆ ਗਿਆ ਜੋ ਦੋ-ਤਿੰਨ ਮਹੀਨੇ ਬਾਅਦ ਹੀ ਖੁੱਲ੍ਹਣਾ ਸੀ। ਸੋ ਉਹ ਫੁੱਟਬਾਲ ਖੇਡਣੋਂ ਰਹਿ ਗਿਆ।

ਮੈਂ ਤੇ ਮੇਰਾ ਇਕ ਜਮਾਤੀ ਉਸ ਦੇ ਘਰ ਗਏ, ਇਸ ਗੱਲ ਦਾ ਅਫ਼ਸੋਸ ਕਰਨ। ਉਹ ਸਾਨੂੰ ਹੱਸ ਕੇ ਮਿਲਿਆ ਤੇ ਕਹਿਣ ਲੱਗਾ, "ਟੰਗ ਟੁੱਟਣ ਦਾ ਤਾਂ ਸੁਆਦ ਹੀ ਆ ਗਿਆ।"

ਅਸੀਂ ਬੜੇ ਹੈਰਾਨ ਹੋਏ। ਅਸਾਂ ਆਖਿਆ, "ਤੇਰੀ ਟੰਗ ਟੁੱਟ ਗਈ ਤੇ ਤੂੰ ਕਹਿੰਦਾ ਏ ਸੁਆਦ ਈ ਆ ਗਿਆ।"

ਉਹ ਕਹਿਣ ਲੱਗਾ, "ਮਿੱਤਰੋ! ਟੰਗ ਹੀ ਟੁੱਟੀ ਏ ਕੋਈ ਦਿਲ ਤਾਂ ਨਹੀਂ ਟੁੱਟਾ। ਟੰਗ ਵੀ ਪੂਰੀ ਉਮੀਦ ਹੈ ਜੁੜ ਜਾਏਗੀ–ਤੇ ਫੁਟਬਾਲ ਕੋਈ ਜ਼ਰੂਰੀ ਏ?" ਫੁਟਬਾਲ ਨਾਲੋਂ ਜ਼ਿੰਦਗੀ ਵੱਡੀ ਹੁੰਦੀ ਏ। ਮੈਂ ਜੋ ਦੋ ਦਿਨ ਹਸਪਤਾਲ



ਰਿਹਾਂ, ਮੈਂ ਪਿਆ ਹੋਇਆ ਟੈਗੋਰ ਦੀਆਂ ਕਹਾਣੀਆਂ ਪੜ੍ਹਦਾ ਰਿਹਾ। ਮੈਂ ਤਾਂ ਸਮਝਨਾ ਟੈਗੋਰ ਨੂੰ ਪੜ੍ਹਨਾ ਫੁਟਬਾਲ ਖੇਡਣ ਨਾਲੋਂ ਕਿਤੇ ਵੱਧ ਫ਼ਾਇਦੇਮੰਦ ਸੀ। ਹਸਪਤਾਲੋਂ ਘਰ ਆਇਆ ਤਾਂ ਆਪਣੇ ਭੈਣ-ਭਰਾਵਾਂ ਨਾਲ ਬੈਠ ਕੇ ਪਿਆਰ ਦੀਆਂ ਗੱਲਾਂ ਕਰਨਾ। ਅੱਬਾ ਪਾਸੋਂ ਕੁਰਾਨ ਮਜੀਦ ਦੇ ਮਾਅਨੇ ਸੁਣਨਾ। ਮੇਰੀ ਤਾਂ ਟੰਗ ਟੁੱਟਣ ਨਾਲ ਜ਼ਿੰਦਗੀ ਹੀ ਸਉਰ ਗਈ ਏ।

ਮੇਰੇ ਮੂੰਹੋਂ ਤੁਰੰਤ ਨਿਕਲ ਗਿਆ, "ਸ਼ੁਕਰ ਗੁਜ਼ਾਰ ਤਾਂ ਬੇਸ਼ੱਕ ਹੋ ਰਹੀਂ, ਕਿਸੇ ਜੋਸ਼ ਵਿੱਚ ਆ ਕੇ ਦੂਜੀ ਟੰਗ ਦਾ ਟੁੱਟਣਾ ਵੀ ਨਾ ਮੰਗ ਬੈਠੀ।" ਕਹਿਣ ਲੱਗਾ, "ਫ਼ਿਕਰ ਨਾ ਕਰ ਕਿਤੇ ਦੂਜੀ ਵੀ ਟੁੱਟ ਜਾਂਦੀ ਤਾਂ ਰੱਬ ਜਾਣੇ ਮੈਨੂੰ ਕੀ ਕੁਝ ਹੋਰ ਪ੍ਰਾਪਤ ਹੋ ਜਾਂਦਾ। ਮੈਨੂੰ ਹੁਣ ਸ਼ੁਕਰਾਨੇ ਵਿੱਚ ਰਹਿਣ ਦੀ ਜਾਚ ਆ ਗਈ ਏ।" (1944)

## ਅਹਿਸਾਨ

ਮੇਰੇ ਬਾਬਾ ਜੀ ਦੇ ਮੁਸਲਮਾਨ ਦੋਸਤ ਵੀ ਬੜੇ ਸਨ। ਉਹ ਬਾਬਾ ਜੀ ਨੂੰ ਬੜਾ ਪਿਆਰ ਤੇ ਸਤਿਕਾਰ ਦਿੰਦੇ ਸਨ, ਕਿਉਂਕਿ ਬਾਬਾ ਜੀ ਨੂੰ ਕਰੀਬਨ ਸਾਰਾ ਕੁਰਾਨ ਜ਼ਬਾਨੀ ਕੰਠ ਸੀ ਤੇ ਉਸ ਦੇ ਅਰਥ ਵੀ ਜਾਣਦੇ ਸਨ। ਉਹਨਾਂ ਵਿੱਚੋਂ ਇੱਕ ਮੀਰ ਮੁੱਲਾਂ ਮੁਹੰਮਦ ਸੀ। ਉਸ ਦੇ ਢੇਰ ਸਾਰੇ ਬਾਗ਼ ਸਨ ਅੰਗੂਰਾਂ ਤੇ ਬਦਾਮਾਂ ਦੇ। ਮੇਵੇ ਦੇ ਸੌਦਾਗਰ ਉਸ ਪਾਸੋਂ ਬਦਾਮ ਤੇ ਕਿਸ਼ਮਿਸ਼ ਲੈ ਜਾਂਦੇ ਸਨ, ਕਿਉਂਕਿ ਉਸ ਦੇ ਬਾਗ਼ ਦੇ ਇਹ ਮੇਵੇ ਬੜੇ ਆਹਲਾ ਦਰਜੇ ਦੇ ਸਨ।

ਇੱਕ ਸਾਲ ਉਸ ਨੇ ਮੱਕੇ ਹੱਜ ਤੇ ਜਾਣ ਦਾ ਇਰਾਦਾ ਕੀਤਾ। ਅਜੇ ਉਸ ਦੀ ਫ਼ਸਲ ਤਿਆਰ ਨਹੀਂ ਸੀ ਤੇ ਖ਼ਰਚ ਜੋਗੇ ਪੂਰੇ ਪੈਸੇ ਉਸ ਕੋਲ ਨਹੀਂ ਸਨ। ਹੱਜ 'ਤੇ ਜਾਣ ਲਈ ਉਸ ਨੂੰ ਹਜ਼ਾਰ ਕੁ ਰੁਪਏ ਦੀ ਲੋੜ ਸੀ, ਜੋ ਵਾਪਸ ਆ ਕੇ ਉਸ ਨੇ ਮੋੜ ਦੇਣੇ ਸਨ, ਕਿਉਂਕਿ ਜਦ ਨੂੰ ਉਸ ਦੀਆਂ ਜ਼ਮੀਨਾਂ ਤੋਂ ਫ਼ਸਲਾਂ ਆ ਜਾਣੀਆਂ ਸਨ। ਉਸ ਨੇ ਮੇਰੇ ਬਾਬਾ ਜੀ ਪਾਸ ਗੱਲ ਕੀਤੀ ਤੇ ਬਾਬਾ ਜੀ ਨੇ ਉਸ ਨੂੰ ਹਜ਼ਾਰ ਰੁਪਏ ਦੇਣ ਦੀ ਹਾਮੀ ਭਰ ਦਿੱਤੀ। ਉਹ ਕਹੇ, "ਮੈਂ ਸੂਦ 'ਤੇ ਲਵਾਂਗਾ।" ਤੇ ਬਾਬਾ ਜੀ ਕਹਿਣ, "ਤੂੰ ਹੱਜ ਤੇ ਜਾ ਰਿਹੈਂ, ਵਾਪਸ ਆ ਕੇ ਮੋੜ ਵੀ ਦੇਣਾ ਏ, ਮੈਂ ਸੂਦ ਨਹੀਂ ਲੈਣਾ।" ਉਹ ਕਹਿਣ ਲੱਗਾ, "ਜੇ ਤੂੰ ਸੂਦ ਨਹੀਂ ਲਵੇਂਗਾ ਤਾਂ ਹੱਜ ਦਾ ਫ਼ਲ ਸਾਰਾ ਮੈਨੂੰ ਨਹੀਂ ਮਿਲੇਗਾ। ਕ੍ਰਿਪਾ ਕਰਕੇ ਸੂਦ ਲੈ-ਲੋ ਤਾਂ ਜੋ ਮੈਨੂੰ ਹੱਜ ਦਾ ਫ਼ਲ ਪੂਰਾ ਪ੍ਰਾਪਤ ਹੋ ਸਕੇ।" ਦੋ ਪੈਸੇ ਰੁਪਏ ਪਿੱਛੇ ਸੂਦ ਦਾ ਫ਼ੈਸਲਾ ਹੋ ਗਿਆ–ਤੇ ਮੁੱਲਾਂ ਹੋਰੀਂ ਆ ਕੇ ਹਜ਼ਾਰ ਰੁਪਿਆ ਲੈ ਗਏ।

ਉਹ ਜਦ ਹੱਜ ਤੋਂ ਮੁੜੇ ਤਾਂ ਹਜ਼ਾਰ ਰੁਪਿਆ ਵੀ ਮੋੜ ਗਏ, ਸੂਦ ਵੀ

ਲਾਹ ਗਏ। ਇੱਕ ਬੋਰੀ ਬਦਾਮ ਦੀਆਂ ਗਿਰੀਆਂ ਦੀ, ਇੱਕ ਕਿਸ਼ਮਿਸ਼ ਦੀ ਤੇ ਦੋ ਬੋਰੀਆਂ ਦਾਲਾਂ ਦੀਆਂ ਵੀ ਲੈ ਆਏ। "ਇਹ ਮੇਰੇ ਵੱਲੋਂ ਸ਼ੁਕਰਾਨੇ ਦੀ ਭੇਟ ਹੈ, ਤੁਸਾਂ ਮੇਰੀ ਹੱਜ ਕਰਵਾਈ ਹੈ। ਮੈਂ ਪ੍ਰਣ ਕੀਤਾ ਹੈ ਕਿ ਜਦ ਤਕ ਮੈਂ ਜ਼ਿੰਦਾ ਹਾਂ ਹਰ ਵਾਢੀ ਤੇ ਕੁਝ ਨਾ ਕੁਝ ਤੁਹਾਨੂੰ ਭੇਜਿਆ ਕਰਾਂਗਾ। ਤਾਂ ਵੀ ਮੈਂ ਤੁਹਾਡਾ ਅਹਿਸਾਨ ਨਹੀਂ ਚੁਕਾ ਸਕਾਂਗਾ।" ਜਦ ਤਕ ਮੁਲਕ ਵੰਡਿਆ ਨਹੀਂ ਗਿਆ, ਉਹ ਹਰ ਸਾਲ ਵਾਢੀ ਤੇ ਸਾਨੂੰ ਦੋ-ਚਾਰ ਬੋਰੀਆਂ ਉਪਰੋਕਤ ਵਸਤਾਂ ਦੀਆਂ ਭੇਜਿਆ ਕਰਦਾ ਸੀ।

ਦੇਸ਼ ਦੀ ਵੰਡ ਹੋਣ ਤੋਂ ਮਗਰੋਂ ਇੱਕ ਦਿਨ ਉਸ ਦੀ ਚਿੱਠੀ ਆਈ ਮੇਰੇ ਬਾਬਾ ਜੀ ਵੱਲ, "ਮੈਨੂੰ ਬੜੇ ਸਬੱਬ ਨਾਲ ਤੁਹਾਡਾ ਪਤਾ ਮਿਲਿਆ ਹੈ। ਇੱਥੇ ਇੱਕ ਫ਼ੌਜੀ ਅਫ਼ਸਰ ਆਇਆ ਸੀ, ਉਹ ਤੁਹਾਨੂੰ ਜਾਣਦਾ ਸੀ। ਉਸਨੇ ਪਤਾ ਦਿੱਤਾ ਹੈ। ਮੈਂ ਆਪਣਾ ਵਾਅਦਾ ਨਿਭਾਉਣ ਤੋਂ ਕਾਸਰ ਹੋ ਗਿਆ ਹਾਂ, ਪਰ ਹਰ ਸਾਲ ਉਹ ਵਸਤਾਂ ਤੇਰੇ ਨਾਮ ਤੇ ਤੇਰੇ ਵੱਲੋਂ ਖ਼ੈਰਾਤ ਕਰ ਦਿੰਦਾ ਹਾਂ।"

(1944)

## ਸਬਰ, ਸੰਤੋਖ ਤੇ ਭਰੋਸਾ

ਸੰਤ ਰਾਮ ਸਿੰਘ ਜੀ ਦੇ ਨਾਲ ਮੈਂ ਤੁਰਿਆ ਜਾ ਰਿਹਾ ਸਾਂ। ਸੰਤ ਜੀ ਬੜੇ ਮਿੱਠੇ ਸੁਭਾਅ ਵਾਲੇ ਬੰਦੇ ਸਨ। ਬੋਲਦੇ ਵੀ ਬੜਾ ਮਿੱਠਾ ਸਨ। ਮੈਂ ਉਨ੍ਹਾਂ ਦੇ ਬੋਲ ਸੁਣਨ ਹਿੱਤ ਗੁਰਦੁਆਰੇ ਤੋਂ ਮੁੜਦਿਆਂ ਉਨ੍ਹਾਂ ਨਾਲ ਤੁਰ ਪਿਆ ਸਾਂ।

ਅਸੀਂ ਤੁਰੇ ਜਾਂਦੇ ਸਾਂ, ਇੱਕ ਮੰਗਤਾ ਸੰਤ ਜੀ ਦੇ ਅੱਗੇ ਆ ਖਲੋਤਾ ਤੇ ਵਾਹਿਗੁਰੂ ਦੇ ਨਾਮ 'ਤੇ ਉਨ੍ਹਾਂ ਤੋਂ ਖਾਣਾ ਖਾਣ ਲਈ ਮੰਗਣ ਲੱਗਾ। ਸੰਤ ਜੀ ਪਹਿਲਾਂ ਹੀ ਹੱਥ ਵਿੱਚ ਕੁਝ ਪੈਸੇ ਫੜੀ ਬੈਠੇ ਸਨ, ਸੋ ਉਹ ਉਨ੍ਹਾਂ ਉਸ ਦੀ ਝੋਲੀ ਵਿੱਚ ਪਾ ਦਿੱਤੇ। ਮੈਂ ਹੈਰਾਨ ਹੋਇਆ ਕਿ ਸੰਤ ਜੀ ਆਪ ਤਾਂ ਕੁਝ ਕਮਾਉਂਦੇ ਨਹੀਂ, ਫਿਰ ਵੀ ਉਨ੍ਹਾਂ ਇਸ ਮੰਗਤੇ ਨੂੰ ਪੈਸੇ ਕਿਵੇਂ ਦੇ ਦਿੱਤੇ? ਮੈਂ ਪੁੱਛ ਲਿਆ, "ਸੰਤ ਜੀ ਤੁਸਾਂ ਇਸ ਮੰਗਤੇ ਨੂੰ ਪੈਸੇ ਕਿਉਂ ਦਿੱਤੇ?" ਕਹਿਣ ਲੱਗੇ, "ਮੈਂ ਸੋਚਦਾ ਹਾਂ, ਕਿ ਜੇ ਮੇਰਾ ਮਾਲਕ ਇਸ ਨੂੰ ਜ਼ਿੰਦਗੀ ਦੇ ਸਕਦਾ ਹੈ ਤਾਂ ਕੀ ਮੈਂ ਇਸ ਨੂੰ ਇੱਕ ਡੰਗ ਦਾ ਖਾਣਾ ਨਹੀਂ ਦੇ ਸਕਦਾ?" ਮੈਂ ਫਿਰ ਪੁੱਛਿਆ, "ਤੁਸਾਂ ਹੱਥ ਵਿੱਚ ਪੈਸੇ ਪਹਿਲਾਂ ਹੀ ਫੜੇ ਹੋਏ ਸਨ, ਇਹ ਕਿਉਂ?" ਕਹਿਣ ਲੱਗੇ, "ਕੱਲ੍ਹ ਜੋ ਕੁਝ ਮੈਨੂੰ ਸੰਗਤਾਂ ਵੱਲੋਂ ਪ੍ਰਾਪਤ ਹੋਇਆ ਉਸ ਵਿੱਚੋਂ ਬਚ ਰਹੇ ਸਨ। ਸੋ ਮੈਂ ਫੜ ਛੱਡੇ ਕਿ ਜਦ ਕੋਈ ਅਭਿਆਗਤ ਮਿਲੇਗਾ, ਉਸਨੂੰ ਦੇ ਦਿਆਂਗਾ।" "ਤੁਹਾਨੂੰ ਇਹ ਕਦੇ ਖ਼ਿਆਲ ਨਹੀਂ ਆਇਆ ਕਿ ਅਚਾਨਕ ਲੋੜ ਵਾਸਤੇ ਕੁਝ ਆਪਣੇ



ਪਾਸ ਵੀ ਰਹਿਣ ਦਿਉ?" ਕਹਿਣ ਲੱਗੇ, "ਜਦ ਮੈਂ ਆਪਣੇ ਆਪ ਨੂੰ ਆਪਣੇ ਸਰਬ-ਸ਼ਕਤੀਮਾਨ ਮਾਲਕ ਦੇ ਸਪੁਰਦ ਹੀ ਕਰ ਦਿੱਤਾ ਹੈ, ਤਾਂ ਮੇਰੀ ਦੇਖਭਾਲ ਕਰਨਾ ਉਸ ਦਾ ਕੰਮ ਹੋ ਗਿਆ ਹੈ- ਤੇ ਮੈਨੂੰ ਮੇਰੇ ਮਾਲਕ ਨੇ ਕਦੇ ਨਿਰਾਸ ਹੋਣ ਦਾ ਮੌਕਾ ਨਹੀਂ ਦਿੱਤਾ।" (1945)

## ਦਿਬ ਦ੍ਰਿਸ਼ਟੀ

ਕੋਇਟੇ ਵਿੱਚ ਸਿੰਘ ਸਭਾ ਦਾ ਤਿੰਨ-ਰੋਜ਼ਾ ਦੀਵਾਨ ਲੱਗਿਆ ਕਰਦਾ ਸੀ। ਬੜੀ ਰੌਣਕ ਲੱਗਦੀ ਸੀ। ਉੱਘੇ ਤੋਂ ਉੱਘੇ ਰਾਗੀ, ਕਥਾਕਾਰ, ਸੰਤ ਤੇ ਕਵੀ ਜਨ ਉੱਥੇ ਬੁਲਾਏ ਜਾਂਦੇ ਸਨ। ਇੱਕ ਵਾਰੀ ਉੱਥੇ ਇੱਕ ਨਾਬੀਨਾ (ਨੇਤਰਹੀਣ) ਸੰਤ ਜੀ ਕਥਾ ਕਰਨ ਲਈ ਬੁਲਾਏ ਗਏ। ਨਾਮ ਉਨ੍ਹਾਂ ਦਾ ਗਾਲਬਾਨ ਮੋਤੀ ਰਾਮ ਜੀ ਸੀ। ਬੜੀ ਪਿਆਰੀ ਕਥਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਰਿਆ ਕਰਦੇ ਸਨ। ਗੁਰੂ ਮਹਾਰਾਜ ਦੀ ਤਾਬਿਆ ਬਹਿ ਕੇ ਕੋਈ ਸਿੰਘ ਵਾਕ ਲੈਂਦਾ ਸੀ, ਸੰਤ ਜੀ ਸਟੇਜ 'ਤੇ ਬੈਠ ਕੇ ਕਥਾ ਕਰਿਆ ਕਰਦੇ ਸਨ। ਇੱਕ ਦਿਨ ਪੱਤਰਾ ਰਾਮਕਲੀ ਰਾਗ ਦਾ ਖੁੱਲ੍ਹ ਗਿਆ ਤੇ ਬਾਣੀ ਅਨੰਦ ਸਾਹਿਬ ਦੀ ਸੀ। ਤਾਬਿਆ ਬੈਠੇ ਸਿੰਘ ਨੇ ਵਾਕ ਇੱਥੋਂ ਸ਼ੁਰੂ ਕੀਤਾ,

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ॥**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ**
**ਨਦਰੀ ਹਰਿ ਨਿਹਾਲਿਆ॥** (ਅੰ: ੯੨੨)

ਸੰਤ ਜੀ ਕਥਾ ਕਰਨ ਲੱਗੇ ਤੇ ਕਿਹਾ, "ਹੇ ਗੁਰੂ ਸਵਾਰੇ ਭਾਗਵਾਨ ਨੇਤ੍ਰਾਂ ਵਾਲਿਓ, ਅੱਜ ਇਸ ਨੇਤ੍ਰਹੀਣ ਪਾਸੋਂ ਗੁਰੂ ਦਾ ਉਪਦੇਸ਼ ਸੁਣੋ, ਗੁਰੂ ਕੀ ਕਹਿੰਦਾ ਹੈ।" ਸੰਤ ਜੀ ਦੇ ਮਸਤਕ ਤੇ ਜਲਾਲ ਸੀ ਤੇ ਸੰਗਤ ਵਿੱਚ ਬੈਠੇ ਹਰ ਪ੍ਰਾਣੀ ਦੇ ਨੇਤ੍ਰਾਂ ਵਿੱਚ ਹੰਝੂ ਸਨ।

ਸੰਤ ਜੀ ਕਹਿਣ ਲੱਗੇ, "ਇਨ੍ਹਾਂ ਨੇਤ੍ਰਾਂ ਨਾਲ ਵੀ ਪ੍ਰਭੂ ਦਿਸਦਾ ਜੇ। ਨੇਤ੍ਰਾਂ ਨਾਲ ਕੁਦਰਤ ਦਿੱਸਦੀ ਹੈ ਤੇ ਕੁਦਰਤ ਵਿੱਚ ਕਾਦਰ ਵੇਖਣ ਦਾ ਸਬੱਬ ਬਣਦਾ ਹੈ। ਕਦੇ ਸੋਚਿਆ ਜੇ ਨਿੱਕੀ ਜਿਹੀ ਨਿਮੋਲੀ ਨਿੰਮ ਦਾ ਬਿਰਛ ਕਿਵੇਂ ਬਣ ਜਾਂਦੀ ਹੈ।

ਉਸ ਦੀ ਹਰ ਟਾਹਣੀ ਆਪਣੀ ਥਾਉਂ ਫੁੱਟਦੀ ਹੈ। ਇੱਕ ਟਹਿਣੀ ਕੱਟ ਦਿਉ, ਤਾਂ ਦੂਜੀ ਉੱਗ ਖਲੋਂਦੀ ਹੈ, ਬਿਰਖ ਦਾ ਵਜ਼ਨ ਕਾਇਮ ਰੱਖਣ ਲਈ।

ਇਹ ਕਿਸੇ ਦੇ ਹੁਕਮ ਵਿੱਚ ਹੋ ਰਿਹਾ ਹੈ। **ਜਿਨ੍ਹਾਂ ਨੇਤ੍ਰਾਂ ਨਾਲ ਵਾਪਰਦਾ ਤਾਂ ਵੇਖਿਆ, ਪਰ ਉਸ ਦੇ ਪਿੱਛੇ ਵਾਪਰਦਾ ਹੁਕਮ ਨਹੀਂ ਪਛਾਣਿਆ, ਉਨ੍ਹਾਂ ਪਾਸ ਦ੍ਰਿਸ਼ਟੀ ਤਾਂ ਹੈ ਦਿੱਬ ਦ੍ਰਿਸ਼ਟੀ ਨਹੀਂ ਹੈ ਤੇ ਜਿਨ੍ਹਾਂ ਪਾਸ ਦਿੱਬ ਦ੍ਰਿਸ਼ਟੀ ਨਹੀਂ ਉਹ ਅੰਧੇ ਹੀ ਰਹੇ।** ਫਿਰ ਮੇਰੇ ਵਿੱਚ ਤੇ ਉਨ੍ਹਾਂ ਵਿੱਚ ਕੋਈ ਫ਼ਰਕ ਨਹੀਂ । ਪਰ ਜਿਨ੍ਹਾਂ ਉੱਪਰ ਕ੍ਰਿਪਾ ਹੋ ਗਈ, ਗੁਰੂ ਦੇ ਲੜ ਲੱਗੇ, ਤਾਂ ਸਤਿਗੁਰਾਂ ਉਨ੍ਹਾਂ ਦੀ ਦਿੱਬ ਦ੍ਰਿਸ਼ਟੀ ਦੇ ਚਖਸ਼ੂ ਖੋਲ੍ਹ ਦਿੱਤੇ। ਆਓ ਮੇਰੇ ਨਾਲ ਰਲੋ ਸਤਿਗੁਰਾਂ ਅੱਗੇ ਮੱਥਾ ਟੇਕੋ ਤੇ ਦਿਲੋਂ ਮੰਗੋ, "ਦਾਤਾ ਦਿੱਬ ਦ੍ਰਿਸ਼ਟੀ ਦੀ ਕ੍ਰਿਪਾਲਤਾ ਕਰੋ।" ਇਹ ਨੇਤ੍ਰ ਤਾਂ ਅੰਨ੍ਹੇ ਜੇ,

"**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥**"... (ਅੰ: ੫੭੭)

ਸੰਤ ਜੀ ਦੀ ਤਾਂ ਇਸ ਤੋਂ ਬਾਅਦ ਵੀ ਕਥਾ ਜਾਰੀ ਰਹੀ; ਪਰ ਮੈਂ ਇਸ ਅਰਦਾਸ ਵਿੱਚ ਹੀ ਜੁਟਿਆ ਰਹਿ ਗਿਆ ਕਿ "**ਹੇ ਮਾਲਕ! ਕਿਰਪਾ ਕਰੋ ਤੇ ਕਦੇ ਮੇਰੀ ਦਿੱਬ ਦ੍ਰਿਸ਼ਟੀ ਦੇ ਚਖਸ਼ੂ ਵੀ ਖੋਲ੍ਹ ਦਿਓ।**... (੧੯੪੫)

## ਕਿਸੇ ਬਜ਼ੁਰਗ ਦਾ ਮਜ਼ਾਕ ਨਾ ਉਡਾਈਏ

ਵੀਰ ਨਿਹਾਲ ਸਿੰਘ ਹੋਰਾਂ ਦਾ ਇੰਜੀਨੀਅਰਿੰਗ ਕਾਲਜ ਵਿੱਚ ਆਖਰੀ ਸਾਲ ਸੀ। ਮੈਂ ਤਦ ਮੈਡੀਕਲ ਕਾਲਜ ਵਿੱਚ ਦਾਖ਼ਲ ਹੋ ਗਿਆ ਸਾਂ। ਨਿਹਾਲ ਸਿੰਘ ਵੀਰ ਜੀ ਨੇ ਤਦ ਹੋਸਟਲ ਛੱਡ ਦਿੱਤਾ ਸੀ ਤੇ ਕਾਲਜ ਦੇ ਲਾਗੇ ਬਾਗਬਾਨਪੁਰੇ ਵਿੱਚ ਇੱਕ ਮਕਾਨ ਕਿਰਾਏ 'ਤੇ ਲੈ ਕੇ ਉੱਥੇ ਰਹਿਣ ਲੱਗ ਗਏ ਸਨ। ਓਥੇ ਹੀ ਉਹਨਾਂ ਪਾਸ ਉਹਨਾਂ ਦੇ ਪਿਤਾ ਜੀ (ਜੋ ਹੁਣ ਰੀਟਾਇਰ ਹੋ ਗਏ ਸਨ) ਤੇ ਮਾਤਾ ਜੀ ਵੀ ਆ ਗਏ ਸਨ।

ਇੱਕ ਦਿਨ ਮੈਂ ਉਹਨਾਂ ਨੂੰ ਮਿਲਣ ਉਹਨਾਂ ਪਾਸ ਗਿਆ। ਓਥੋਂ ਜਦ ਮੈਂ ਪਰਤਣ ਲੱਗਾ ਤਾਂ ਵੀਰ ਜੀ ਕਹਿਣ ਲੱਗੇ, "ਅਸੀਂ ਸਾਈਕਲ 'ਤੇ ਚਲੇ ਜਾਂਦੇ ਹਾਂ। ਮੈਂ ਤੈਨੂੰ ਤੇਰੇ ਹੋਸਟਲ ਉਤਾਰ ਦਿਆਂਗਾ ਤੇ ਅੱਗੇ ਅਨਾਰਕਲੀ ਨਿਕਲ ਜਾਵਾਂਗਾ, ਉੱਥੋਂ ਬੂਟ ਲੈ ਆਵਾਂਗਾ।"

ਅਸੀਂ ਜਾਣ ਲੱਗੇ ਤਾਂ ਉਹਨਾਂ ਦੇ ਬਾਈ ਜੀ (ਪਿਤਾ ਜੀ) ਕਹਿਣ ਲੱਗੇ, "ਦੋਵੇਂ ਜਣੇਂ ਜਾ ਰਹੇ ਹੋ, ਧਿਆਨ ਨਾਲ ਸਾਈਕਲ ਚਲਾਣਾ, ਸਾਈਕਲ ਕਿਤੇ ਟੁੱਟ ਨਾ ਜਾਏ।" ਅਸੀਂ ਦੋਵੇਂ ਹੱਸ ਪਏ- "ਸਾਈਕਲ ਵੀ ਕਦੇ ਟੁੱਟਦੇ ਨੇ?" ਨਿਹਾਲ ਵੀਰ ਜੀ ਨੇ ਕਿਹਾ।

ਅਸੀਂ ਸਾਈਕਲ 'ਤੇ ਸਵਾਰ ਹੋ ਨਿਕਲ ਪਏ। ਵੀਰ ਜੀ ਸਾਈਕਲ ਚਲਾ ਰਹੇ ਸਨ ਤੇ ਮੈਂ ਪਿੱਛੇ ਕੈਰੀਅਰ 'ਤੇ ਬੈਠਾਂ ਸਾਂ। ਅਜੇ ਮਸਾਂ ਇੱਕ ਫਰਲਾਂਗ



ਹੀ ਘਰੋਂ ਨਿਕਲ ਕੇ ਆਏ ਸਾਂ ਕਿ ਸੜਕ ਦੇ ਇੱਕ ਟੋਏ ਵਿੱਚ ਅਗਲਾ ਪਹੀਆ ਜਾ ਵੱਜਾ ਤੇ ਧਮਾਕੇ ਨਾਲ ਅਗਲੇ ਪਹੀਏ ਦਾ ਚਿਮਟਾ ਟੁੱਟ ਗਿਆ। ਅਗਲਾ ਪਹੀਆ ਲੱਥ ਕੇ ਪਰੇ ਜਾ ਪਿਆ। ਸ਼ੁਕਰ ਕਰੋ, ਸਾਨੂੰ ਕੋਈ ਸੱਟ ਨਹੀਂ ਲੱਗੀ।

ਅਕਲਮੰਦ ਹੁੰਦੇ ਤਾਂ ਅਸੀਂ ਉੱਥੋਂ ਘਰ ਪਰਤ ਜਾਂਦੇ; ਪਰ ਜਾਂਦੇ ਕਿਹੜੇ ਮੂੰਹ ਨਾਲ? ਬਾਊ ਜੀ ਜਦ ਕਿਹਾ ਕਿ ਧਿਆਨ ਰੱਖਣਾ ਕਿਤੇ ਸਾਈਕਲ ਟੁੱਟ ਨਾ ਜਾਵੇ, ਤਾਂ ਅਸੀਂ ਉਨ੍ਹਾਂ ਦੀ ਖਿੱਲੀ ਉਡਾ ਦਿੱਤੀ ਸੀ। ਹੁਣ ਟੁੱਟਾ ਹੋਇਆ ਸਾਈਕਲ ਲੈ ਕੇ ਘਰ ਕਿਵੇਂ ਜਾਈਏ?

ਅਸਾਂ ਸੋਚਿਆ ਇੱਕ-ਇੱਕ ਪਹੀਆ ਰੇੜ੍ਹ ਕੇ ਰੇਲਵੇ ਸਟੇਸ਼ਨ ਤਕ ਲੈ ਜਾਂਦੇ ਹਾਂ ਜੋ ਉੱਥੋਂ ਕੋਈ ਮੀਲ, ਸਵਾ ਮੀਲ 'ਤੇ ਸੀ। ਓਥੇ ਸਾਈਕਲ-ਸਟੈਂਡ 'ਤੇ ਇਸ ਨੂੰ ਰੱਖ ਦਿਆਂਗੇ ਤੇ ਆਪ ਕਿਸੇ ਟਾਂਗੇ 'ਤੇ ਬੈਠ ਜਾਵਾਂਗੇ। ਟਾਂਗੇ ਵਾਲਾ ਇੱਕ ਸਵਾਰੀ ਦੇ ਚਾਰ ਆਨੇ ਲੈਂਦਾ ਸੀ ਤੇ ਸਾਈਕਲ ਰੱਖਣ ਦੇ ਦੋ ਆਨੇ ਹੀ ਲੱਗਣੇ ਸਨ।

ਜਦ ਅਸੀਂ ਰੇਲਵੇ ਸਟੇਸ਼ਨ ਦੇ ਸਾਈਕਲ-ਸਟੈਂਡ 'ਤੇ ਪਹੁੰਚੇ ਤਾਂ ਸਟੈਂਡ ਵਾਲੇ ਨੇ ਸਾਈਕਲ ਰੱਖਣੋਂ ਇਨਕਾਰ ਕਰ ਦਿੱਤਾ। ਉਹ ਕਹਿਣ ਲੱਗਾ ਕੱਲ੍ਹ ਨੂੰ ਤੁਸੀਂ ਇਹ ਕਹੋਗੇ, ਸਾਈਕਲ ਤਾਂ ਤੁਸਾਂ ਸਾਬਤ ਰੱਖਿਆ ਸੀ, ਸਟੈਂਡ ਵਿੱਚ ਟੁੱਟਾ ਹੈ। ਅਸੀਂ ਇਹ ਜ਼ਿੰਮੇਵਾਰੀ ਨਹੀਂ ਲੈ ਸਕਦੇ। ਅਸਾਂ ਕਿਹਾ ਤੂੰ ਦੋ ਟਿਕਟਾਂ ਦੇ ਦੇ ਇੱਕ ਅਗਲੇ ਪਹੀਏ ਦੀ, ਇੱਕ ਪਿੱਛਲੇ ਪਹੀਏ ਦੀ। ਪਰ ਉਹ ਕਹਿਣ ਲੱਗਾ, ਤਦ ਤਾਂ ਮੇਰੀ ਜ਼ਿੰਮੇਵਾਰੀ ਦੋ ਸਾਈਕਲਾਂ ਦੀ ਹੋ ਜਾਏਗੀ। ਅਸਾਂ ਬੜੇ ਤਰਲੇ ਕੀਤੇ, ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਤਦ ਅਸਾਂ ਟਾਂਗੇ ਵੱਲ ਮੂੰਹ ਕੀਤਾ। ਟਾਂਗੇ ਵਾਲਾ ਸਾਨੂੰ ਸਵਾਰੀਆਂ ਦੇ ਹਿਸਾਬ ਬਿਠਾਣ ਨੂੰ ਤਿਆਰ ਨਾ ਹੋਇਆ, ਕਿਉਂਕਿ ਸਾਡੇ ਕੋਲ ਟੁੱਟਾ ਹੋਇਆ ਸਾਈਕਲ ਸੀ। ਉਹ ਕਹਿਣ ਲੱਗਾ, ਸਾਲਮ ਟਾਂਗਾ ਕਰ ਲਉ ਤਾਂ ਲੈ ਚੱਲਾਂਗਾ। ਪਰ ਸਾਈਕਲ ਦੇ ਪੈਸੇ ਵੱਖ ਹੋਣਗੇ। ਫ਼ੈਸਲਾ ਡੇਢ ਰੁਪਏ ਤੇ ਹੋਇਆ। ਟਾਂਗੇ ਵਾਲਾ ਸਾਨੂੰ ਮੇਰੇ ਹੋਸਟਲ ਛੱਡ ਗਿਆ। ਸਾਈਕਲ ਅਸਾਂ ਉਤਾਰ ਲਿਆ ਤੇ ਦੋਵੇਂ ਹਿੱਸੇ ਅਸੀਂ ਅਲੱਗ-ਅਲੱਗ ਰੇੜ੍ਹ ਕੇ ਅੰਦਰ ਲੈ ਗਏ। ਜਿਸ ਕਿਸੇ ਨੇ ਸਾਨੂੰ ਵੇਖਿਆ, ਖੂਬ ਹੱਸਿਆ ਜਾਂ ਮੁਸਕਰਾਇਆ।

ਸਾਈਕਲ ਦੇ ਦੋਵੇਂ ਹਿੱਸੇ ਅਸਾਂ ਨੌਕਰ ਨੂੰ ਦਿੱਤੇ ਤੇ ਕਿਹਾ ਜਾਹ ਨਵਾਂ ਚਿਮਟਾ ਪੁਆ ਲਿਆ। ਜਦ ਉਹ ਲੈ ਗਿਆ ਤਾਂ ਵੀਰ ਜੀ ਕਹਿਣ ਲੱਗੇ, "ਚੱਲੋ ਗੁਰਦੁਆਰੇ ਚੱਲੀਏ ਤੇ ਗੁਰੂ ਦੀ ਹਜ਼ੂਰੀ ਵਿੱਚ ਪ੍ਰਣ ਕਰੀਏ ਕਿ ਕਦੇ ਕਿਸੇ ਬਜ਼ੁਰਗ ਦਾ ਮਜ਼ਾਕ ਨਹੀਂ ਉਡਾਵਾਂਗੇ।" (1945)

# ਮਨੁੱਖ ਦੀ ਬਰਦਾਸ਼ਤ, ਹਰ ਦਰਦ ਤੋਂ ਵੱਡੀ

ਲਾਹੌਰ ਮੈਡੀਕਲ ਕਾਲਜ ਦੇ ਹੋਸਟਲ ਦੇ ਬਾਹਰ ਸੜਕ ਟੱਪ ਕੇ ਇੱਕ ਖੁੱਲ੍ਹੇ ਮੈਦਾਨ ਵਿੱਚ, ਸਿੱਖ ਵਿਦਿਆਰਥੀਆਂ ਨੇ ਇੱਕ ਨਿੱਕਾ ਜਿਹਾ ਕਮਰਾ ਪਾ ਕੇ ਗੁਰਦੁਆਰਾ ਬਣਾਇਆ ਹੋਇਆ ਸੀ। ਉੱਥੇ ਹਰ ਐਤਵਾਰ ਵਿਦਿਆਰਥੀ ਆਪ ਆਸਾ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਸਨ, ਬਾਹਰ ਕਰ ਕੇ ਇੱਟਾਂ ਦਾ ਇੱਕ ਥੜ੍ਹਾ ਜਿਹਾ ਸੀ। ਉਸ ਉੱਪਰ ਇੱਕ ਅਧਖੜ ਬਜ਼ੁਰਗ, ਮਾਸਟਰ ਗੰਗਾ ਸਿੰਘ ਆ ਕੇ ਬੈਠ ਜਾਇਆ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਜੋੜਾਂ ਦੀਆਂ ਦਰਦਾਂ ਸਨ ਤੇ ਉਹ ਅੰਦਰ ਚੌਂਕੜੀ ਮਾਰ ਕੇ ਨਹੀਂ ਬੈਠ ਸਕਦੇ ਸਨ। ਉਹ ਦੱਸਦੇ ਸਨ ਕਿ ਰਾਤੀਂ ਦਰਦ ਹੋਰ ਵੀ ਤੇਜ਼ ਹੋ ਜਾਂਦੀ ਹੈ ਤੇ ਉਹਨਾਂ ਦੇ ਮੂੰਹੋਂ ਉੱਚੀ-ਉੱਚੀ "ਹਾਏ, ਹਾਏ" ਨਿਕਲਣ ਲੱਗਦੀ ਹੈ।

ਇੱਕ ਦਿਨ ਅਚਨਚੇਤ, ਉਹ ਅੰਦਰ ਆ ਕੇ ਭੁੰਜੇ ਬੈਠ ਗਏ। ਅਸੀਂ ਸਭ ਚਕਿੱਤ ਹੋ ਗਏ। ਅਸਾਂ ਪੁੱਛਿਆ, ਤਾਂ ਕਹਿਣ ਲੱਗੇ, "ਬਾਹਰ ਬੈਠੇ ਨੂੰ ਕੀਰਤਨ ਤਾਂ ਘੱਟ ਸੁਣਦਾ ਸੀ, ਕਾਰਾਂ ਦੇ ਹਾਰਨ, ਛਕੜਿਆਂ ਦੀ ਖੜ-ਖੜ, ਟਾਂਗੇ ਵਾਲਿਆਂ ਦੀਆਂ ਹਾਕਾਂ ਤੇ ਕੁੱਤਿਆਂ ਦੇ ਭੌਂਕਣ ਦੀਆਂ 'ਅਵਾਜ਼ਾਂ ਸਭ ਮੈਨੂੰ ਦੁਖੀ ਕਰਦੀਆਂ ਸਨ। ਮੈਂ ਸੋਚਿਆ, ਕਿਉਂ ਨਾ ਅੰਦਰ ਹੀ ਜਾ ਬੈਠਾਂ। ਅੰਦਰ ਕੀਰਤਨ ਚੰਗੀ ਤਰ੍ਹਾਂ ਸੁਣਾਂਗਾ। ਸੁਹਣੇ ਚਿਹਰੇ, ਸੁਹਣੀਆਂ ਪੱਗਾਂ, ਦਿੱਸਣਗੀਆਂ। ਧਿਆਨ ਲਾਉਣ ਨੂੰ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਖਾਂਗਾ। ਇਹਨਾਂ ਸਾਰੀਆਂ ਸੁਹਾਵੀਆਂ ਸੰਵੇਦਨਾਵਾਂ 'ਤੇ ਜੇ ਧਿਆਨ ਲਾਵਾਂਗਾ ਤਾਂ ਸ਼ਾਇਦ ਦਰਦ ਵੇਦਨਾ ਵੀ ਘਟ ਜਾਵੇ।

ਸੋ ਫ਼ੈਸਲਾ ਕਰ ਕੇ ਅਜ਼ਮਾਇਸ਼ ਕਰਨ ਲਈ ਹਿੰਮਤ ਜੁਟਾਈ ਹੈ ਤੇ ਗੁਰੂ ਦੀ ਕਿਰਪਾ ਨਾਲ ਸਫਲ ਹੋਇਆ ਹਾਂ। ਪਤਾ ਨਹੀਂ ਦਰਦ ਘਟਿਆ ਕਿ ਮੇਰੀ ਬਰਦਾਸ਼ਤ ਉੱਚੀ ਹੋ ਗਈ ਹੈ। **ਮੇਰਾ ਖ਼ਿਆਲ ਹੈ ਕੀਰਤਨ ਸੁਣਦਿਆਂ ਮੇਰੀ ਬਰਦਾਸ਼ਤ ਉੱਚੀ ਹੋਈ ਹੈ।**

ਅਗਲੇ ਹਫ਼ਤੇ ਉਹ ਫਿਰ ਅੰਦਰ ਹੀ ਆ ਕੇ ਬੈਠੇ। ਮਗਰੋਂ ਦੱਸਣ ਲੱਗੇ, ਪਿਛਲੇ ਐਤਵਾਰ ਜਦ ਮੈਂ ਏਥੋਂ ਗਿਆ ਤਾਂ ਮਨ ਬਣਾਇਆ ਕਿ ਰਾਤੀਂ ਭਾਵੇਂ ਕਿਤਨੀ ਵੀ ਦਰਦ ਕਿਉਂ ਨਾ ਹੋਵੇ, ਮੈਂ ਹਾਏ-ਹਾਏ ਨਹੀਂ ਕਰਾਂਗਾ, ਸਗੋਂ ਵਾਹਿਗੁਰੂ-ਵਾਹਿਗੁਰੂ ਕਰਾਂਗਾ, ਉਹ ਵੀ ਉੱਚਾ ਨਹੀਂ, ਸਗੋਂ ਦਿਲ ਵਿੱਚ ਹੀ। ਵਾਹਿਗੁਰੂ-ਵਾਹਿਗੁਰੂ ਕਰਦਿਆਂ ਬਰਦਾਸ਼ਤ ਹੋਰ ਉੱਚੀ ਹੋ ਗਈ। ਕਿੱਥੇ ਮੇਰੀ



ਹਾਏ-ਹਾਏ ਸਭ ਨੂੰ ਦੁੱਖੀ ਕਰਦੀ ਸੀ, ਰਾਤੀਂ ਵਾਹਿਗੁਰੂ-ਵਾਹਿਗੁਰੂ ਕਰਦਿਆਂ ਮੈਂ ਆਪ ਸੌਂ ਗਿਆ। ਮੈਂ ਤਾਂ ਇਸ ਨਤੀਜੇ 'ਤੇ ਪਹੁੰਚਿਆ ਕਿ ਰੱਬ ਸੱਚੇ ਨੇ ਕੋਈ ਪੀੜ ਮਨੁੱਖ ਦੀ ਬਰਦਾਸ਼ਤ ਤੋਂ ਵੱਡੀ ਨਹੀਂ ਬਣਾਈ। ਜੇਕਰ ਦਿਲ ਛੋੜ ਦੇਵੀਏ ਤਾਂ ਆਪ ਫਸਦੇ ਹਾਂ। ਉਹ ਵੀ ਹੈ ਸਨ ਜਿਨ੍ਹਾਂ ਨੇ ਬੰਦ-ਬੰਦ ਕਟਵਾ ਲਏ, ਚਰਖੜੀਆਂ 'ਤੇ ਚੜ੍ਹ ਗਏ, ਆਰਿਆਂ ਨਾਲ ਚੀਰੇ ਗਏ, ਪਰ ਸੀ ਤਕ ਨਹੀਂ ਉਚਾਰੀ। ਅਸੀਂ ਨਿੱਕੀਆਂ-ਨਿੱਕੀਆਂ ਪੀੜਾਂ 'ਤੇ ਹੀ ਹਾਏ-ਹਾਏ ਕਰਨ ਲੱਗ ਜਾਂਦੇ ਹਾਂ। ਪੀੜ ਵੀ ਪ੍ਰਭੂ ਦਾ ਪ੍ਰਸ਼ਾਦ ਹੈ। ਗੁਰੂ ਜੀ ਵੀ ਤਾਂ ਕਹਿੰਦੇ ਹਨ:

**ਕੇਤਿਆ ਦੂਖ ਭੂਖ ਸਦ ਮਾਰ॥**
**ਏਹਿ ਭਿ ਦਾਤਿ ਤੇਰੀ ਦਾਤਾਰ॥** (ਅੰ: ੫) (1945)

# ਲਾਲਟੈਨ ਤੇ ਆਰਸੀ

ਸਾਧੂ ਰਾਘਵਾਨੰਦ ਜੀ ਕੋਈ 70-75 ਸਾਲ ਦੇ ਸਨ। ਉਮਰ ਭਾਵੇਂ ਵੱਡੀ ਸੀ, ਪਰ ਸਰੀਰ ਤਕੜਾ ਤੇ ਸਿਹਤਮੰਦ ਸੀ; ਭਾਵੇਂ ਕੇਵਲ ਦੁੱਧ ਤੇ ਕੁਝ ਫਲਾਂ 'ਤੇ ਹੀ ਗੁਜ਼ਾਰਾ ਕਰਦੇ ਸਨ। ਅੰਨ ਆਦਿ ਹੋਰ ਕੁਝ ਵੀ ਨਹੀਂ ਸਨ ਖਾਂਦੇ।

ਉਹ ਕਈ ਵਾਰ ਸਾਡੇ ਘਰ ਮੇਰੇ ਦਾਦਾ ਜੀ ਨਾਲ ਅਧਿਆਤਮਿਕ ਵਾਰਤਾਲਾਪ ਕਰਨ ਆ ਜਾਇਆ ਕਰਦੇ ਸਨ। ਉਹਨਾਂ ਦੀ ਸਾਰੀ ਜਾਇਦਾਦ ਧੋਤੀ ਕੁਰਤਾ ਤੇ ਇੱਕ ਕਮੰਡਲ ਸੀ। ਸੌਂਦੇ ਵੀ ਭੁੰਜੇ ਹੀ ਸਨ। ਬੜੇ ਤਪੱਸਵੀ ਸਨ।

ਇੱਕ ਦਿਨ ਉਹ ਆਏ ਤਾਂ ਦਾਦਾ ਜੀ ਘਰ ਨਹੀਂ ਸਨ। ਮੈਂ ਘਰੇ ਸਾਂ, ਮੈਂ ਉਹਨਾਂ ਨੂੰ ਅੰਦਰ ਬਿਠਾਇਆ ਤੇ ਦੱਸਿਆ ਕਿ ਦਾਦਾ ਜੀ ਛੇਤੀ ਹੀ ਆ ਜਾਣਗੇ, ਗੁਰਦੁਆਰੇ ਮੱਥਾ ਟੇਕਣ ਗਏ ਹਨ।

ਜਦ ਅਸੀਂ ਦੋਵੇਂ ਸਾਂ ਤਾਂ ਮੈਂ ਸਾਧੂ ਮਹਾਰਾਜ ਨੂੰ ਪੁੱਛਿਆ, "ਅੰਤਰ ਜੋਤਿ ਕਿਵੇਂ ਜਗਦੀ ਹੈ?" ਕਹਿਣ ਲੱਗੇ, "ਦੋ ਤਰ੍ਹਾਂ, ਇੱਕ ਲਾਲਟੈਨ ਰਾਹੀਂ, ਇੱਕ ਆਰਸੀ ਰਾਹੀਂ।"

ਮੈਂ ਕਿਹਾ ਮਹਾਰਾਜ ਆਪ ਦੀ ਗੱਲ ਮੇਰੀ ਸਮਝ ਨਹੀਂ ਪਈ। ਕਹਿਣ ਲੱਗੇ, "ਲਾਲਟੈਨ ਦਾ ਭਾਵ ਹੈ ਕਿਸੇ ਦੇ ਅੰਦਰੋਂ ਸੁਤੈ ਪ੍ਰਕਾਸ਼ ਹੋ ਜਾਵੇ। ਇਹ ਪਰਮਾਤਮਾ ਦੀ ਕਿਰਪਾ ਨਾਲ ਕਿਸੇ ਨੂੰ ਵੀ ਕਿਸੇ ਵੇਲੇ ਹੋ ਸਕਦਾ ਹੈ। ਦੂਜਾ ਆਰਸੀ ਦਾ ਭਾਵ ਅਗਲੇ ਨੂੰ ਜਿਵੇਂ ਆਰਸੀ ਵਿੱਚ ਆਪਣਾ ਮੂੰਹ ਦਿੱਸਦਾ ਹੈ,ਉਵੇਂ ਉਸ ਨੂੰ ਉਸ ਦੇ ਅੰਦਰ ਜੋਤਿ ਦੇ ਦੀਦਾਰ ਕਰਾਉਣੇ। ਇਹ ਗੁਰੂ ਕਰਾਉਂਦਾ ਹੈ। ਪਹਿਲੋਂ ਉਸ ਨੂੰ ਅੰਦਰ ਦੀ ਜੋਤਿ ਵੱਲੋਂ ਆਗਾਹ ਕਰਦਾ ਹੈ ਤੇ

ਫਿਰ ਉਸ ਜੋਤ ਦੇ ਦਰਸ਼ਨਾਂ ਦਾ ਸਾਧਨ ਦੱਸਦਾ ਹੈ।

ਅਜੇ ਸਾਡੀ ਗੱਲ ਇਤਨੀ ਹੀ ਹੋਈ ਸੀ ਕਿ ਦਾਦਾ ਜੀ ਆ ਗਏ ਤੇ ਮੈਂ ਦੋਹਾਂ ਜਣਿਆਂ ਨੂੰ ਪਰਸਪਰ ਵਿਚਾਰ-ਵਟਾਂਦਰੇ ਲਈ ਛੋੜ ਕੇ ਬਾਹਰ ਆ ਗਿਆ।

ਸਾਧੂ ਮਹਾਰਾਜ ਨਾਲ ਮੇਰੀ ਜੋ ਵਾਰਤਾ ਹੋਈ ਉਸ ਬਾਰੇ ਮੈਂ ਆਪਣੇ ਦਾਦਾ ਜੀ ਨੂੰ ਦੱਸਿਆ ਤੇ ਕਿਹਾ ਮੇਰੀ ਜਿਗਿਆਸਾ ਵਿੱਚੇ ਹੀ ਰਹਿ ਗਈ ਕਿਉਂਕਿ ਤੁਸੀਂ ਆ ਗਏ ਤੇ ਮੈਂ ਤੁਹਾਨੂੰ ਸਾਧੂ ਮਹਾਰਾਜ ਕੋਲ ਇਕੱਲਿਆਂ ਛੋੜ ਆਉਣਾ ਉਚਿਤ ਸਮਝਿਆ।

ਦਾਦਾ ਜੀ ਮੁਸਕਰਾਏ ਤੇ ਕਹਿਣ ਲੱਗੇ ਇਉਂ ਸਮਝ ਗੁਰੂ ਨਾਨਕ ਸਾਹਿਬ ਦੇ ਅੰਦਰ ਪਰਮਾਤਮਾ ਨੇ ਆਪ ਜੋਤਿ ਜਗਾਈ, ਜਦ ਵੇਈਂ ਵਾਲੇ ਸਾਕੇ ਵਿੱਚ ਉਹ ਦੈਵੀ ਦਰਬਾਰ ਵਿੱਚ ਪਰਮਾਤਮਾ ਦੇ ਸਨਮੁੱਖ ਹੋਏ। ਪਰ ਗੁਰੂ ਅੰਗਦ ਸਾਹਿਬ ਵਿੱਚ ਜੋਤਿ ਗੁਰੂ ਨਾਨਕ ਸਾਹਿਬ ਨੇ ਜਗਾਈ। ਪਹਿਲੀ ਜੋਤਿ ਸਿੱਧੀ ਲਾਲਟੈਨ ਦੀ ਜੋਤਿ ਵਰਗੀ ਸੀ ਭਾਵੇਂ ਇਸ ਦਾ ਚਾਨਣ ਲਾਲਟੈਨ ਵਰਗਾ ਨਹੀਂ, ਕਈ ਸੂਰਜਾਂ ਵਰਗਾ ਹੁੰਦਾ ਹੈ। **ਇਹ ਜੋਤਿ ਮੌਜੂਦ ਤਾਂ ਸਭ ਦੇ ਅੰਦਰ ਹੈ, ਪਰ ਕਰਮਾਂ ਹੇਠ ਢੱਕੀ ਹੁੰਦੀ ਹੈ। ਉਸ ਨੂੰ ਕੋਈ ਵੇਖ ਨਹੀਂ ਸਕਦਾ।ਗੁਰੂ ਆਪਣੀ ਮਿਹਰ ਦੀ ਨਜ਼ਰ ਨਾਲ ਜਿਗਿਆਸੂ ਨੂੰ ਉਸ ਦਾ ਝਲਕਾਰਾ ਵਿਖਾ ਸਕਦੇ ਹਨ, ਆਪ ਉਸ ਦੀ ਆਰਸੀ ਬਣ ਕੇ।ਜਿਗਿਆਸੂ ਇਹ ਤਾਂ ਹੀ ਵੇਖ ਸਕਦਾ ਹੈ ਜੇ ਆਪਣੇ ਆਪ ਨੂੰ ਗੁਰੂ ਅੱਗੇ ਆਪਣਾ ਆਤਮ ਸਮਰਪਣ ਕਰ ਦੇਵੇ।** (1946)

## ਅਨੁਭਵੀ ਅਰਥ

ਲਾਹੌਰ ਅਨਾਰਕਲੀ ਬਾਜ਼ਾਰ ਵਿੱਚੋਂ ਇੱਕ ਗਲੀ ਨਿਕਲਦੀ ਸੀ। ਨੁੱਕਰ ਉੱਤੇ ਇੱਕ ਖੋਖਾਨੁਮਾ ਦੁਕਾਨ ਸੀ, ਪੰਜਾਬੀ ਦੇ ਪ੍ਰਕਾਸ਼ਕ 'ਸਿੰਘ ਬ੍ਰਦਰਜ਼' ਦੀ। ਸਰਦਾਰ ਸੇਵਾ ਸਿੰਘ ਗੱਦੀ 'ਤੇ ਬੈਠਦੇ ਸਨ। ਸੁੰਦਰ ਖੁੱਲ੍ਹਾ ਦਾਹੜਾ, ਕਾਲੇ ਰੰਗ ਦੀ ਅਕਾਲੀ ਪੱਗ, ਗਲੇ ਵਿੱਚ ਗਾਤ੍ਰਾ, ਗਾਤ੍ਰੇ ਵਿੱਚ ਕਿਰਪਾਨ, ਗੁਰਮੁੱਖ, ਰੰਗ-ਰੱਤੇ ਮਨੁੱਖ ਸਨ। ਪੰਜਾਬੀ ਦੇ ਸਿਰਕੱਢ ਲੇਖਕਾਂ ਦੇ ਉਹ ਪ੍ਰਕਾਸ਼ਕ ਸਨ; ਸੋ, ਉਹ ਲੇਖਕ ਉਨ੍ਹਾਂ ਦੇ ਫੇਰਾ ਮਾਰਦੇ ਰਹਿੰਦੇ ਸਨ। ਮੈਂ ਕਾਲਜ ਵਿੱਚ ਦਾਖ਼ਲ ਹੀ ਹੋਇਆ ਸਾਂ ਤੇ ਪੰਦਰਾਂ ਕੁ ਸਾਲ ਦਾ ਹੀ ਹੋਵਾਂਗਾ। ਮੈਂ ਹਫ਼ਤੇ ਵਿੱਚ ਇੱਕ ਦਿਨ ਜ਼ਰੂਰ ਉਨ੍ਹਾਂ ਦੇ ਜਾ ਆਉਂਦਾ ਸਾਂ। ਕਿਸੇ ਨਾ ਕਿਸੇ ਲੇਖਕ ਨਾਲ ਉੱਥੇ ਮੁਲਾਕਾਤ ਹੋ ਜਾਂਦੀ ਸੀ। ਸਫ਼ੀਰ ਸਾਹਿਬ, ਦੁੱਗਲ ਸਾਹਿਬ, ਬਾਵਾ ਬਲਵੰਤ, ਈਸ਼ਵਰ ਚਿੱਤਰਕਾਰ, ਸੁਜਾਨ ਸਿੰਘ ਆਦਿ ਮੈਨੂੰ ਪਹਿਲੀ ਵਾਰ ਉਹਨਾਂ ਦੇ ਹੀ ਮਿਲੇ।

ਸੇਵਾ ਸਿੰਘ ਹੋਰੀਂ ਬੜੇ ਮਿਹਨਤੀ ਵੀ ਸਨ, ਦਿਆਨਤਦਾਰ ਵੀ। ਸੱਚੀ



ਰਹਿਤ ਤੇ ਸੁੱਚੀ ਕਿਰਤ ਉਨ੍ਹਾਂ ਦੀ ਜ਼ਿੰਦਗੀ ਦਾ ਦਸਤੂਰ ਜਾਪਦਾ ਸੀ। ਇਸ ਲਈ ਸਾਰੇ ਲੇਖਕ ਉਹਨਾਂ ਨੂੰ ਪਸੰਦ ਕਰਦੇ ਸਨ।

ਇੱਕ ਦਿਨ ਬੈਠੇ ਉਹ ਕਿਸੇ ਖਰੜੇ ਦਾ ਪਰੂਫ਼ ਦੇਖ ਰਹੇ ਸਨ। ਮੈਂ ਜਾ ਕੇ ਕੋਲ ਖਲੋ ਗਿਆ। ਘੰਟਾ ਕੁ ਉਹ ਪਰੂਫ਼ ਦੇਖਦੇ ਰਹੇ ਤੇ ਮੈਂ ਕੋਲ ਖੜ੍ਹਾ ਵੇਖਦਾ ਰਿਹਾ। ਪਰੂਫ਼ ਪੜ੍ਹਨ ਦੀ ਜਾਚ ਮੈਂ ਇਉਂ ਉਨ੍ਹਾਂ ਪਾਸੋਂ ਸਿੱਖ ਲਈ।

ਇੱਕ ਦਿਨ ਕਹਿਣ ਲੱਗੇ, "ਨੇਕੀ ਜੀ, ਜਪੁ ਜੀ ਸਾਹਿਬ ਵਿੱਚ ਦੋ ਤੁਕਾਂ ਐਸੀਆਂ ਹਨ ਜਿਨ੍ਹਾਂ ਦੇ ਲੋਕਾਂ ਨੇ ਅਰਥ ਤਾਂ ਕਰ ਦਿੱਤੇ ਹਨ, ਪਰ ਉਹਨਾਂ ਦਾ ਅੰਤਰੀਵ ਭਾਵ ਉਜਾਗਰ ਨਹੀਂ ਕਰ ਸਕੇ। ਇੱਕ ਤੁਕ ਹੈ:

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥'** (ਅੰ: ੩)

ਤੇ ਦੂਜੀ:

**'ਸੁਅਸਤਿ ਆਥਿ ਬਾਣੀ ਬਰਮਾਉ॥**
**ਸਤਿ ਸੁਹਾਣੁ ਸਦਾ ਮਨਿ ਚਾਉ॥'** (ਅੰ: ੪)

ਮੈਂ ਜਪੁ ਜੀ ਸਾਹਿਬ ਦਾ ਪਾਠ ਬੜੀ ਵਾਰੀ ਕੀਤਾ ਸੀ, ਪਰ ਉਸਦੇ ਭਾਵ ਅਰਥਾਂ ਬਾਰੇ ਕਦੀ ਨਹੀਂ ਸੀ ਸੋਚਿਆ। ਪਹਿਲੀ ਵਾਰ ਮੈਨੂੰ ਖ਼ਿਆਲ ਆਇਆ, ਮੈਨੂੰ ਭਾਵ ਅਰਥ ਸਮਝਣੇ ਚਾਹੀਦੇ ਹਨ।

ਮੈਂ ਜਪੁ ਜੀ ਸਾਹਿਬ ਦੇ ਦੋ ਟੀਕੇ ਖ਼ਰੀਦ ਲਏ ਇੱਕ ਭਾਈ ਵੀਰ ਸਿੰਘ ਹੋਰਾਂ ਦਾ ਤੇ ਦੂਜਾ ਪ੍ਰੋ: ਸਾਹਿਬ ਸਿੰਘ ਹੋਰਾਂ ਦਾ। ਘਰ ਜਾ ਕੇ ਪੜ੍ਹੇ। ਪਹਿਲੀ ਵਾਰ ਮੈਂ ਮਹਿਸੂਸ ਕੀਤਾ ਕਿ ਬਾਣੀ ਕੇਵਲ ਪੜ੍ਹਨ ਦੀ ਵਸਤ ਨਹੀਂ, ਵਿਚਾਰਨ ਦੀ ਵਸਤ ਹੈ।

ਕਈ-ਕਈ ਦਿਨ ਮੁੜ-ਮੁੜ ਪਾਠ ਕੀਤਾ। ਉਹ ਦੋ ਤੁਕਾਂ ਤਾਂ ਕੀ , ਕਈ ਹੋਰ ਤੁਕਾਂ ਦੇ ਅਰਥ ਵੀ ਦੋਹਾਂ ਟੀਕਿਆਂ ਦੇ ਬਾਵਜੂਦ ਸਮਝ ਨਾ ਆਏ।

ਮੈਂ ਅਗਲੀ ਵੇਰ ਸੇਵਾ ਸਿੰਘ ਹੋਰਾਂ ਦੇ ਗਿਆ ਤੇ ਉਨ੍ਹਾਂ ਨਾਲ ਇਸ ਬਾਰੇ ਜ਼ਿਕਰ ਕੀਤਾ। ਕਹਿਣ ਲੱਗੇ, "ਨੇਕੀ ਜੀ, ਟੀਕਿਆਂ ਵਿੱਚ ਤਾਂ ਅੱਖਰੀ ਅਰਥ ਹੀ ਹੁੰਦੇ ਹਨ। ਅਨੁਭਵੀ ਅਰਥ ਤਾਂ ਅਨੁਭਵ ਵਾਲਿਆਂ ਪਾਸ ਹੀ ਹੁੰਦੇ ਹਨ। ਜੇ ਕਿਸੇ ਅਨੁਭਵੀ ਆਤਮਾ ਨਾਲ ਤੁਹਾਡਾ ਮੇਲ ਹੋ ਗਿਆ ਤਾਂ ਉਹ ਤੁਹਾਨੂੰ ਸਭ ਅਰਥ ਸਮਝਾ ਦੇਣਗੇ।" ਮੈਂ ਕਿਹਾ, "ਅਨੁਭਵੀ ਆਤਮਾ ਮਿਲੇਗੀ ਕਿਵੇਂ?" ਕਹਿਣ ਲੱਗੇ, "ਜੇ ਉਹ ਸੱਚਮੁੱਚ ਅਨੁਭਵੀ ਆਤਮਾ ਹੈ ਤੇ ਜੇ ਤੁਹਾਡੀ ਜਿਗਿਆਸਾ ਵੀ ਸੱਚੀ ਹੈ, ਤਾਂ ਤੁਹਾਨੂੰ ਉਸਨੂੰ ਲੱਭਣ ਨਹੀਂ ਜਾਣਾ ਪੈਣਾ। ਉਹ ਆਪ ਤੁਹਾਨੂੰ ਲੱਭ ਲਏਗੀ।" (1946)

## ਗਰਮੀ ਹੈ ਤਬ ਭੀ ਰੋਤਾ ਹੈ, ਸਰਦੀ ਹੈ ਤਬ ਭੀ ਰੋਤਾ ਹੈ

ਤਦ ਮੈਂ ਲਾਹੌਰ ਕਾਲਜ ਵਿੱਚ ਪੜ੍ਹਦਾ ਸਾਂ ਤੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਆਪਣੇ ਘਰ ਕੋਇਟੇ ਜਾਇਆ ਕਰਦਾ ਸਾਂ। ਕੋਇਟਾ ਇੱਕ ਪਹਾੜੀ ਵਾਦੀ ਵਿੱਚ ਵੱਸਿਆ ਰਮਣੀਕ ਸ਼ਹਿਰ ਸੀ। ਉਸ ਤੋਂ ਕੋਈ ਸੌ ਮੀਲ ਪਹਿਲਾਂ ਇੱਕ ਹੋਰ ਸ਼ਹਿਰ ਸਿੱਬੀ ਸੀ। ਉਹ ਆਪਣੇ ਹਿੰਦੁਸਤਾਨ ਦਾ ਸਭ ਤੋਂ ਗਰਮ ਸ਼ਹਿਰ ਸੀ। ਉਸ ਜਿਹਾ ਹੀ ਇੱਕ ਹੋਰ ਥਾਂ ਢਾਡਰ ਸੀ ਜਿੱਥੇ ਵੈਸੀ ਹੀ ਗਰਮੀ ਸੀ। ਇੱਕ ਫ਼ਾਰਸੀ ਸ਼ਾਇਰ ਨੇ ਇਨ੍ਹਾਂ ਬਾਰੇ ਲਿਖਿਆ:

**ਸਿੱਬੀ ਵ ਢਾਡਰ ਸਾਖ਼ਤੀ।**
**ਦੋਜ਼ਖ਼ ਚਿਰਾ ਪਰਦਾਖ਼ਤੀ।**

ਭਾਵ ਹੇ ਰੱਬਾ ! ਜਦ ਤੂੰ ਸਿੱਬੀ ਤੇ ਢਾਡਰ ਬਣਾ ਦਿੱਤੇ ਸਨ, ਤਾਂ ਫਿਰ ਨਰਕ ਬਣਾਉਣ ਦੀ ਕੀ ਲੋੜ ਸੀ? ਸਿੱਬੀ ਤੇ ਕੋਇਟੇ ਵਿੱਚਕਾਰ ਇੱਕ ਹੋਰ ਥਾਂ ਸੀ ਮੱਛ। ਇਹ ਬੜੀ ਉਚਾਈ 'ਤੇ ਸੀ। ਇੱਥੇ ਗਰਮੀਆਂ ਵਿੱਚ ਵੀ ਬੜੀ ਠੰਡ ਹੁੰਦੀ ਸੀ।

ਇੱਕ ਵਾਰ ਮੈਂ ਲਾਹੌਰ ਤੋਂ ਕੋਇਟੇ ਜਾ ਰਿਹਾ ਸਾਂ। ਜਦ ਰੇਲ ਗੱਡੀ ਸਿੱਬੀ ਪਹੁੰਚੀ ਤਾਂ ਉਸ ਦੇ ਇੰਜਣ ਵਿੱਚ ਕੋਈ ਨੁਕਸ ਪੈ ਗਿਆ। ਦੁਪਹਿਰ ਦਾ ਵੇਲਾ, ਲੂ ਚੱਲ ਰਹੀ ਸੀ ਤੇ ਗੱਡੀ ਚੱਲ ਨਹੀਂ ਰਹੀ ਸੀ। ਸਾਰਾ ਸਰੀਰ ਪਸੀਨੋ-ਪਸੀਨਾ ਹੋਇਆ। ਪਸੀਨਾ ਕੱਪੜਿਆਂ ਨੂੰ ਵੀ ਭਿਉਂ ਰਿਹਾ ਸੀ।

ਤਦ ਮੈਂ ਗੱਡੀ ਦੇ ਬਾਹਰ ਵੱਲ ਦੇਖਿਆ। ਪਾਣੀ ਦਾ ਇੱਕ ਬੰਬਾ ਜਿਸ 'ਚੋਂ ਇੰਜਣ ਵਿੱਚ ਪਾਣੀ ਪਾਂਦੇ ਹਨ, ਬੜੀ ਤੇਜ਼ੀ ਨਾਲ ਚੱਲ ਰਿਹਾ ਸੀ। ਉਸ ਨੂੰ ਦੇਖ ਕੇ ਮੇਰਾ ਨਹਾਉਣ ਨੂੰ ਜੀ ਕਰ ਆਇਆ। ਮੈਂ ਗੱਡੀ 'ਚੋਂ ਉਤਰਿਆ ਤੇ ਬੰਬੇ ਕੋਲ ਜਾ ਪੁੱਜਾ। ਪਾਣੀ 'ਚ ਹੱਥ ਰੱਖ ਕੇ ਵੇਖਿਆ, ਪਾਣੀ ਬਹੁਤ ਠੰਡਾ ਸੀ। ਮੈਂ ਕੱਪੜੇ ਉਤਾਰ ਕੇ ਲਾਂਭੇ ਰੱਖ ਦਿੱਤੇ ਤੇ ਆਪ ਵਗਦੇ ਬੰਬੇ ਹੇਠ ਜਾ ਵੜਿਆ। ਠੰਡੇ-ਠੰਡੇ ਪਾਣੀ ਹੇਠ ਬੜਾ ਅਨੰਦ ਆਇਆ ਤੇ ਮੈਂ ਕਿਤਨਾ ਚਿਰ ਇਹ ਅਨੰਦ ਲੈਂਦਾ ਰਿਹਾ।

ਫਿਰ ਜਦ ਪਾਣੀ 'ਚੋਂ ਬਾਹਰ ਨਿਕਲਿਆ ਤਾਂ ਪਰਨੇ ਨਾਲ ਸਰੀਰ ਨੂੰ ਪੂੰਝਣ ਲੱਗਾ ਤਾਂ ਕੜਕਦੀ ਧੁੱਪ ਸਰੀਰ 'ਤੇ ਪਈ, ਇਕਦਮ ਸਾਰਾ ਸਰੀਰ ਪਿੱਤ ਨਾਲ ਭਰ ਗਿਆ । ਮੈਂ 'ਉਫ਼! ਉਫ਼!' ਕਰਦਾ ਗੱਡੀ ਦੇ ਕਮਰੇ ਵਿੱਚ ਪਰਤ ਆਇਆ। ਉੱਥੇ ਹੁੰਮ੍ਹਸ ਨਾਲ ਸਾਹ ਘੁੱਟੇ, ਨਾਲੇ ਪਿੱਤ ਤਿੜਕੇ ਤੇ ਮੈਂ 'ਉਫ਼! ਉਫ਼!' ਕਰੀ ਜਾਵਾਂ।



ਇੱਕ ਪਠਾਣ ਮੌਲਾਨਾ, ਸਿਰ 'ਤੇ ਕੁੱਲੇ ਵਾਲੀ ਪੱਗ, ਕਰੜ ਬਰੜੀ ਦਾੜ੍ਹੀ ਬੜੀ ਸ਼ਾਂਤੀ ਵਿੱਚ ਮੇਰੇ ਕੋਲ ਬੈਠਿਆ ਹੋਇਆ ਸੀ। ਮੇਰੀ 'ਉਫ਼! ਉਫ਼!' ਸੁਣ ਕੇ ਮੈਨੂੰ ਪੁੱਛਣ ਲੱਗਿਆ, "ਕਿਆ ਤਕਲੀਫ਼ ਹੈ"? ਮੈਂ ਉਸ ਨੂੰ ਦੱਸਿਆ ਕਿ ਮੈਂ ਬੰਬੇ ਹੇਠ ਨਹਾਉਣ ਚਲਾ ਗਿਆ, ਪਰ ਨਹਾਉਣ ਮਗਰੋਂ ਜਿੰਨੇ ਚਿਰ ਵਿੱਚ ਪਿੰਡਾ ਪੂੰਝਿਆ, ਤੇਜ਼ ਧੁੱਪ ਨਾਲ ਮੇਰੇ ਸਾਰੇ ਸਰੀਰ 'ਤੇ ਪਿੱਤ ਨਿਕਲ ਆਈ। ਤਿੜਕ-ਤਿੜਕ ਕੇ ਦੁਖੀ ਕਰੀ ਜਾ ਰਹੀ ਹੈ।" ਪਠਾਣ ਨੇ ਮੇਰੀ ਪਿੱਠ 'ਤੇ ਹੱਥ ਫੇਰਿਆ ਤੇ ਨਾਲ ਹੀ ਮੁਸਕਰਾ ਪਿਆ।

ਝੱਟ ਕੁ ਨੂੰ ਗੱਡੀ ਤੁਰ ਪਈ ਤੇ ਦੋ ਕੁ ਘੰਟਿਆਂ ਵਿੱਚ ਮੱਛ ਸਟੇਸ਼ਨ 'ਤੇ ਜਾ ਪਹੁੰਚੀ। ਉੱਥੇ ਬੜੀ ਠੰਡੀ ਪਹਾੜੀ ਹਵਾ ਚੱਲ ਰਹੀ ਸੀ। ਨਤੀਜਾ ਕੀ ਹੋਇਆ ਕਿ ਮੇਰੇ ਪਿੰਡੇ ਦੀ ਸਾਰੀ ਪਿੱਤ ਭੁਰ ਗਈ ਪਰ ਚਮੜੀ ਕੱਸੀ ਗਈ। ਮੈਂ ਫਿਰ ਤੋਂ 'ਉਫ਼! ਉਫ਼!'ਕਰਨ ਲੱਗਾ। ਪਠਾਣ ਨੇ ਪੁੱਛਿਆ, "ਸਰਦਾਰ ਅਬ ਕਿਆ ਹੂਆ? ਫਿਰ ਸੇ 'ਉਫ਼! ਉਫ਼!' ਕਿਉਂ ਕਰ ਰਹੇ ਹੋ?" ਮੈਂ ਕਿਹਾ, "ਮੌਲਾਨਾ ਮੇਰੇ ਸਰੀਰ ਦੀ ਪਿੱਤ ਤਾਂ ਇੱਥੋਂ ਦੀ ਠੰਡ ਨਾਲ ਭੁਰ ਗਈ ਹੈ, ਪਰ ਨਾਲ ਹੀ ਮੇਰੀ ਚਮੜੀ ਵੀ ਖਿੱਚੀ ਗਈ ਹੈ। ਉਹ ਹੁਣ ਤੰਗ ਕਰ ਰਹੀ ਹੈ।" ਪਠਾਣ ਮੁਸਕਰਾ ਪਿਆ ਤੇ ਮੈਨੂੰ ਕਹਿਣ ਲੱਗਾ, "ਸਰਦਾਰ! ਕਿਆ ਕੁਫ਼ਰਾਨੇ ਨਿਅਮਤ (ਰੱਬ ਦੀ ਮਿਹਰਬਾਨੀ ਦਾ ਨਾਸ਼ੁਕਰਾਪਨ) ਹੈ। ਖੁਦਾ ਗਰਮੀ ਭੇਜਤਾ ਹੈ ਤਬ ਤੁਮ ਰੋਤਾ ਹੈ, ਖ਼ੁਦਾ ਸਰਦੀ ਭੇਜਤਾ ਹੈ ਤਬ ਤੁਮ ਰੋਤਾ ਹੈ। ਜਿਹ ਕੁਫ਼ਰਾਨੇ ਨਿਅਮਤ ਨਹੀਂ ਤੋ ਔਰ ਕਿਆ ਹੈ?"

ਉਸ ਦਿਨ ਤੋਂ ਬਾਅਦ ਮੈਂ ਕਦੇ ਮੌਸਮ ਬਾਰੇ ਸ਼ਿਕਾਇਤ ਨਹੀਂ ਕੀਤੀ। ਵਾਹਿਗੁਰੂ ਜੈਸਾ ਮੌਸਮ ਦੇਵੇ ਸ਼ੁਕਰਾਨੇ ਨਾਲ ਪਰਵਾਨ ਕਰ ਲੈਂਦਾ ਹਾਂ। (1946)

## ਉਹ ਸੱਚਮੁਚ ਰੰਗ ਵਿੱਚ ਸਨ

ਮੈਂ ਮੈਡੀਕਲ ਕਾਲਜ ਅੰਮ੍ਰਿਤਸਰ ਪੜ੍ਹਾਉਂਦਾ ਸਾਂ। ਡਾਕਟਰ ਸੇਵਾ ਸਿੰਘ ਵੀ ਉੱਥੇ ਅਧਿਆਪਕ ਸਨ ਤੇ ਮੇਰੇ ਬੜੇ ਸਨੇਹੀ ਸਨ। ਇੱਕ ਦਿਨ ਮੈਨੂੰ ਕਹਿਣ ਲੱਗੇ,"ਚੱਲ ਯਾਰ ਭਾਈ ਵੀਰ ਸਿੰਘ ਹੋਰਾਂ ਦੇ ਦਰਸ਼ਨ ਕਰ ਆਈਏ।"

ਅਸੀਂ ਦੋਵੇਂ ਪੈਦਲ ਉਨ੍ਹਾਂ ਦੀ ਕੋਠੀ ਵੱਲ ਤੁਰ ਪਏ। ਰਸਤੇ ਵਿੱਚ ਇੱਕ ਮਾਈ ਮਿਲੀ। ਉਸ ਦੇ ਚਿਹਰੇ 'ਤੇ ਬੜੀ ਸ਼ਾਂਤੀ ਸੀ। ਕਿਸੇ ਰੰਗ ਵਿੱਚ ਰੰਗੀ ਜਾਪਦੀ ਸੀ। ਉਹ ਡਾਕਟਰ ਸੇਵਾ ਸਿੰਘ ਹੋਰਾਂ ਨੂੰ ਜਾਣਦੀ ਸੀ। ਪੁੱਛਣ ਲੱਗੀ, "ਭਾਈ ਸਾਹਿਬ ਵੱਲ ਜਾ ਰਹੇ ਹੋ?" ਡਾਕਟਰ ਸੇਵਾ ਸਿੰਘ ਜੀ ਨੇ 'ਹਾਂ' ਵਿੱਚ ਸਿਰ ਹਿਲਾਇਆ। ਆਖਣ ਲੱਗੀ, "ਜਾਓ, ਅੱਜ ਉਹ ਬੜੇ ਰੰਗ ਵਿੱਚ ਹਨ।" ਫਿਰ ਮੁਸਕਰਾਈ ਤੇ ਵਿਦਾ ਹੋ ਗਈ।

ਅਸੀਂ ਜਦ ਭਾਈ ਸਾਹਿਬ ਦੀ ਕੋਠੀ ਪਹੁੰਚੇ ਤਾਂ ਉਹ ਆਪਣੇ ਬਾਗ਼ ਵਿੱਚ ਟਹਿਲ ਰਹੇ ਸਨ। ਅਸੀਂ ਆਏ ਤਾਂ ਉਹ ਕਹਿਣ ਲੱਗੇ, "ਸੇਵਾ ਸਿੰਘ ਜੀ, ਇਹ ਕੌਣ ਆਤਮਾ ਆਪ ਦੇ ਨਾਲ ਆਈ ਹੈ?" ਸੇਵਾ ਸਿੰਘ ਜੀ ਨੇ ਮੇਰਾ ਪਰਿਚਯ ਕਰਾਉਂਦਿਆਂ ਕਿਹਾ, "ਇਹ ਡਾਕਟਰ ਜਸਵੰਤ ਸਿੰਘ ਹਨ। ਕਵਿਤਾ ਵੀ ਲਿਖਦੇ ਹਨ। ਨੇਕੀ ਇਨ੍ਹਾਂ ਦਾ ਤਖ਼ਲੁਸ ਹੈ। ਮੇਰੇ ਬੜੇ ਸਨੇਹੀ ਹਨ। ਅੱਜ ਮੇਰੇ ਨਾਲ ਆਪ ਜੀ ਦੇ ਦਰਸ਼ਨਾਂ ਲਈ ਚਲੇ ਆਏ ਹਨ।" ਭਾਈ ਸਾਹਿਬ ਨੇ ਮੇਰੇ ਮੋਢੇ ਤੇ ਹਲਕੀ ਜਿਹੀ ਥਾਪੀ ਦੇਂਦਿਆਂ 'ਜੀਓ ਆਇਆਂ' ਆਖਿਆ। ਫਿਰ ਅਸੀਂ ਦੋਵੇਂ ਉਨ੍ਹਾਂ ਦੀ ਚਹਿਲਕਦਮੀ ਵਿੱਚ ਸ਼ਾਮਿਲ ਹੋ ਗਏ।

ਤਦ ਇੱਕ ਬੜੀ ਸੁੰਦਰ ਤਿੱਤਲੀ ਉੱਡਦੀ-ਉੱਡਦੀ ਇੱਕ ਸੋਹਣੇ ਖਿੜੇ ਫੁੱਲ ਉੱਪਰ ਆਣ ਉੱਤਰੀ। ਅਸੀਂ ਤਿੰਨੇ ਉੱਥੇ ਖਲੋ ਗਏ। ਝੱਟ ਨੂੰ ਉਹ ਤਿਤਲੀ ਉੱਡ ਗਈ।

ਭਾਈ ਸਾਹਿਬ ਨੇ ਸੇਵਾ ਸਿੰਘ ਹੋਰਾਂ ਨੂੰ ਮੁਖਾਤਬ ਕਰਕੇ ਕਿਹਾ, "ਗੁਰੂ ਪਿਆਰਿਓ ਕੀ ਵੇਖਿਆ ਜੇ?" ਸੇਵਾ ਸਿੰਘ ਜੀ ਕਹਿਣ ਲੱਗੇ, "ਇੱਕ ਤਿਤਲੀ ਆਈ, ਫੁੱਲ 'ਤੇ ਬੈਠੀ ਤੇ ਫਿਰ ਉੱਡ ਗਈ।" ਫਿਰ ਭਾਈ ਸਾਹਿਬ ਨੇ ਮੇਰੇ ਵੱਲ ਆਪਣੀ ਸਵਾਲੀਆ ਨਜ਼ਰ ਫੇਰੀ, ਮੈਂ ਕਿਹਾ, "ਇੱਕ ਸੁੰਦਰਤਾ ਨੇ ਦੂਜੀ ਸੁੰਦਰਤਾ ਨੂੰ ਚੁੰਮਿਆ, ਰਸ ਲਿਆ ਤੇ ਚਲੀ ਗਈ।" ਭਾਈ ਸਾਹਿਬ ਮੁਸਕਰਾਏ ਤੇ ਕਹਿਣ ਲੱਗੇ, "ਬੜੀ ਸੁੰਦਰ ਦ੍ਰਿਸ਼ਟੀ ਹੈ ਤੁਹਾਡੀ, ਪਰ ਅਜੇ ਦ੍ਵੈਤ ਵਿੱਚ ਹੈ। ਤਦ ਅਸਾਂ ਦੋਹਾਂ, ਜਿਵੇਂ, ਇੱਕ ਅਵਾਜ਼ ਹੋ ਕੇ ਪੁੱਛਿਆ, "ਭਾਈ ਸਾਹਿਬ ਜੀ, ਤੁਸਾਂ ਕੀ ਵੇਖਿਆ?" ਮੁਸਕਰਾ ਕੇ ਆਖਣ ਲੱਗੇ: **"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥"**

ਉਹ ਸੱਚਮੁੱਚ ਰਸ ਵਿੱਚ ਸਨ। (1948)

## ਕਿਸੇ ਮੰਗਤੇ ਕੋਲੋਂ ਨਾ ਮੰਗਣਾ

1949 ਈ: ਦੀ ਗੱਲ ਹੈ। ਮੈਂ ਉਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਸਾਂ। ਸਾਡੀ ਅੰਤਰਿਮ ਕਮੇਟੀ ਨੇ ਫ਼ੈਸਲਾ ਕੀਤਾ ਕਿ ਪਾਉਂਟਾ ਸਾਹਿਬ ਵਿਖੇ ਸਿਰਕੱਢ ਵਰਕਰਾਂ ਦਾ ਟ੍ਰੇਨਿੰਗ ਕੈਂਪ ਲਗਾਇਆ ਜਾਵੇ। ਉਸ ਦੇ ਲਈ ਮਾਇਆ ਦਰਕਾਰ ਸੀ। ਕਿਸੇ ਸਲਾਹ ਦਿੱਤੀ, ਮਾਸਟਰ ਤਾਰਾ ਸਿੰਘ ਜੀ ਇਸ ਕਾਰਜ ਲਈ ਲੋੜੀਂਦੀ ਸਹਾਇਤਾ ਕਰ ਸਕਦੇ ਹਨ ਤੇ ਮੈਨੂੰ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹੋਣ ਲਈ ਪ੍ਰੇਰਿਆ ਗਿਆ।

ਮੈਂ ਅੰਮ੍ਰਿਤਸਰ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਪੁੱਜਾ ਤੇ ਉਨ੍ਹਾਂ ਨੂੰ ਗਿਆਤ ਕਰਵਾਇਆ ਕਿ ਅਸੀਂ ਵਰਕਰਾਂ ਦਾ ਟ੍ਰੇਨਿੰਗ ਕੈਂਪ ਲਗਾਉਣ



ਦਾ ਇਰਾਦਾ ਬਣਾਇਆ ਹੈ। ਉਨ੍ਹਾਂ ਨੇ ਇਸ ਇਰਾਦੇ ਦੀ ਸ਼ਲਾਘਾ ਕੀਤੀ ਤੇ ਅੰਦਰੋਂ ਸੌ ਰੁਪਏ ਦਾ ਇੱਕ ਨੋਟ ਲਿਆ ਕੇ ਮੈਨੂੰ ਦਿੱਤਾ ਤੇ ਕਿਹਾ, "ਇਸ ਕਾਰਜ ਲਈ ਇਹ ਸਹਾਇਤਾ ਮੇਰੇ ਵੱਲੋਂ ਪ੍ਰਵਾਨ ਕਰੋ।" ਮੈਂ ਇਤਨਾ ਮਾਯੂਸ ਹੋਇਆ ਕਿ ਮੈਂ ਉਹ ਨੋਟ ਮੋੜਦਿਆਂ ਕਿਹਾ, "ਮਾਸਟਰ ਜੀ, ਇਹ ਰਹਿਣ ਦਿਓ, ਤੁਹਾਡੇ ਹੋਰ ਕਿਸੇ ਕੰਮ ਆ ਜਾਏਗਾ। ਮੈਂ ਵਾਹਿਗੁਰੂ ਪਾਸੋਂ ਲੋੜੀਂਦੀ ਸਹਾਇਤਾ ਮੰਗ ਲਵਾਂਗਾ।" ਮੈਨੂੰ ਉਸ ਵੇਲੇ ਕਦੇ ਆਪਣੇ ਦਾਦਾ ਜੀ ਦੇ ਪਹਿਲਾਂ ਦੇ ਕਹੇ ਹੋਏ ਬਚਨ ਯਾਦ ਆਏ। ਉਨ੍ਹਾਂ ਕਿਹਾ ਸੀ, **"ਬੱਚਿਆ, ਕਦੇ ਕਿਸੇ ਮੰਗਤੇ ਕੋਲੋਂ ਨਾ ਮੰਗੀਂ, ਕੇਵਲ ਦਾਤੇ ਕੋਲੋਂ ਹੀ ਮੰਗੀਂ ਤੇ ਦਾਤਾ ਕੇਵਲ ਇੱਕ ਵਾਹਿਗੁਰੂ ਹੀ ਹੈ।"**

ਮਾਸਟਰ ਤਾਰਾ ਸਿੰਘ ਹੋਰਾਂ ਨੂੰ ਮੈਂ ਕਹਿ ਤਾਂ ਆਇਆ, "ਮੈਂ ਵਾਹਿਗੁਰੂ ਪਾਸੋਂ ਮੰਗ ਲਵਾਂਗਾ, ਪਰ ਮੈਨੂੰ ਅਜੇ ਸਮਝ ਨਹੀਂ ਸੀ ਮੰਗਣਾ ਕਿਵੇਂ ਹੈ।" ਮੈਂ ਅੰਮ੍ਰਿਤਸਰੋਂ ਲੁਧਿਆਣਾ ਚਲਾ ਆਇਆ ਤੇ ਰਾਤ ਸ੍ਰ: ਭਾਨ ਸਿੰਘ ਹੋਰਾਂ ਦੇ ਘਰ ਠਹਿਰਿਆ। ਉਨ੍ਹਾਂ ਨੂੰ ਮੈਂ ਮਾਸਟਰ ਜੀ ਤੋਂ ਪ੍ਰਾਪਤ ਹੋਈ ਮਾਯੂਸੀ ਦੀ ਗੱਲ ਦੱਸੀ।ਉਨ੍ਹਾਂ ਸਲਾਹ ਦਿੱਤੀ, "ਕੱਲ੍ਹ ਸਵੇਰੇ ਐਤਵਾਰ ਹੈ ਸਿੰਘ ਸਭਾ ਦੇ ਗੁਰਦੁਆਰੇ ਦੀਵਾਨ ਸਜਦਾ ਹੈ।ਉੱਥੇ ਚੱਲ ਕੇ ਸੰਗਤ ਪਾਸ ਅਪੀਲ ਕਰ ਵੇਖਦੇ ਹਾਂ।" ਸੋ ਅਗਲੇ ਦਿਨ ਤੜਕੇ ਹੀ ਅਸੀਂ ਸਿੰਘ ਸਭਾ ਦੇ ਗੁਰਦੁਆਰੇ ਪਹੁੰਚ ਗਏ। ਭਾਈ ਸਮੁੰਦ ਸਿੰਘ ਜੀ ਦਾ ਪ੍ਰਸਿੱਧ ਜਥਾ ਕੀਰਤਨ ਕਰ ਰਿਹਾ ਸੀ।

ਭੋਗ ਪਿਆ ਤਾਂ ਮੈਂ ਸਕੱਤਰ ਸਾਹਿਬ ਪਾਸੋਂ ਸਿੱਖ ਵਿਦਿਆਰਥੀਆਂ ਦੇ ਕੈਂਪ ਲਈ ਮਾਇਕ ਸਹਾਇਤਾ ਦੀ ਸੰਗਤ ਪਾਸ ਅਪੀਲ ਕਰਨ ਦੀ ਆਗਿਆ ਮੰਗੀ। ਉਨ੍ਹਾਂ ਨੇ ਆਗਿਆ ਦੇ ਦਿੱਤੀ।

ਮੈਂ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, "ਇਹ ਫ਼ਰਜ਼ ਤਾਂ ਮਾਪਿਆਂ ਦਾ ਸੀ ਕਿ ਆਪਣੇ ਬੱਚਿਆਂ ਨੂੰ ਆਪਣੇ ਧਰਮ ਨਾਲ ਜਾਣੂ ਕਰਾਉਂਦੇ, ਪਰ ਇਉਂ ਹੋਇਆ ਨਹੀਂ।ਇਸ ਲਈ ਬੱਚਿਆਂ ਨੇ ਇੱਕ-ਦੂਜੇ ਨੂੰ ਆਪਣੇ ਧਰਮ ਨਾਲ ਜਾਣੂ ਕਰਾਉਣ ਲਈ ਇੱਕ ਟ੍ਰੇਨਿੰਗ ਕੈਂਪ ਲਗਾਉਣ ਦਾ ਸੰਕਲਪ ਕੀਤਾ ਹੈ।ਆਪ ਪਾਸ ਇਸ ਕਾਰਜ ਲਈ ਮਾਇਕ ਸਹਾਇਤਾ ਲਈ ਬੇਨਤੀ ਹੈ।

ਉਸ ਵੇਲੇ ਭਾਈ ਸਮੁੰਦ ਸਿੰਘ ਹੋਰਾਂ ਨੂੰ ਇਕਵੰਜਾ ਰੁਪਏ ਕੀਰਤਨ ਭੇਟਾ ਵਜੋਂ ਸਿੰਘ ਸਭਾ ਵੱਲੋਂ ਪ੍ਰਾਪਤ ਹੋਏ ਸਨ। ਉਨ੍ਹਾਂ ਆਪਣੀ ਜੇਬ ਵਿੱਚੋਂ ਪੰਜਾਹ ਰੁਪਏ ਹੋਰ ਕੱਢੇ ਤੇ ਇਕ ਸੌ ਰੁਪਏ ਮੈਨੂੰ ਫੜਾਉਂਦਿਆਂ ਕਿਹਾ, "ਇਹ ਭੇਟਾ ਸਾਡੇ ਵੱਲੋਂ ਕਬੂਲ ਕਰੋ ਤੇ ਜਿਤਨੇ ਦਿਨ ਤੁਹਾਡਾ ਕੈਂਪ ਲੱਗੇਗਾ, ਦੋਏਂ ਵੇਲੇ ਦੀ ਸ਼ਬਦ ਚੌਂਕੀ ਦੀ ਸੇਵਾ ਸਾਡਾ ਜੱਥਾ ਕਰੇਗਾ।"ਉਨ੍ਹਾਂ ਦਾ ਇਹ ਕਹਿਣਾ ਸੀ, ਕਿ ਸੰਗਤਾਂ ਨੇ ਮਾਇਆ ਦਾ ਢੇਰ ਲਾ ਦਿੱਤਾ। (1949)

## ਗੁਰੂ ਕਾ ਲੰਗਰ ਕਦੇ ਮਸਤਾਨਾ ਨਹੀਂ ਹੁੰਦਾ

1949 ਈ: ਦੀ ਗੱਲ ਹੈ, ਤਦ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਲਾਨਾ ਕਾਨਫ਼ਰੰਸ ਲੁਧਿਆਣੇ ਵਿੱਚ ਹੋਣੀ ਸੀ। ਸਵੇਰੇ ਕੀਰਤਨ ਸੰਤ ਰਣਧੀਰ ਸਿੰਘ ਜੀ ਹੋਰਾਂ ਕੀਤਾ ਤੇ ਕਾਨਫ਼ਰੰਸ ਦਾ ਉਦਘਾਟਨ ਮਾਸਟਰ ਤਾਰਾ ਸਿੰਘ ਜੀ ਨੇ ਕੀਤਾ। ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਦੀ ਖਿੱਚ ਕਾਰਣ ਸਾਡੀ ਉਮੀਦ ਤੋਂ ਕਿਤੇ ਵੱਧ ਹਾਜ਼ਰੀ ਹੋ ਗਈ। ਅਸਾਂ ਪੰਡਾਲ 30 ਹਜ਼ਾਰ ਵਾਸਤੇ ਬਣਾਇਆ ਸੀ, ਪਰ ਸੰਗਤ ਇਸ ਤੋਂ ਵੀ ਵੱਧ ਪੰਡਾਲ ਤੋਂ ਬਾਹਰ ਬੈਠੀ ਹੋਈ ਸੀ। ਲੰਗਰ ਅਸਾਂ 30 ਹਜ਼ਾਰ ਵਾਸਤੇ ਹੀ ਤਿਆਰ ਕਰਵਾਇਆ ਸੀ। ਸੋ ਉਹ ਮਸਤਾਨਾ ਹੁੰਦਾ ਦਿੱਸਿਆ। ਸ੍ਰ: ਭਾਨ ਸਿੰਘ ਜੋ ਸਾਡੇ ਸਕੱਤਰ ਸਨ ਮੇਰੇ ਪਾਸ ਆਏ ਤੇ ਕਹਿਣ ਲੱਗੇ, "ਵੀਰ ਜੀ, ਲੰਗਰ ਮਸਤਾਨਾ ਹੋ ਚਲਿਐ।ਮਸਾਂ ਇੱਕ ਪੰਗਤ ਹੋਰ ਬੈਠੇਗੀ। ਪਰ ਅਜੇ ਤਾਂ ਕਈ ਹਜ਼ਾਰਾਂ ਵਿੱਚ ਸੰਗਤ ਨੇ ਲੰਗਰ ਛਕਣਾ ਹੈ।" ਮੈਨੂੰ ਥੋੜ੍ਹੀ ਚਿੰਤਾ ਹੋਈ।

ਉਦੋਂ ਇੱਕ ਗੁਰਮੁਖ ਸਾਡੀ ਗੱਲ ਸੁਣ ਰਿਹਾ ਸੀ। ਮੇਰੇ ਮੋਢੇ ਤੇ ਉਸ ਨੇ ਆਪਣਾ ਮਿਹਰ ਭਰਿਆ ਹੱਥ ਰੱਖਿਆ ਤੇ ਕਿਹਾ, **"ਡਾਕਟਰ ਸਾਹਿਬ! ਗੁਰੂ ਕਾ ਲੰਗਰ ਕਦੇ ਮਸਤਾਨਾ ਨਹੀਂ ਹੁੰਦਾ। ਤੁਸੀਂ ਅਗਲੀ ਪੰਗਤ ਭੁਗਤਾਉ ,ਰਹਿੰਦੀ ਸਾਰੀ ਸੰਗਤ ਵਾਸਤੇ ਗੁਰੂ ਬੰਦੋਬਸਤ ਕਰ ਦੇਵੇਗਾ।"**

ਉਹ ਸੱਜਣ ਟ੍ਰਾਂਸਪੋਰਟਰ ਸੀ। ਉਸ ਦੇ ਦਸ-ਬਾਰਾਂ ਟਰੱਕ ਚਲਦੇ ਸਨ।ਉਨ੍ਹਾਂ ਦੇ ਡਰਾਈਵਰਾਂ ਨੂੰ ਉਸ ਨੇ ਆਦੇਸ਼ ਦਿੱਤਾ ਕਿ ਤਿੰਨ ਜਣੇ ਸ਼ਹਿਰ ਦੇ ਸਾਰੇ ਢਾਬਿਆਂ ਤੇ ਰੈਸਟੋਰੈਂਟਾਂ ਵਿੱਚ ਘੁੰਮ ਜਾਓ। ਜੋ ਵੈਸ਼ਨੋ ਖਾਣਾ ਪੱਕਿਆ ਹੋਵੇ ਚੁੱਕ ਲਿਆਓ। ਦਾਲਾਂ ਇਕ ਭਾਂਡੇ ਵਿੱਚ ਪੁਆ ਲਿਆਉਣਾ, ਸ਼ਬਜ਼ੀਆਂ ਇੱਕ ਹੋਰ ਵਿੱਚ ਤੇ ਰੋਟੀਆਂ ਤੀਜੇ ਵਿੱਚ। ਬਾਕੀਆਂ ਨੂੰ ਕਿਹਾ ਕਿ ਪਿੰਡਾਂ ਵਿੱਚ ਚੱਲੇ ਜਾਓ ਤੇ ਜਿਸ ਜਿਸ ਘਰ ਵਿੱਚ ਜੋ ਕੁਝ ਪੱਕਿਆ ਹੈ ਪੁਆ ਲਿਆਵੋ। ਅੱਧੇ ਘੰਟੇ ਵਿੱਚ ਲੰਗਰ ਆਉਣਾ ਸ਼ੁਰੂ ਹੋ ਗਿਆ ਤੇ ਘੰਟੇ ਡੇਢ ਵਿੱਚ ਇਤਨਾ ਲੰਗਰ ਆ ਗਿਆ ਕਿ ਸਭ ਦੇ ਛਕ ਚੁੱਕਣ ਮਗਰੋਂ ਵੀ ਬਚ ਗਿਆ।

ਭਾਨ ਸਿੰਘ ਜੀ ਤੇ ਮੈਂ ਉਸ ਗੁਰਮੁਖ ਦਾ ਧੰਨਵਾਦ ਕਰਨ ਲਈ ਉਸ ਦੇ ਘਰ ਪੁੱਜੇ। ਅਸਾਂ ਜਦ ਸ਼ੁਕਰਾਨੇ ਦੀ ਭਾਵਨਾ ਪ੍ਰਗਟ ਕੀਤੀ ਤਾਂ ਕਹਿਣ ਲੱਗਾ, **"ਸ਼ੁਕਰੀਆ ਤਾਂ ਮੈਂ ਤੁਹਾਡਾ ਕਰਨਾ ਹੈ, ਤੁਸਾਂ ਮੇਰੇ ਲਈ ਸੇਵਾ ਦਾ ਸਬੱਬ ਬਣਾਇਆ। ਸੇਵਾ ਵੀ ਮੈਂ ਨਹੀਂ ਮੇਰੇ ਡਰਾਈਵਰਾਂ ਨੇ ਭੱਜ-ਦੌੜ ਕਰ ਕੇ ਕੀਤੀ**



**ਹੈ। ਸ਼ੁਕਰੀਏ ਦੇ ਹੱਕਦਾਰ ਤਾਂ ਓਹੋ ਨੇ।ਜੇ ਕਦੇ ਫੇਰ ਲੋੜ ਪਵੇ ਤਾਂ ਦਾਸ ਨੂੰ ਚੇਤੇ ਕਰ ਲੈਣਾ।"**

ਅਸੀਂ ਦੋਵੇਂ ਉਸ ਗੁਰਮੁਖ ਦੇ ਨੂਰਾਨੀ ਚਿਹਰੇ ਦਾ ਪ੍ਰਭਾਵ ਆਪਣੇ ਅੰਦਰ ਵਸਾ ਕੇ ਪਰਤੇ। (1949)

## ਧੰਨਵਾਦ ਦਾ ਹੱਕਦਾਰ ਵਾਹਿਗੁਰੂ

ਤਦ ਮੈਂ ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਹਾਊਸ ਫਿਜ਼ੀਸ਼ਨ ਸਾਂ।ਹਸਪਤਾਲ ਵਿੱਚ ਮੈਨੂੰ ਇਕ ਕੁਆਰਟਰ ਮਿਲਿਆ ਹੋਇਆ ਸੀ। ਉੱਥੇ ਮੈਂ ਇਕ ਹੋਰ ਹਾਊਸ ਫਿਜ਼ੀਸ਼ਨ ਨਾਲ ਰਹਿੰਦਾ ਸਾਂ।

ਉੱਥੇ ਇਕ ਦਿਨ ਨਿਹਾਲ ਵੀਰ ਤੇ ਬੰਸੀ ਭਾਬੀ ਦੋਵੇਂ ਆਏ। ਭਾਬੀ ਜੀ ਦੀ ਖੱਬੀ ਅੱਖ 'ਚੋਂ ਪਾਣੀ ਡਿੱਗ ਰਿਹਾ ਸੀ, ਜਿਸ ਨੂੰ ਉਹ ਬਾਰ ਬਾਰ ਪੂੰਝ ਰਹੇ ਸਨ। ਮੈਂ ਪੁੱਛਿਆ ਕਿ ਕੀ ਹੋਇਆ ਤਾਂ ਕਹਿਣ ਲੱਗੇ ਪੰਦਰਾਂ ਦਿਨਾਂ ਤੋਂ ਤਕਲੀਫ਼ ਹੋ ਗਈ ਹੈ। ਇਹੋ ਦਿਖਾਣ ਵਾਸਤੇ ਇੱਥੇ ਆਏ ਹਾਂ। ਮੈਂ ਕਿਹਾ ਕੱਲ੍ਹ ਸਵੇਰੇ ਹੀ ਅੱਖਾਂ ਵਾਲੇ ਡਾਕਟਰ ਸਾਹਿਬ ਨੂੰ ਦਿਖਾਲ ਦਿਆਂਗੇ।

ਵੀਰ ਜੀ ਕਹਿਣ ਲੱਗੇ, "ਮੈਂ ਤੇ ਅੱਜ ਪਰਤ ਜਾਣਾ ਏ। ਇਹ ਤੇਰੇ ਕੋਲ ਹੀ ਰਹਿ ਜਾਏਗੀ ਤੇਰੇ ਕਮਰੇ ਵਿੱਚ। ਮੈਂ ਆਪਣੇ ਨਾਲ ਦੇ ਹਾਊਸ ਫਿਜ਼ੀਸ਼ਨ ਨੂੰ ਪੁੱਛਿਆ, ਉਹ ਕਹਿਣ ਲੱਗਾ, "ਜੀ ਆਇਆਂ ਨੂੰ, ਜ਼ਰੂਰ ਰਹਿਣ। ਸਾਡੇ ਪਾਸ ਦੋ ਕਮਰੇ ਤਾਂ ਹੈਨ; ਇਕ ਵਿੱਚ ਤੁਸੀਂ ਹੋ ਜਾਣਾ ਦੂਜੇ ਵਿੱਚ ਮੈਂ ਹੋ ਜਾਵਾਂਗਾ। ਕੋਈ ਕਠਿਨਾਈ ਨਹੀਂ ਹੋਵੇਗੀ।"

ਸੋ ਭਾਬੀ ਜੀ ਮੇਰੇ ਪਾਸ ਰੁਕੇ। ਸਵੇਰੇ ਮੈਂ ਡਾਕਟਰ ਮਾਨ ਸਿੰਘ ਨਿਰੰਕਾਰੀ ਸਾਹਿਬ ਕੋਲ ਲੈ ਗਿਆ। ਉਨ੍ਹਾਂ ਨੂੰ ਦੱਸਿਆ, ਅੱਖ ਵਿੱਚੋਂ ਹਲਕਾ-ਹਲਕਾ ਪਾਣੀ ਸਿੰਮਦਾ ਰਹਿੰਦਾ, ਨਾਲੇ ਛੱਪਰ ਝਮਕਣ ਵਿੱਚ ਥੋੜ੍ਹੀ ਰੜਕ ਵੀ ਪੈਂਦੀ ਹੈ।ਡਾਕਟਰ ਸਾਹਿਬ ਨੇ ਕਿਹਾ, "ਇਹ ਪਾਣੀ ਇਕ ਨਲਕੀ ਰਾਹੀਂ ਅੱਖ 'ਚੋਂ ਨੱਕ ਵਿੱਚ ਚਲਾ ਜਾਂਦਾ ਹੈ ਤੇ ਸਾਹ ਨਾਲ ਸੁਕੀ ਜਾਂਦੀ ਹੈ। ਜੇ ਉਹ ਨਲਕੀ ਕਿਸੇ ਕਾਰਣ ਬੰਦ ਹੋ ਜਾਵੇ ਤਾਂ ਪਾਣੀ ਨੱਕ ਵਿੱਚ ਨਹੀਂ ਜਾ ਸਕਦਾ, ਅੱਖ ਦੇ ਬਾਹਰ ਡਿੱਗਣ ਲੱਗ ਪੈਂਦਾ ਹੈ। ਸੋ ਉਸ ਨਲਕੀ ਨੂੰ ਖੋਲ੍ਹਣ ਦਾ ਯਤਨ ਕਰਨਾ ਪਵੇਗਾ।ਜੇ ਤੁਸੀਂ ਉਡੀਕੋ ਤਾਂ ਅੱਧੇ ਘੰਟੇ ਨੂੰ ਮੈਂ ਓਪਰੇਸ਼ਨ ਥੀਏਟਰ ਵਿੱਚ ਇਹ ਨਲਕੀ ਖੋਲ੍ਹਣ ਦਾ ਉਪਰਾਲਾ ਕਰ ਦਿਆਂਗਾ।"

ਅੱਧੇ ਘੰਟੇ ਮਗਰੋਂ ਉਨ੍ਹਾਂ ਉਸ ਨਲਕੀ ਵਿੱਚ ਦੀ ਤਾਰ ਲੰਘਾ ਕੇ ਉਸ ਨੂੰ ਖੋਲ੍ਹ ਦਿੱਤਾ ਤੇ ਸਾਨੂੰ ਹਿਦਾਇਤ ਕੀਤੀ ਕਿ ਹਰ ਪੰਜ ਮਿੰਟ ਬਾਅਦ ਪੈਨਸਿਲੀਨ

ਦੇ ਘੋਲ ਦੀਆਂ ਦੋ-ਦੋ ਬੂੰਦਾਂ ਇਨ੍ਹਾਂ ਦੀ ਅੱਖ ਵਿਚ ਪਾਈ ਜਾਣੀਆਂ।

ਅਜੇ ਮਸਾਂ ਰਾਤ ਪਈ ਸੀ ਕਿ ਭਾਬੀ ਜੀ ਦੀਆਂ ਅੱਖਾਂ ਵਿੱਚ ਚੀਸ ਪੈਣੀ ਸ਼ੁਰੂ ਹੋ ਗਈ। ਪਹਿਲਾਂ ਤਾਂ ਉਹਨਾਂ ਬਰਦਾਸ਼ਤ ਕੀਤੀ ਫਿਰ ਉਹ ਹੋਰ ਤੇਜ਼ ਹੋ ਗਈ। ਮੈਂ ਸਮਝਿਆ ਉਹ ਤਾਰ ਪਾਈ ਸੀ, ਕੁਝ ਤਾਂ ਝਰੀਟ ਅੰਦਰ ਪੈ ਗਈ ਹੋਣੀ ਹੈ, ਉਸ ਲਈ ਦਰਦ ਹੋ ਰਹੀ ਹੋਵੇਗੀ। ਮੈਂ ਡਾਕਟਰ ਸਾਹਿਬ ਨੂੰ ਟੈਲੀਫ਼ੋਨ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਕਿਸੇ ਦੇ ਘਰ ਖਾਣਾ ਖਾਣ ਗਏ ਹੋਏ ਸਨ।

ਸਾਰੀ ਰਾਤ ਮੈਂ ਦਵਾਈ ਪਾਂਦਾ ਰਿਹਾ ਭਾਬੀ ਜੀ 'ਹਾਏ ਵੀਰ ਜੀ' , 'ਹਾਏ ਵੀਰ ਜੀ' ਕਹਿ ਕੇ ਤੜਪਦੇ ਰਹੇ। ਮੈਂ ਉਨ੍ਹਾਂ ਦੇ ਸਿਰਹਾਣੇ ਮੂੜ੍ਹੇ 'ਤੇ ਬੈਠਾ ਉਹਨਾਂ ਦੇ ਕੇਸਾਂ ਵਿੱਚ ਹੱਥ ਫੇਰਦਾ ਤੇ 'ਹਾਂ ਭਾਬੀ ਜੀ, 'ਜੀ ਭਾਬੀ ਜੀ' ਕਹਿ ਕੇ ਉਹਨਾਂ ਦੇ ਆਵਾਜ਼ੇ ਦਾ ਜਵਾਬ ਦੇਂਦਾ ਰਿਹਾ। ਨਾਲੇ ਉਨ੍ਹਾਂ ਦਾ ਦੁੱਖ ਦੇਖ ਕੇ ਰੋਂਦਾ ਵੀ ਰਿਹਾ।

ਸਵੇਰੇ ਅਸੀਂ ਡਾ: ਸਾਹਿਬ ਵੱਲ ਗਏ ਤਾਂ ਉਹ ਕਹਿਣ ਲੱਗੇ, ਇਹ ਘੋਲ ਇਨ੍ਹਾਂ ਨੂੰ ਰਾਸ ਨਹੀਂ ਆਇਆ। ਉਸ ਦੇ ਕਾਰਣ ਇਹ ਚੀਸਾਂ ਪੈਂਦੀਆਂ ਰਹੀਆਂ। ਮੈਨੂੰ ਬੜਾ ਅਫ਼ਸੋਸ ਲੱਗਾ, ਜੇਕਰ ਪਤਾ ਹੁੰਦਾ ਤਾਂ ਘੋਲ ਪਾਉਣਾ ਬੰਦ ਹੀ ਕਰ ਦੇਂਦਾ। ਮੈਂ ਆਪਣੇ ਆਪ ਨੂੰ ਦੋਸ਼ੀ ਸਮਝਣ ਲੱਗ ਪਿਆ।

ਘੋਲ ਤਾਂ ਅਸਾਂ ਬੰਦ ਕਰ ਦਿੱਤਾ, ਪਰ ਚੀਸਾਂ ਅਜੇ ਵੀ ਬੰਦ ਨਹੀਂ ਸੀ ਹੋਈਆਂ। ਮੈਂ ਭਾਬੀ ਜੀ ਨੂੰ ਡਾਕਟਰ ਸੋਹਣ ਸਿੰਘ ਹੋਰਾਂ ਕੋਲ ਲੈ ਗਿਆ। ਉਹਨਾਂ ਨੂੰ ਸਭ ਗੱਲ ਦੱਸੀ। ਉਹਨਾਂ ਕਿਹਾ, "ਚਿੰਤਾ ਨ ਕਰੋ ਗੁਰੂ ਭਲੀ ਕਰੇਗਾ" ਅੰਦਰੋਂ ਉਹਨਾਂ ਇਕ ਸ਼ੀਸ਼ੀ ਕੱਢੀ ਉਸ ਵਿੱਚ ਚਿੱਟਾ ਜਿਹਾ ਇਕ ਪਾਊਡਰ ਸੀ । ਉਸ ਦੀ ਇਕ ਸਲਾਈ ਉਹਨਾਂ "ਵਾਹਿਗੁਰੂ" ਆਖ ਕੇ ਭਾਬੀ ਜੀ ਦੀ ਅੱਖ ਵਿੱਚ ਪਾ ਦਿੱਤੀ। ਜਿਵੇਂ ਕੋਈ ਜਾਦੂ ਹੋ ਗਿਆ। ਚੀਸਾਂ ਚਲੀਆਂ ਗਈਆਂ। ਇੱਕ ਪੁੜੀ ਬੰਨ੍ਹ ਕੇ ਉਹਨਾਂ ਸਾਨੂੰ ਨਾਲ ਦੇ ਦਿੱਤੀ ਤੇ ਕਿਹਾ "ਅੱਵਲ ਤਾਂ ਲੋੜ ਨਹੀਂ ਪਵੇਗੀ, ਪਰ ਜੇਕਰ ਕੋਈ ਚੀਸ ਉੱਠੀ ਤਾਂ ਇੱਕ ਸਲਾਈ ਹੋਰ ਪਾ ਦੇਣਾ।"ਪਰ ਉਹ ਨੌਬਤ ਹੀ ਨਾ ਆਈ।

ਅਗਲੇ ਦਿਨ ਭਾਬੀ ਜੀ ਕਹਿਣ ਲੱਗੇ, "ਚੱਲੋ ਡਾ: ਸਾਹਿਬ ਦਾ ਧੰਨਵਾਦ ਕਰ ਆਈਏ।" ਅਸੀਂ ਗਏ ਉਹਨਾਂ ਦਾ ਧੰਨਵਾਦ ਕੀਤਾ। ਉਹ ਕਹਿਣ ਲੱਗੇ, ਧੰਨਵਾਦ ਦਾ ਹੱਕਦਾਰ ਮੈਂ ਨਹੀਂ ਵਾਹਿਗੁਰੂ ਹੈ, ਜਿਸ ਦਾ ਨਾਮ ਲੈ ਕੇ ਮੈਂ ਉਹ ਸਲਾਈ ਇਹਨਾਂ ਦੀ ਅੱਖ ਵਿੱਚ ਪਾਈ ਸੀ।" (1949)



## ਕਾਨੂੰਨ ਦਾ ਸਬਕ

ਸ੍ਰ: ਅਮਰ ਸਿੰਘ ਅੰਬਾਲਵੀ ਐਡਵੋਕੇਟ ਉੱਘੇ ਅਕਾਲੀ ਲੀਡਰ ਸਨ। ਉਹ ਦਲੇਰ ਵੀ ਬੜੇ ਸਨ ਤੇ ਧੁਨ ਦੇ ਪੱਕੇ ਵੀ। ਇਕ ਵਾਰੀ ਉਹ ਤੇ ਮੈਂ ਇਕੱਠੇ ਰੇਲ ਵਿੱਚ ਸਫ਼ਰ ਕਰ ਰਹੇ ਸਾਂ। ਹੇਠਲੀਆਂ ਬਰਥਾਂ ਉੱਪਰ ਅਸੀਂ ਦੋਵੇਂ ਸਾਂ ਤੇ ਉੱਪਰਲੀ ਇਕ ਬਰਥ ਉੱਪਰ ਇਕ ਹੋਰ ਭੱਦਰਪੁਰਸ਼ ਲੇਟਿਆ ਹੋਇਆ ਸੀ। ਰਾਤ ਦਾ ਵੇਲਾ ਸੀ ਤੇ ਸਾਰੇ ਸੌਣ ਦੀ ਤਿਆਰੀ ਕਰ ਰਹੇ ਸਾਂ।

ਕੁਝ ਮਿੰਟਾਂ ਬਾਅਦ ਉੱਪਰ ਲੇਟੇ ਉਸ ਭੱਦਰਪੁਰਸ਼ ਨੇ ਸਿਗਰਟ ਸੁਲਗਾ ਲਈ। ਸ੍ਰ: ਅਮਰ ਸਿੰਘ ਹੋਰਾਂ ਉਸ ਨੂੰ ਆਖਿਆ, "ਪਿਆਰਿਓ, ਕਿਰਪਾ ਕਰਕੇ ਸਿਗਰਟ ਬੰਦ ਕਰ ਦਿਓ। ਉਹ ਹਟਿਆ ਨਾ, ਸਗੋਂ ਕਹਿਣ ਲੱਗਾ, "ਕਿੱਥੇ ਲਿਖਿਆ ਕਿ ਮੈਂ ਸਿਗਰਟ ਨਹੀਂ ਪੀ ਸਕਦਾ?" ਅਮਰ ਸਿੰਘ ਹੋਰਾਂ ਕਿਹਾ, "ਸਾਰੀ ਤਾਜ਼ੀਰਾਤੇ ਹਿੰਦ ਇੱਥੇ ਲਿਖੀ ਨਹੀਂ ਹੋ ਸਕਦੀ। ਇੱਥੇ ਇਹ ਵੀ ਤਾਂ ਕਿੱਤੇ ਨਹੀਂ ਲਿਖਿਆ ਹੋਇਆ ਕਿ ਮੈਂ ਤੁਹਾਨੂੰ ਥੱਪੜ ਨਹੀਂ ਮਾਰ ਸਕਦਾ!"

ਉਹ ਆਦਮੀ ਕਹਿਣ ਲੱਗਾ, "ਤੁਸੀਂ ਜਾਣਦੇ ਨਹੀਂ ਮੈਂ ਫਸਟ ਕਲਾਸ ਮੈਜਿਸਟ੍ਰੇਟ ਹਾਂ।" ਅਮਰ ਸਿੰਘ ਜੀ ਕਹਿਣ ਲੱਗੇ, "ਤੁਸੀਂ ਵੀ ਨਹੀਂ ਜਾਣਦੇ ਮੈਂ ਕੌਣ ਹਾਂ। ਮੈਂ ਕਈ ਮੈਜਿਸਟ੍ਰੇਟਾਂ ਨੂੰ ਕਾਨੂੰਨ ਪੜ੍ਹਾਇਆ ਹੋਇਐ।"

ਪਲ ਕੁ ਪਿੱਛੋਂ ਉਸ 'ਭੱਦਰ ਪੁਰਸ਼' ਨੇ ਸਿਗਰਟ ਦਾ ਇਕ ਹੋਰ ਕੱਸ਼ ਲਾਇਆ ਤੇ ਧੂੰਆਂ ਹੇਠਾਂ ਵੱਲ ਫੂਕਿਆ।ਅਮਰ ਸਿੰਘ ਹੋਰੀਂ ਉੱਠੇ, ਹੱਥ ਵਿੱਚ ਉਹਨਾਂ ਦੇ ਅਖਬਾਰ ਸੀ। ਉਸ ਨੂੰ ਲਪੇਟ ਕੇ ਉਹਨਾਂ ਉਸ ਦੇ ਸਿਗਰਟ 'ਤੇ ਮਾਰੀ ਤੇ ਸਿਗਰਟ ਡਿੱਗ ਕੇ ਪਰੇ ਜਾ ਪਿਆ। ਨਾਲ ਹੀ ਅਮਰ ਸਿੰਘ ਹੋਰਾਂ ਗੱਡੀ ਖੜ੍ਹੀ ਕਰਨ ਵਾਲੀ ਜ਼ੰਜੀਰ ਖਿੱਚ ਦਿੱਤੀ। ਗੱਡੀ ਪੰਜ ਕੁ ਮਿੰਟਾਂ ਵਾਸਤੇ ਖੜ੍ਹੀ ਹੋ ਗਈ। ਗਾਰਡ ਸਾਹਿਬ ਸਾਡੇ ਡੱਬੇ ਵਿੱਚ ਆ ਗਏ ਤੇ ਉਹਨਾਂ ਪੁੱਛਿਆ, "ਜ਼ੰਜੀਰ ਕਿਸ ਨੇ ਖਿੱਚੀ ਹੈ?" ਅਮਰ ਸਿੰਘ ਜੀ ਨੇ ਕਿਹਾ, "ਜੀ ਮੈਂ ਖਿੱਚੀ ਹੈ। ਗਾਰਡ ਨੇ ਪੁੱਛਿਆ, "ਕਿਉਂ"? ਕਿਉਂਕਿ ਇਹ ਬਾਊ ਜੀ ਸਿਗਰਟ ਪੀ ਰਹੇ ਸਨ ਤੇ ਸਾਡੀ ਬੇਨਤੀ ਦੇ ਬਾਵਜੂਦ ਇਹਨਾਂ ਬੰਦ ਨਹੀਂ ਕੀਤੀ, ਸਗੋਂ ਜਾਣ ਬੁੱਝ ਕੇ ਧੂੰਆਂ ਸਾਡੇ ਵੱਲ ਸੁੱਟਿਆ। ਨਾਲੇ ਸਾਨੂੰ ਧਮਕੀ ਦਿੱਤੀ ਕਿ 'ਮੈਂ ਫਸਟ ਕਲਾਸ ਮੈਜਿਸਟ੍ਰੇਟ ਹਾਂ।"

ਗਾਰਡ ਕਹਿਣ ਲੱਗਾ, "ਸਰਦਾਰ ਜੀ, ਕੇਵਲ ਸਿਗਰਟ ਵਾਲੀ ਗੱਲ

ਪਿੱਛੇ ਗੱਡੀ ਤਾਂ ਖੜ੍ਹੀ ਨਹੀਂ ਕੀਤੀ ਜਾ ਸਕਦੀ।"

"ਜੇਕਰ ਕਿਸੇ ਔਰਤ ਦੇ ਧਰਮ 'ਤੇ ਕੋਈ ਆਕਰਮਣ ਕਰੇ ਤਾਂ ਕੀ ਉਹ ਜ਼ੰਜੀਰ ਖਿੱਚ ਸਕਦੀ ਹੈ?"

"ਹਾਂ ਐਸੀ ਅਵਸਥਾ ਵਿੱਚ ਉਹ ਖਿੱਚ ਸਕਦੀ ਹੈ।"

**"ਜੇਕਰ ਆਪਣਾ ਧਰਮ ਬਚਾਉਣ ਖ਼ਾਤਰ ਔਰਤ ਗੱਡੀ ਖਲਿਆਰ ਸਕਦੀ ਹੈ ਤਾਂ ਮੇਰੇ ਧਰਮ ਤੇ ਆਕਰਮਣ ਹੋਵੇ ਤਾਂ ਮੈਂ ਕਿਉਂ ਨਹੀਂ ਖੜ੍ਹੀ ਕਰ ਸਕਦਾ? ਸਿਗਰਟ ਤੰਬਾਕੂ ਮੇਰੇ ਧਰਮ ਵਿੱਚ ਬੱਜਰ ਕੁਰਹਿਤ ਹੈ।"**

ਗਾਰਡ ਨੇ ਕਿਹਾ, "ਮੈਨੂੰ ਤਾਂ ਰਿਪੋਰਟ ਲਿਖਣੀ ਪਵੇਗੀ।"

ਅਮਰ ਸਿੰਘ ਹੋਰਾਂ ਕਿਹਾ, "ਜ਼ਰੂਰ ਲਿਖੋ।"

ਰਿਪੋਰਟ ਦੀ ਗੱਲ ਸੁਣਦਿਆਂ ਹੀ ਮੈਜਿਸਟ੍ਰੇਟ ਸਾਹਿਬ ਦੀ ਖਾਨਿਓਂ ਗਈ। ਮੈਜਿਸਟ੍ਰੇਟ ਹੋ ਕੇ ਉਹ ਆਪ ਕਾਨੂੰਨ ਤੋੜਨ ਦੇ ਜਵਾਬਦੇਹ ਹੋਏ ਪਏ ਸਨ। ਨਾਲੇ ਉਹ ਗਾਰਡ ਦੇ ਤਰਲੇ ਕਰਨ ਲੱਗੇ, ਨਾਲੇ ਅਮਰ ਸਿੰਘ ਹੋਰਾਂ ਦੇ। ਗਾਰਡ ਕਹਿਣ ਲੱਗਾ, "ਜੇ ਸਰਦਾਰ ਹੋਰੀਂ ਮੰਨ ਜਾਣ ਤਾਂ ਅਸੀਂ ਰਿਪੋਰਟ ਨਹੀਂ ਲਿਖਦੇ।"

ਅਮਰ ਸਿੰਘ ਹੋਰੀਂ ਕਹਿਣ ਲੱਗੇ, "ਸਾਡੇ ਵੱਲੋਂ ਰਿਪੋਰਟ ਨਾ ਲਿਖੋ ਤਾਂ ਕੋਈ ਗੱਲ ਨਹੀਂ। ਅਸਾਂ ਤਾਂ ਮੈਜਿਸਟ੍ਰੇਟ ਸਾਹਿਬ ਨੂੰ ਕੇਵਲ ਕਾਨੂੰਨ ਸਿਖਾਲਣਾ ਸੀ, ਸੋ ਸਿਖਾਲ ਦਿੱਤਾ।"

ਫਿਰ ਉਹਨਾਂ ਮੈਜਿਸਟ੍ਰੇਟ ਸਾਹਿਬ ਵੱਲ ਮੂੰਹ ਫੇਰ ਕੇ ਕਿਹਾ, "ਕਿਉਂ ਮੈਜਿਸਟ੍ਰੇਟ ਸਾਹਿਬ! ਅਜੇ ਇਤਨਾ ਸਬਕ ਹੀ ਕਾਫ਼ੀ ਹੈ ਨਾ?" (1950)

## ਜੇ ਨਿੱਕੀਆਂ ਗੱਲਾਂ ਵਿਚ ਹਾਰ ਜਾਈਏ

ਸ੍ਰ: ਅਜੀਤ ਸਿੰਘ ਸਰਹੱਦੀ ਪਾਕਿਸਤਾਨ ਬਣਨ ਤੋਂ ਪਹਿਲਾਂ ਸਰਹੱਦੀ ਸੂਬੇ ਵਿੱਚ ਵਜ਼ੀਰ ਰਹਿ ਚੁੱਕੇ ਸਨ। ਜਦ ਦੀ ਇਹ ਗੱਲ ਹੈ ਤਦ ਉਹ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ। ਮੈਂ ਜੇਲ੍ਹ ਵਿੱਚ ਵੀ ਉਨ੍ਹਾਂ ਨਾਲ ਦੋ ਕੁ ਮਹੀਨੇ ਕੱਟੇ ਸਨ। ਬੜੇ ਦਾਨਾ ਤੇ ਬੜੇ ਸਾਫ਼ਗੋ ਇਨਸਾਨ ਸਨ।

ਉਹਨਾਂ ਦੀਆਂ ਦੋ ਬੱਚੀਆਂ ਮੇਰੀਆਂ ਵਿਦਿਆਰਥਣਾਂ ਸਨ, ਇਸ ਕਾਰਨ ਵੀ ਉਹ ਮੈਨੂੰ ਬੜਾ ਪਿਆਰ ਕਰਦੇ ਸਨ। ਇਕ ਦਿਨ ਅਸੀਂ ਇਕ ਮੀਟਿੰਗ ਤੋਂ ਇਕੱਠੇ ਪਰਤ ਰਹੇ ਸਾਂ। ਮੇਰੇ ਪਾਸ ਉਦੋਂ ਦੋ ਟੰਗਾਂ ਤੋਂ ਇਲਾਵਾ ਹੋਰ ਕੋਈ ਵਾਹਨ ਨਹੀਂ ਸੀ, ਉਹਨਾਂ ਪਾਸ ਬੜੀ ਸੁੰਦਰ ਕਾਰ ਸੀ। ਮੈਨੂੰ ਉਹਨਾਂ



ਆਪਣੀ ਕਾਰ ਵਿੱਚ ਬੈਠਣ ਲਈ ਕਿਹਾ, "ਆਓ ਤੁਹਾਨੂੰ ਤੁਹਾਡੇ ਘਰ ਛੋੜ ਦਿਆਂ"।

ਮੈਂ ਕਿਹਾ, "ਤੁਹਾਨੂੰ ਐਵੇਂ ਵਲਾ ਪਵੇਗਾ। ਮੈਂ ਰਿਕਸ਼ਾ ਲੈ ਲੈਂਦਾ ਹਾਂ।"ਕਹਿਣ ਲੱਗੇ, "ਇਹ ਸੇਵਾ ਮੈਨੂੰ ਦੇ ਦਿਉ। ਮੈਂ ਧੰਨਵਾਦੀ ਹੋਵਾਂਗਾ।" ਮੈਂ ਚੁੱਪ-ਚਾਪ ਕਾਰ ਵਿੱਚ ਬੈਠ ਗਿਆ।

ਰਸਤੇ ਵਿੱਚ ਅਸੀਂ ਗੱਲਾਂ ਕਰਦੇ ਆਏ। ਉਹਨਾਂ ਦੋ ਵਾਰ ਇਹ ਵੀ ਦੁਹਰਾਇਆ ਕਿ ਉਹਨਾਂ ਦੀਆਂ ਬੇਟੀਆਂ ਕਹਿੰਦੀਆਂ ਹਨ ਕਿ ਤੁਸੀਂ ਬਹੁਤ ਅੱਛਾ ਪੜ੍ਹਾਂਦੇ ਹੋ।

ਤਦ ਨੂੰ ਮੇਰੇ ਘਰ ਦੀ ਗਲੀ ਦਾ ਮੋੜ ਆ ਗਿਆ। ਮੈਂ ਸਰਹੱਦੀ ਸਾਹਿਬ ਨੂੰ ਕਿਹਾ, "ਮੈਨੂੰ ਇੱਥੇ ਨੁੱਕਰ 'ਤੇ ਹੀ ਉਤਾਰ ਦਿਉ, ਗਲੀ ਅੰਦਰ ਤੁਹਾਡੀ ਕਾਰ ਸੌਖਿਆਂ ਮੁੜੇਗੀ ਨਹੀਂ।" ਉਹ ਕਹਿਣ ਲੱਗੇ, "ਨੇਕੀ ਸਾਹਿਬ, **ਜੇ ਨਿੱਕੀਆਂ-ਨਿੱਕੀਆਂ ਗੱਲਾਂ ਵਿੱਚ ਹਾਰ ਜਾਈਏ, ਤਾਂ ਵੱਡੀਆਂ ਗੱਲਾਂ ਵਿੱਚ ਕਿਵੇਂ ਸਫਲ ਹੋਵਾਂਗੇ?** ਮੇਰੀ ਕਾਰ ਆਪੇ ਮੁੜ ਜਾਵੇਗੀ, ਮੈਂ ਤੁਹਾਨੂੰ ਤੋੜ ਤੁਹਾਡੇ ਘਰ ਤਕ ਹੀ ਛੱਡ ਕੇ ਆਉਣਾ ਹੈ।" (1951)

## ਮੇਰੀ ਵਿਦਾਇਗੀ ਨਾ ਲਮਕਾਓ

ਮੈਂ ਉਨ੍ਹੀਂ ਦਿਨੀਂ ਅੰਮ੍ਰਿਤਸਰ ਮੈਡੀਕਲ ਕਾਲਜ ਵਿੱਚ ਰਜਿਸਟਰਾਰ ਲੱਗਾ ਹੋਇਆਂ ਸਾਂ। ਸਾਡੇ ਨਾਲ ਡਾ: ਅਸ਼ੋਕ ਕੁਮਾਰ ਹਾਊਸ ਫ਼ਿਜ਼ੀਸ਼ਨ ਸਨ। ਉਨਾਂ ਦੇ ਪਿਤਾ, ਕੋਈ ਸੱਤਰ-ਬਹੱਤਰ ਸਾਲ ਦੇ ਲਹੂ ਦੇ ਰੋਗ ਕਾਰਨ ਸਾਡੇ ਹਸਪਤਾਲ ਵਿੱਚ ਦਾਖ਼ਲ ਹੋਏ। ਉਹਨਾਂ ਦੇ ਲਹੂ ਚਿੱਟੇ ਕੋਸ਼ੇ ਜੋ ਅੱਠ-ਦਸ ਹਜ਼ਾਰ ਫ਼ੀ ਮਿਲੀਮੀਟਰ ਹੁੰਦੇ ਹਨ, ਲੱਖਾਂ ਦੀ ਗਿਣਤੀ ਵਿੱਚ ਹੋ ਗਏ ਸਨ। ਬਹੁਤ ਕਰ ਕੱਚੇ-ਪਿੱਲੇ ਹੀ ਸਨ।ਇਉਂ ਜਾਣੋਂ ਜਿਵੇਂ ਇਨ੍ਹਾਂ ਚਿੱਟੇ ਕੋਸ਼ਿਆਂ ਦਾ ਕੈਂਸਰ ਹੋ ਗਿਆ ਸੀ। ਸਿੱਟੇ ਵਜੋਂ ਲਾਲ ਕੋਸ਼ੇ ਬਹੁਤ ਘਟ ਰਹੇ ਸਨ, ਜਿਸ ਕਾਰਣ ਸਾਰੇ ਸਰੀਰ ਵਿੱਚ ਆਕਸੀਜਨ ਪੂਰੀ ਤਰ੍ਹਾਂ ਨਹੀਂ ਸੀ ਪਹੁੰਚ ਰਹੀ। ਰੰਗ ਵੀ ਉਹਨਾਂ ਦਾ ਆਪਣੀ ਲਾਲਗੀ ਗੁਆ ਬੈਠਾ ਸੀ।

ਉਨ੍ਹੀਂ ਦਿਨੀਂ ਇਸ ਬਿਮਾਰੀ ਦਾ ਕੋਈ ਪੱਕਾ ਇਲਾਜ ਸਾਡੇ ਪਾਸ ਨਹੀਂ ਸੀ । ਕੇਵਲ ਕਿਸੇ ਨਰੋਏ ਬੰਦੇ ਦਾ ਖ਼ੂਨ ਅਜਿਹੇ ਬਿਮਾਰ ਨੂੰ ਚੜ੍ਹਾ ਕੇ ਉਨ੍ਹਾਂ ਨੂੰ ਆਰਜ਼ੀ ਤੌਰ 'ਤੇ ਕੁਝ ਚੰਗਾ ਕਰ ਸਕਦੇ ਸਾਂ। ਸੋ, ਅਸਾਂ ਉਸ ਬਜ਼ੁਰਗ ਨੂੰ ਦੋ ਬੋਤਲਾਂ ਖ਼ੂਨ ਦੀਆਂ ਚੜ੍ਹਾ ਦਿੱਤੀਆਂ ਜੋ ਉਹਨਾਂ ਦੇ ਹੀ ਕਿਸੇ ਰਿਸ਼ਤੇਦਾਰ ਨੇ ਦਿੱਤੀਆਂ ਸਨ।

ਪੰਦਰਾਂ ਦਿਨਾਂ ਤਕ ਫਿਰ ਖ਼ੂਨ ਦੀ ਲੋੜ ਪੈ ਗਈ। ਅਸੀਂ ਉਸ ਦਿਨ ਪਹਿਲੀ ਬੋਤਲ ਚੜ੍ਹਾਉਣ ਲਈ ਤਿਆਰੀ ਕਰ ਲਈ। ਬਜ਼ੁਰਗ ਨੂੰ ਸਮਝ ਆ ਗਈ ਕਿ ਅਸੀਂ ਫਿਰ ਤੋਂ ਲਹੂ ਚੜ੍ਹਾਉਣ ਦਾ ਬੰਦੋਬਸਤ ਕਰ ਰਹੇ ਹਾਂ। ਮੈਂ ਵਾਰਡ ਦਾ ਦੌਰਾ ਕਰਦਾ ਜਦ ਉਹਨਾਂ ਦੇ ਬਿਸਤਰੇ ਪਾਸ ਪੁੱਜਾ ਤਾਂ ਮੈਨੂੰ ਆਖਣ ਲੱਗੇ, "ਡਾਕਟਰ ਜੀ ਕੀ ਫਿਰ ਤੋਂ ਖ਼ੂਨ ਚੜ੍ਹਾਉਣਾ ਚਾਹੁੰਦੇ ਹੋ? ਅਜੇ ਤਾਂ ਪਿਛਲੇਰੇ ਹਫ਼ਤੇ ਚੜ੍ਹਾਇਆ ਜੇ।"

"ਤੁਹਾਡੀ ਬਿਮਾਰੀ ਐਸੀ ਹੈ ਕਿ ਲਹੂ ਛੇਤੀ-ਛੇਤੀ ਪਤਲਾ ਪੈ ਜਾਂਦੈ, ਸੋ ਸਾਨੂੰ ਬਾਰ-ਬਾਰ ਖ਼ੂਨ ਚੜ੍ਹਾਉਣਾ ਪਿਆ ਕਰੇਗਾ।"

"ਡਾਕਟਰ ਜੀ, ਕਿਤਨੀ ਵਾਰ ਇਸ ਤਰ੍ਹਾਂ ਖ਼ੂਨ ਚੜ੍ਹਾਉਗੇ?"

"ਜਿਤਨੀ ਵਾਰ ਲੋੜ ਪੈਂਦੀ ਰਹੇਗੀ ।"

"ਪਿਆਰਿਓ! ਮੈਂ 72 ਸਾਲ ਜੀ ਲਿਆ। ਮੈਂ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਚੁੱਕਾ ਹਾਂ। ਬੱਚੇ ਪੜ੍ਹਾ ਦਿੱਤੇ, ਵਿਆਹ ਦਿੱਤੇ। ਘਰ ਵਾਲੀ ਦੀ ਉਪਜੀਵਕਾ ਲਈ ਲੋੜੀਂਦੀ ਇੰਸ਼ੋਰੈਂਸ ਕਰਵਾ ਛੱਡੀ। ਹੁਣ ਮੇਰੇ ਖੁਣੋਂ ਕੁਝ ਵੀ ਥੁੜਿਆ ਨਹੀਂ ਰਹਿਣਾ। ਬੱਚੇ ਚੰਗੇ ਹਨ, ਮਾਂ ਦੀ ਦੇਖਭਾਲ ਕਰ ਲੈਣਗੇ । ਜੇ ਮੇਰਾ ਸਮਾਂ ਆ ਗਿਐ ਤਾਂ ਮੇਰੀ ਵਿਦਾਇਗੀ ਨੂੰ ਲਮਕਾਓ ਨਾ। ਹੁਣ ਮੈਨੂੰ ਹੋਰ ਖ਼ੂਨ ਨਾ ਚਾੜ੍ਹੋ, ਸਾਰਾ ਜ਼ਾਇਆ ਜਾਵੇਗਾ। ਕਿਸੇ ਐਸੇ ਵਿਅਕਤੀ ਲਈ ਸਾਂਭ ਰੱਖੋ ਜਿਸ ਦੀ ਆਯੂ ਇਕ ਦੋ ਬੋਤਲਾਂ ਨਾਲ ਵਧ ਸਕਦੀ ਹੋਵੇ ਜਾਂ ਜਿਸ ਦਾ ਓਪਰੇਸ਼ਨ ਹੋਣਾ ਹੋਵੇ ਤੇ ਉਸ ਲਈ ਦਰਕਾਰ ਹੋਵੇ। ਕਿਰਪਾ ਕਰੋ ਮੈਨੂੰ ਹੋਰ ਖ਼ੂਨ ਨਾ ਚਾੜ੍ਹੋ। **ਇਸ ਸਰੀਰ ਨੇ ਕੱਲ੍ਹ ਵੀ ਖੇਹ ਹੋਣਾ ਹੈ, ਅੱਜ ਹੁੰਦੈ ਤਾਂ ਹੋ ਜਾਣ ਦਿਉ। ਮੈਂ ਆਪਣੇ ਅਸਲੀ ਘਰ ਛੇਤੀ ਪਹੁੰਚ ਜਾਵਾਂਗਾ।"**

ਬਜ਼ੁਰਗ ਦੇ ਚਿਹਰੇ 'ਤੇ ਇਕ ਅਨੋਖਾ ਜਲਾਲ ਸੀ। ਮੈਂ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਸਿਆਣਪ ਨੂੰ ਨਮਸਕਾਰ ਕੀਤੀ ਤੇ ਖ਼ੂਨ ਨਾ ਚੜ੍ਹਾਉਣ ਦਾ ਫ਼ੈਸਲਾ ਲੈ ਲਿਆ। (1954)

## ਸੁਧਾਈ

ਕੋਇਟਾ ਸ਼ਹਿਰ ਕਈ ਗੱਲਾਂ ਵਿੱਚ ਅਸਾਧਾਰਨ ਸੀ । ਇਕ ਗੱਲ ਓਸ ਵਿੱਚ ਇਹ ਵੀ ਸੀ ਕਿ ਉੱਥੇ ਕਈ ਸਾਰੇ ਪੰਜਾਬੀ ਦੇ ਕਵੀ ਸਨ । ਜਗਤ ਸਿੰਘ ਜਗਤ, ਪੂਰਨ ਸਿੰਘ ਭੌਰ, ਹਰਸਾ ਸਿੰਘ ਚਾਤਰ ਚੰਗੇ ਸ਼ਾਇਰ ਸਨ; ਪਰ ਇਹ ਸਾਰੇ ਗੁਰਦਾਸ ਰਾਮ ਆਲਮ ਤੋਂ ਹੇਠਾਂ ਹੀ ਆਉਂਦੇ ਸਨ ।

ਗੁਰਦਾਸ ਰਾਮ ਆਲਮ ਗੁਰਮੁਖੀ ਤੋਂ ਇਲਾਵਾ ਕੁਝ ਵੀ ਨਹੀਂ ਸੀ



ਪੜ੍ਹਿਆ ਹੋਇਆ, ਪਰ ਕਵੀ ਬੜਾ ਚੰਗਾ ਸੀ। ਵਾਰਿਸ਼ ਸ਼ਾਹ ਦੀ ਹੀਰ ਉਸ ਨੂੰ ਕਰੀਬ ਕਰੀਬ ਸਾਰੀ ਕੰਠ ਸੀ । ਆਪ ਵੀ ਹਰ ਪ੍ਰਕਾਰ ਦਾ ਛੰਦ ਕਹਿ ਸਕਦਾ ਸੀ ।

ਕੋਇਟੇ, ਇਹਨਾਂ ਕਵੀਆਂ ਨੇ ਰਲ ਕੇ ਇਕ ਕਵੀ ਸਭਾ ਬਣਾਈ ਹੋਈ ਸੀ । ਉਸ ਨੇ ਸਮੇਂ-ਸਮੇਂ ਸਿਰ ਕਵੀ ਦਰਬਾਰ ਆਯੋਜਿਤ ਕਰਨੇ। ਮੈਂ ਉਦੋਂ ਦਸਵੀਂ ਪਾਸ ਕੀਤੀ ਸੀ ਤੇ ਕਵਿਤਾ ਲਿਖਣ ਵਿੱਚ ਮੂੰਹ ਮਾਰਨ ਲੱਗ ਪਿਆ ਸਾਂ ।

ਉਦੋਂ ਕਵੀ ਸਭਾ ਨੇ ਇਕ ਕਵੀ ਦਰਬਾਰ ਆਯੋਜਨ ਕਰਨ ਦਾ ਪ੍ਰੋਗਰਾਮ ਬਣਾਇਆ, ਜਿਸ ਲਈ ਤਰ੍ਹਾ ਮਿਸਰਾ ਸੀ, "ਤਕਦੀਰ ਨਾ ਕਿਸੇ ਤੋਂ ਹਟਦੀ ਵੇ ।" ਆਲਮ ਹੋਰਾਂ ਕਵੀ ਦਰਬਾਰ ਤੋਂ ਪਹਿਲਾਂ ਸਭ ਕਵੀਆਂ ਤੋਂ ਉਹਨਾਂ ਦੀਆਂ ਕਵਿਤਾਵਾਂ ਸੁਣੀਆਂ ਤੇ ਉਹਨਾਂ ਦੀ ਸੁਧਾਈ ਵੀ ਕੀਤੀ ।

ਮੇਰੀ ਕੱਚੀ-ਪਿੱਲੀ ਕਵਿਤਾ ਵੀ ਉਹਨਾਂ ਧਿਆਨ ਨਾਲ ਸੁਣੀ । ਫਿਰ ਕਹਿਣ ਲੱਗੇ, "ਅਜੇ ਕਵੀ ਦਰਬਾਰ ਵਿੱਚ ਸੁਣਾਉਣ ਜੋਗੀ ਨਹੀਂ ਹੋਈ ।" ਫਿਰ ਮੈਨੂੰ ਸਮਝਾਉਣ ਲੱਗੇ ਅਮਕੀ ਤੁਕ ਦਾ ਵਜ਼ਨ ਵਧ ਗਿਐ-ਵਿੱਚੋਂ ਅਮਕਾ ਸ਼ਬਦ ਘਟਾ ਦਿਓ, ਵਜ਼ਨ ਠੀਕ ਹੋ ਜਾਏਗਾ ਤੇ ਮਫ਼ਹੂਮ ਵੀ ਕਾਇਮ ਰਹੇਗਾ । ਕਈ ਥਾਂ 'ਤੇ ਕਾਫ਼ੀਏ ਬਦਲਣ ਲਈ ਵੀ ਰਾਏ ਦਿੱਤੀ । ਨਾਲੇ ਕਿਹਾ ਪਹਿਲਾ ਸ਼ੇਅਰ (ਮਤਲਾ) ਤੇ ਆਖ਼ਰੀ (ਮਕਤਾ) ਬੜੇ ਜਾਜ਼ਬ ਹੋਣ ਤਾਂ ਚੰਗੇ ਵੱਸਦੇ ਹਨ। ਇਸ ਕਵਿਤਾ ਨੂੰ ਜੇ ਸੋਧ ਸਕੋ ਤਾਂ ਚੰਗਾ ਰਹੇਗਾ ।"

ਮੈਂ ਕਵਿਤਾ ਦੁਬਾਰੇ ਲਿਖਣ ਦੇ ਯਤਨ ਵਿੱਚ ਜੁੱਟ ਗਿਆ । ਜਿਉਂ-ਜਿਉਂ ਮੈਂ ਲਿਖੀ ਜਾਵਾਂ ਆਲਮ ਜੀ ਦੀ ਸੁਧਾਈ ਦੀ ਕਦਰ ਮੇਰੇ ਅੰਦਰ ਹੋਰ-ਹੋਰ ਪੈਦਾ ਹੋਈ ਜਾਵੇ। ਉਹਨਾਂ ਦੀ ਸੁਚੱਜੀ ਰਾਏ ਸਦਕਾ ਮੈਨੂੰ ਪ੍ਰਤੀਤ ਹੋਣ ਲੱਗਾ ਕਿ ਮੇਰੀ ਕਵਿਤਾ ਸੱਚਮੁੱਚ ਲਿਸ਼ਕ ਪਈ ਸੀ ।

ਜਦ ਆਪਣੀ ਵਾਰੀ ਆਉਣ ਤੇ ਮੈਂ ਆਪਣੀ ਕਵਿਤਾ ਸੁਣਾਈ ਤਾਂ ਮੈਨੂੰ ਲੱਗਾ ਕਿ ਇਕ ਨਵਾਂ ਆਤਮ-ਵਿਸ਼ਵਾਸ ਮੇਰੇ ਅੰਦਰ ਜਾਗ ਪਿਆ ਸੀ। ਮੇਰੀ ਕਵਿਤਾ ਬੜੀ ਚੰਗੀ ਵੱਸੀ । ਕੁਝ ਸ੍ਰੋਤਿਆਂ ਨੇ ਦੋ-ਦੋ ਰੁਪਏ ਦੇ ਨੋਟ ਵੀ ਇਨਾਮ ਵਜੋਂ ਮੇਰੇ ਲਈ ਭੇਜੇ। ਉਹਨਾਂ ਵਿੱਚੋਂ ਇਕ ਗੁਰਦਾਸ ਰਾਮ ਆਲਮ ਆਪ ਵੀ ਸੀ, ਜਿਸਨੂੰ ਕੇਵਲ ਇਕ ਰੁਪਿਆ ਰੋਜ਼ ਮਜ਼ਦੂਰੀ ਮਿਲਦੀ ਸੀ । ਜਦ ਉਹਨਾਂ ਦਾ ਨਾਮ ਲਿਆ ਗਿਆ ਤਾਂ ਮੇਰੀਆਂ ਅੱਖਾਂ ਵਿੱਚੋਂ ਹੰਝੂ ਛਲਕ ਆਏ । ਮੈਂ ਸਟੇਜ 'ਤੇ ਖਲੋ ਕੇ ਕਿਹਾ, "ਜੇ ਆਲਮ ਸਾਹਿਬ ਨੇ ਮੇਰੀ ਕਵਿਤਾ ਦੀ ਸੁਧਾਈ ਨਾ ਕੀਤੀ ਹੋਂਦੀ ਤਾਂ ਇੱਥੇ ਸੁਣਾਉਣ ਦੇ ਕਾਬਲ ਵੀ ਨਹੀਂ ਸੀ। ਇਹ ਇਨਾਮ ਜੋ ਸੁਹਿਰਦ

ਸ੍ਰੋਤਿਆਂ ਨੇ ਮੈਨੂੰ ਦਿੱਤੇ ਹਨ, ਇਸਦੇ ਅਸਲ ਹੱਕਦਾਰ ਆਲਮ ਸਾਹਿਬ ਹਨ; ਪਰ ਉਹਨਾਂ ਆਪਣੇ ਆਪ ਨੂੰ ਇਨਾਮ ਦੇਣ ਵਾਲਿਆਂ ਵਿੱਚ ਸ਼ਾਮਲ ਕਰ ਕੇ ਮੈਨੂੰ ਅਜੀਬ ਉਲਝਣ ਵਿੱਚ ਪਾ ਦਿੱਤਾ ਹੈ। ਮੈਂ ਕੇਵਲ ਉਹਨਾਂ ਦੇ ਚਰਨ ਛੂਹ ਕੇ ਉਹਨਾਂ ਅੱਗੇ ਆਪਣੀ ਕਿਰਤੱਗਤਾ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ।" ਤੇ ਮੈਂ ਕੋਲ ਬੈਠੇ ਆਲਮ ਸਾਹਿਬ ਦੇ ਚਰਨ ਛੂਹ ਲਏ ।

ਸਮਾਂ ਗੁਜ਼ਰ ਗਿਆ । ਦੇਸ਼ ਵੰਡ ਹੋ ਗਈ । ਮੈਂ ਡਾਕਟਰ ਬਣ ਗਿਆ । ਮੈਡੀਕਲ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਾਉਣ ਲੱਗ ਪਿਆ । ਓਦੋਂ ਤਕ ਮੇਰੀ ਪਲੇਠੀ ਦੀ ਕਾਵਿ-ਪੁਸਤਕ 'ਅਸਲੇ ਤੇ ਉਹਲੇ' ਛਪ ਚੁੱਕੀ ਸੀ।

ਇਕ ਦਿਨ ਮੈਂ ਇਕੱਲਾ ਘਰ ਬੈਠਾ ਸਾਂ, ਤਾਂ ਕੀ ਵੇਖਾਂ ਗੁਰਦਾਸ ਰਾਮ ਆਲਮ ਹੋਰੀਂ ਕਿਤਿਓਂ ਆ ਗਏ । ਮੈਨੂੰ ਆਖਣ ਲੱਗੇ, "ਤੁਸਾਂ ਇਕ ਦਿਨ ਮੇਰੇ ਪੈਰੀਂ ਹੱਥ ਲਾਇਆ ਸੀ। ਅੱਜ ਮੈਂ ਤੁਹਾਡੇ ਪੈਰੀਂ ਹੱਥ ਲਾਉਣ ਆਇਆ ਹਾਂ। ਮੈਂ ਤੁਹਾਡੀ ਪੁਸਤਕ ਪੜ੍ਹੀ ਹੈ, ਦਿਲ ਬਾਗ-ਬਾਗ ਹੋ ਗਿਐ।" ਮੈਂ ਕਿਹਾ, "ਇਹ ਤੁਹਾਡੀ ਕੀਤੀ ਸੁਧਾਈ ਦਾ ਅਸਰ ਹੈ।" ਆਲਮ ਹੋਰਾਂ ਮੈਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ । (1956)

## ਵਾਹਿਗੁਰੂ ਬਚਾਉਂਦਾ ਤਾਂ ਹੈ, ਪਰ......

ਪਰਕਾਸ਼ ਸਿੰਘ, ਮੇਰਾ ਛੋਟਾ ਭਰਾ, ਵੱਡਾ ਹੋ ਕੇ ਤਾਂ ਸਾਧ-ਸੁਭਾਅ ਹੋ ਗਿਆ ਹੈ, ਪਰ ਬਚਪਨ ਵਿੱਚ ਬੜੀਆਂ ਸ਼ਰਾਰਤਾਂ ਕਰਿਆ ਕਰਦਾ ਸੀ। ਇਕ ਦਿਨ ਦੱਸਣ ਲੱਗਾ, "ਵੀਰ ਜੀ ! ਮੈਂ ਰੋਜ਼ ਸਵੇਰੇ ਉੱਠ ਕੇ ਸੋਚਿਆ ਕਰਦਾ ਸਾਂ ਕਿ ਅੱਜ ਕਿਹੜੀ ਸ਼ਰਾਰਤ ਕਰਨੀ ਹੈ।" ਸ਼ਰਾਰਤਾਂ ਕਾਰਨ ਰੋਜ਼ ਉਸਨੂੰ ਝਿੜਕਾਂ ਤੇ ਬੜੀ ਵਾਰ ਮਾਰ ਵੀ ਪੈਣੀ, ਪਰ ਉਹ ਸੀ ਕਿ ਬਾਜ਼ ਹੀ ਨਹੀਂ ਸੀ ਆਉਂਦਾ ।

ਸਾਡੇ ਘਰ ਨਾਲ ਲਗਦਾ ਇਕ ਪਠਾਣ ਦਾ ਘਰ ਸੀ, ਅਬਦੁੱਲਾ ਉਸ ਦਾ ਨਾਮ ਸੀ । ਉਸ ਦਾ ਇਕ ਲੜਕਾ ਪਰਕਾਸ਼ ਸਿੰਘ ਦੀ ਉਮਰ ਦਾ ਜਾਂ ਰਤਾ ਕੁ ਉਸ ਨਾਲੋਂ ਛੋਟਾ ਜਾਂ ਵੱਡਾ ਸੀ । ਇਕ ਦਿਨ ਦੋਵੇਂ ਖੇਡ ਰਹੇ ਸਨ ਕਿ ਕਿਸੇ ਗੱਲ 'ਤੇ ਆਪਸ ਵਿੱਚ ਝਗੜਾ ਹੋ ਗਿਆ । ਪਰਕਾਸ਼ ਸਿੰਘ ਨੇ ਪਠਾਣ ਦੇ ਪੁੱਤਰ ਨੂੰ ਕੁੱਟ ਕੱਢਿਆ । ਉਹ ਰੋਂਦਾ-ਰੋਂਦਾ ਘਰ ਚਲਾ ਗਿਆ ।

ਪੰਜ ਕੁ ਮਿੰਟ ਬਾਅਦ ਉਸ ਦਾ ਬਾਪ ਘਰੋਂ ਨਿਕਲ ਆਇਆ । ਪਰਕਾਸ਼ ਸਿੰਘ ਨੇ ਸੋਚਿਆ ਕਿ ਪਠਾਣ ਆਪਣੇ ਪੁੱਤਰ ਦਾ ਬਦਲਾ ਲੈਣ ਲਈ ਆਇਆ ਹੈ ਤੇ ਮੈਨੂੰ ਮਾਰੇਗਾ । ਸੋ ਪਹਿਲਾਂ ਤਾਂ ਦੌੜਣ ਲੱਗਾ, ਪਰ ਪਠਾਣ ਨੇ



ਕਿਹਾ, "ਦੌੜੋ ਮਤ, ਹਮ ਸੇ ਬਾਤ ਕਰੋ ।" ਪਰਕਾਸ਼ ਸਿੰਘ ਰੁਕ ਗਿਆ। ਉੱਥੇ ਮਕਾਨ ਬਣ ਰਿਹਾ ਸੀ ਤੇ ਗਾਰੇ ਦਾ ਢੇਰ ਲੱਗਾ ਹੋਇਆ ਸੀ। ਪਰਕਾਸ਼ ਸਿੰਘ ਨੇ ਦੋਵਾਂ ਹੱਥਾਂ ਵਿੱਚ ਗਾਰਾ ਚੁੱਕ ਲਿਆ ਤੇ ਹੱਥ ਆਪਣੇ ਪਿੱਛੇ ਕਰ ਲਏ। ਜਦੋਂ ਪਠਾਣ ਨੇੜੇ ਆਇਆ ਤਾਂ ਦੋਹਾਂ ਹੱਥਾਂ ਨਾਲ ਗਾਰਾ ਉਸ ਦੀਆਂ ਅੱਖੀਆਂ 'ਤੇ ਦੇ ਮਾਰਿਆ ।

ਪਠਾਣ ਪਰਤ ਗਿਆ । ਘਰ ਜਾ ਕੇ ਮੂੰਹ ਧੋਤਾ, ਕੱਪੜੇ ਬਦਲੇ ਤੇ ਮੇਰੇ ਪਿਤਾ ਜੀ ਦੇ ਘਰ ਪਰਤਣ ਦੀ ਇੰਤਜ਼ਾਰ ਕਰਨ ਲੱਗਾ। ਥੋੜ੍ਹੇ ਚਿਰ ਤਾਈਂ ਪਿਤਾ ਜੀ ਬਜ਼ਾਰੋਂ ਜੋ ਸੌਦਾ ਸੁਕ ਲੈਣ ਗਏ ਸਨ, ਲੈ ਕੇ ਪਰਤੇ । ਜਦੋਂ ਪਠਾਣ ਦੇ ਘਰ ਅੱਗੋਂ ਲੰਘੇ ਤਾਂ ਪਠਾਣ ਨੇ ਅਵਾਜ਼ ਮਾਰ ਕੇ ਬੁਲਾ ਲਿਆ। ਕਹਿਣ ਲੱਗਾ, "ਮੈਂ ਤੈਨੂੰ ਤੇਰੇ ਬੇਟੇ ਵੱਲੋਂ ਮੁਬਾਰਕ ਦੇਣੀ ਹੈ। ਪਹਿਲਾਂ ਤਾਂ ਉਸ ਨੇ ਮੇਰੇ ਪੁੱਤਰ ਨੂੰ ਕੁੱਟ ਕੱਢਿਆ । ਮੈਂ ਸੋਚਿਆ, ਵੇਖਾਂ ਤਾਂ ਸਹੀ ਉਹ ਕੌਣ ਦਲੇਰ ਲੜਕਾ ਹੈ ਜਿਸ ਨੇ ਪਠਾਣ ਦੇ ਮੁੰਡੇ ਨੂੰ ਕੁੱਟ ਕੱਢਿਆ ਹੈ। ਮੈਂ ਬਾਹਰ ਨਿਕਲਿਆ ਤਾਂ ਉਹ ਅਜੇ ਉੱਥੇ ਹੀ ਗਲੀ ਵਿੱਚ ਖਲੋਤਾ ਸੀ । ਮੈਨੂੰ ਵੇਖ ਕੇ ਦੌੜਨ ਲੱਗਾ ਤਾਂ ਮੈਂ ਉਸਨੂੰ ਕਿਹਾ ਦੌੜ ਨਾ ਮੈਂ ਤੇਰੇ ਨਾਲ ਗੱਲ ਕਰਨੀ ਹੈ। ਤਦ ਉਸਨੇ ਗਲੀ ਵਿੱਚ ਪਏ ਗਾਰੇ 'ਚੋਂ ਦੋ ਬੁੱਕਾਂ ਚੁੱਕ ਲਈਆਂ ਤੇ ਜਦ ਮੈਂ ਕੋਲ ਪਹੁੰਚਿਆ ਤਾਂ ਇਸ ਤੋਂ ਪਹਿਲਾਂ ਕਿ ਮੈਂ ਉਸ ਨਾਲ ਗੱਲਬਾਤ ਕਰ ਸਕਦਾ ਉਸ ਨੇ ਗਾਰੇ ਦੀਆਂ ਦੋਵੇਂ ਬੁੱਕਾਂ ਮੇਰੀਆਂ ਅੱਖਾਂ ਉੱਪਰ ਦੇ ਮਾਰੀਆਂ।"

ਪਿਤਾ ਜੀ ਨੇ ਪਠਾਣ ਪਾਸੋਂ ਮਾਫ਼ੀ ਮੰਗੀ ਤੇ ਬੜੇ ਕ੍ਰੋਧ ਵਿੱਚ ਘਰ ਆਏ । ਆ ਕੇ ਉਨ੍ਹਾਂ ਇਕ ਹਾਕੀ ਸਟਿੱਕ ਚੁੱਕ ਲਈ ਤੇ ਪਰਕਾਸ਼ ਸਿੰਘ ਨੂੰ ਆਵਾਜ਼ ਮਾਰੀ । ਪਰਕਾਸ਼ ਸਿੰਘ ਨੂੰ ਸਮਝ ਆ ਗਈ ਉਸ ਦੀ ਮੁਰੰਮਤ ਹੋਣ ਵਾਲੀ ਹੈ। ਪਿਤਾ ਜੀ ਦੇ ਹੱਥ ਵਿੱਚ ਫੜੀ ਹਾਕੀ ਸਟਿੱਕ ਨੂੰ ਵੇਖ ਕੇ ਤਾਂ ਹੋਰ ਘਬਰਾਇਆ । ਮਨ ਹੀ ਮਨ "ਵਾਹਿਗੁਰੂ-ਵਾਹਿਗੁਰੂ" ਕਰਨ ਲੱਗਾ ।

ਪਿਤਾ ਜੀ ਨੇ ਉੱਚੀ ਸਾਰੀ ਕਿਹਾ, ਤੂੰ ਜੋ ਕਰਤੂਤ ਅੱਜ ਕੀਤੀ ਹੈ ਉਸ ਨੇ ਮੈਨੂੰ ਬਹੁਤ ਸ਼ਰਮਸਾਰ ਕੀਤਾ ਹੈ। ਇਹ ਕਹਿਣ ਦੇ ਨਾਲ ਹੀ ਜ਼ੋਰ ਦੀ ਹਾਕੀ ਉਸ ਦੇ ਪੱਟ 'ਤੇ ਦੇ ਮਾਰੀ। ਪਰਕਾਸ਼ ਸਿੰਘ ਦੇ ਅੰਦਰੇ ਅੰਦਰ "ਵਾਹਿਗੁਰੂ-ਵਾਹਿਗੁਰੂ" ਚਲ ਰਿਹਾ ਸੀ, ਸੱਟ ਪਈ ਤਾਂ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਉਸ ਦੇ ਮੂੰਹੋਂ ਨਿਕਲਣ ਲੱਗ ਪਿਆ । ਪਿਤਾ ਜੀ ਨੂੰ ਲੱਗਾ ਕਿਤੇ ਬਹੁਤੀ ਸੱਟ ਵੱਜ ਗਈ ਸੁ ਜੋ ਤੜਪ ਕੇ "ਵਾਹਿਗੁਰੂ-ਵਾਹਿਗੁਰੂ" ਕਰਦਾ ਪਿਆ ਹੈ। ਉਨ੍ਹਾਂ ਹਾਕੀ ਤਾਂ ਸੁੱਟ ਦਿੱਤੀ ਤੇ ਉਸਨੂੰ ਕਾਫ਼ੀ ਬੁਰਾ ਭਲਾ ਆਖਿਆ, ਪਰ ਹੋਰ ਮਾਰਿਆ ਨਹੀਂ ।

ਮੈਂ ਇਸ ਵਰਦਾਤ ਸਮੇਂ ਘਰ ਨਹੀਂ ਸਾਂ । ਸ਼ਾਮੀ ਹਨੇਰਾ ਪੈਣ 'ਤੇ ਪਰਤਿਆ ਸਾਂ । ਰਾਤ ਪਈ ਤਾਂ ਅਸੀਂ ਦੋਵੇਂ ਭਰਾ ਇਕੋ ਕਮਰੇ ਵਿੱਚ ਸੌਣ ਲਈ ਚਲੇ ਗਏ। ਥੋੜ੍ਹੇ ਚਿਰ ਮਗਰੋਂ ਪਰਕਾਸ਼ ਸਿੰਘ ਉੱਠ ਕੇ ਮੇਰੇ ਮੰਜੇ 'ਤੇ ਆ ਗਿਆ ਤੇ ਕਹਿਣ ਲੱਗਾ, "ਵੀਰ ਜੀ, ਇੱਕ ਗੱਲ ਦੱਸਣੀ ਹੈ।" ਮੈਂ ਕਿਹਾ "ਦੱਸੋ ।" ਤਦ ਉਸਨੇ ਦਿਨੇ ਹੋਈ ਉਪਰੋਕਤ ਗੱਲ ਸੁਣਾਈ ਤੇ ਕਹਿਣ ਲੱਗਾ, "ਵੀਰ ਜੀ, ਵਾਹਿਗੁਰੂ ਬਚਾਂਦਾ ਤਾਂ ਜ਼ਰੂਰ ਹੈ ਪਰ ਪਹਿਲੀ ਸੋਟੀ ਪੈਣ ਦੇਂਦਾ ਹੈ, ਤਾਂ ਜੋ ਬੇਵਕੂਫਾਂ ਨੂੰ ਅਕਲ ਆ ਜਾਵੇ । ਮੈਂ ਤੁਹਾਡੀ ਇਸ ਪਿਆਰ ਗਲਵੱਕੜੀ, ਵਿੱਚ ਪ੍ਰਣ ਕਰਦਾ ਹਾਂ ਕਿ ਅੱਗੇ ਤੋਂ ਐਸੀ ਕੋਈ ਸ਼ਰਾਰਤ ਨਹੀਂ ਕਰਾਂਗਾ ।"

(1940)

## ਕਲਗੀਆਂ ਵਾਲੇ, ਬਾਜਾਂ ਵਾਲੇ

ਅਰਦਾਸ ਸਿੱਖ ਧਰਮ ਦਾ ਅਨਿੱਖੜ ਅੰਗ ਹੈ। ਜਿਸ ਗੁਰਮੁਖ ਪਿਆਰੇ ਗ੍ਰੰਥੀ ਜੀ ਨੂੰ ਮੈਂ ਹਰ ਰੋਜ਼ ਅਰਦਾਸ ਕਰਦਿਆਂ ਸੁਣਦਾ ਸਾਂ ਉਹ "ਪ੍ਰਿਥਮ ਭਗਉਤੀ ਸਿਮਰ ਕੈ" ਵਾਲੀ ਵਾਰ ਸਿਰੀ ਭਗਉਤੀ ਜੀ ਦੀ ਪਹਿਲੀ ਪਉੜੀ ਵਿੱਚ ਨੌਂ ਗੁਰੂ ਸਾਹਿਬਾਂ ਨੂੰ ਸਿਮਰਨ-ਧਿਆਉਣ ਤੋਂ ਮਗਰੋਂ ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਿਆਉਂਦਿਆਂ ਉਹਨਾਂ ਦੇ ਨਾਮ ਦੇ ਨਾਲ 'ਕਲਗੀਆਂ ਵਾਲੇ', 'ਬਾਜਾਂ ਵਾਲੇ', 'ਨੀਲੇ ਘੋੜੇ ਵਾਲੇ', ਵਿਸ਼ੇਸ਼ਣ ਲਗਾਉਂਦੇ ਸਨ। ਮੈਨੂੰ ਵੀ ਇਹ ਵਿਸ਼ੇਸ਼ਣ ਕੰਠ ਹੋ ਗਏ ।

ਇਕ ਦਿਨ ਰਹਿਰਾਸ ਸਾਹਿਬ ਦੇ ਪਾਠ ਮਗਰੋਂ ਪਿਤਾ ਜੀ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ। ਮੈਂ ਇਸ ਸੇਵਾ ਨੂੰ ਸੁਭਾਗ ਸਮਝਿਆ ਤੇ ਅਰਦਾਸ ਕਰਨ ਲੱਗ ਪਿਆ । ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਮੈਂ ਉਹ ਕੰਠ ਹੋਏ ਵਿਸ਼ੇਸ਼ਣ ਵੀ ਲਾ ਦਿੱਤੇ। ਅਰਦਾਸ ਤੋਂ ਬਾਅਦ ਮੇਰੇ ਪਿਤਾ ਜੀ ਕਹਿਣ ਲੱਗੇ, "ਬੇਟਾ ਉਹ ਤਿੰਨ ਵਿਸ਼ੇਸ਼ਣ ਜਿਹੜੇ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਚੇਤੇ ਕਰਦਿਆਂ ਲਗਾਏ ਸਨ, ਜ਼ਰਾ ਮੁੜ ਕੇ ਦੱਸੋ ।" ਮੈਂ ਸੁਣਾ ਦਿੱਤੇ। ਪਿਤਾ ਜੀ ਮੁਸਕ੍ਰਾਏ ਤੇ ਕਹਿਣ ਲੱਗੇ, "ਕਾਕਾ ! ਕਲਗੀਆਂ ਵਾਲੇ ਤੇ ਬਾਜਾਂ ਵਾਲੇ ਤਾਂ ਹਜ਼ਾਰਾਂ ਹੋਏ ਹਨ, ਘੋੜਿਆਂ ਵਾਲੇ ਲੱਖਾਂ ਹੋਏ ਹਨ। ਇਹ ਵਿਸ਼ੇਸ਼ਣ ਲਗਾ ਕੇ ਅਸੀਂ ਗੁਰੂ ਜੀ ਦੀ ਵਡਿਆਈ ਨਹੀਂ ਕਰਦੇ ਸਗੋਂ ਉਹਨਾਂ ਨੂੰ ਉਹਨਾਂ ਹਜ਼ਾਰਾਂ-ਲੱਖਾਂ ਆਮ ਮਨੁੱਖਾਂ ਵਿੱਚ ਜਾ ਰਲਾਉਂਦੇ ਹਾਂ। ਜਾਂ ਤਾਂ ਕੋਈ ਵਿਸ਼ੇਸ਼ਣ ਨਾ ਲਾਓ, ਜਿਵੇਂ ਬਾਕੀ ਗੁਰੂ ਸਾਹਿਬਾਂ ਨਾਲ ਨਹੀਂ ਲਗਾਏ ਗਏ। ਜੇ ਲਗਾਣੇ ਹੀ ਹੋਣ ਤਾਂ ਐਸੇ ਵਿਸ਼ੇਸ਼ਣ ਲਗਾਓ ਜਿਨ੍ਹਾਂ ਤੋਂ ਗੁਰੂ ਸਾਹਿਬ ਦੀ ਵਡਿਆਈ ਪ੍ਰਤੱਖ ਪ੍ਰਤੀਤ ਹੁੰਦੀ ਹੋਵੇ ।"



ਮੈਂ ਪੁੱਛਿਆ, "ਮੈਨੂੰ ਐਸੇ ਵਿਸ਼ੇਸ਼ਣਾਂ ਦੀ ਸੋਝੀ ਕਰਾਓ ।" ਕਹਿਣ ਲੱਗੇ, "ਦਸਵੇਂ ਪਾਤਸ਼ਾਹ ਦੀ ਵਿਸ਼ੇਸ਼ ਮਹੱਤਤਾ ਦਰਸਾਉਣ ਵਾਲੇ ਵਿਸ਼ੇਸ਼ਣ ਇਸ ਪ੍ਰਕਾਰ ਦੇ ਹੋ ਸਕਦੇ ਹਨ : 'ਸਰਬੰਸ ਦਾਨੀ' (ਉਹਨਾਂ ਜੈਸਾ ਹੋਰ ਕੋਈ ਨਹੀਂ ਹੋਇਆ); 'ਅੰਮ੍ਰਿਤ ਦੇ ਦਾਤੇ' (ਉਹਨਾਂ ਦੇ ਅੰਮ੍ਰਿਤ ਸੰਸਕਾਰ ਨੇ ਬੰਦਿਆਂ ਨੂੰ ਸੱਚਮੁੱਚ ਮੌਤ ਦੇ ਭੈ ਤੋਂ ਮੁਕਤ ਕਰ ਦਿੱਤਾ); 'ਧਰਮ ਰੱਖਿਅਕ' (ਪਿਤਾ ਜੀ ਨੂੰ ਸ਼ਹਾਦਤ ਲਈ ਤੋਰ ਕੇ ਉਹਨਾਂ ਧਾਰਮਿਕ ਵਿਸ਼ਵਾਸ ਦੀ ਆਜ਼ਾਦੀ ਦਾ ਅਸੂਲ ਸਥਾਪਿਤ ਕਰ ਦਿੱਤਾ); ਤੇ 'ਨੀਚੋਂ ਉਚ ਕਰਨ ਵਾਲੇ' (ਜਿਨ੍ਹਾਂ ਲੋਕਾਂ ਨੂੰ ਹਿੰਦੂ ਵਰਣਾਸ਼੍ਰਮ ਅਨੁਸਾਰ ਸਭ ਤੋਂ ਹੀਣੇ ਮੰਨਿਆ ਜਾਂਦਾ ਸੀ ਉਹਨਾਂ ਨੂੰ ਸੂਰਬੀਰ ਬਣਾ ਦਿੱਤਾ) । ਐਸੇ ਵਿਸ਼ੇਸ਼ਣ ਹੀ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜੋੜੇ ਹੋਏ ਸ਼ੋਭਾ ਦੇਂਦੇ ਹਨ ।"

ਉਸ ਦਿਨ ਤੋਂ ਇਹੋ ਵਿਸ਼ੇਸ਼ਣ ਮੈਂ ਦਸਵੇਂ ਪਾਤਸ਼ਾਹ ਦੇ ਨਾਮ ਨਾਲ ਜੋੜ ਕੇ ਅਰਦਾਸ ਵਿੱਚ ਉਹਨਾਂ ਨੂੰ ਚੇਤੇ ਕਰਦਾ ਹਾਂ । (1940)

## ਸੋ ਦਰੁ

ਪ੍ਰੋਫ਼ੈਸਰ ਪੀ.ਆਈ. ਪੇਂਟਰ ਕਿਸੇ ਉੱਚੇ ਅੰਗਰੇਜ਼ ਖ਼ਾਨਦਾਨ ਵਿੱਚੋਂ ਸਨ। ਹਿੰਦੁਸਤਾਨ ਵਿੱਚ ਆਈ.ਸੀ.ਐਸ. ਰਿਟਾਇਰ ਹੋਏ ਤੇ ਫਿਰ ਐਫ.ਸੀ. ਕਾਲਜ ਲਾਹੌਰ ਵਿੱਚ ਅੰਗਰੇਜ਼ੀ ਦੇ ਪ੍ਰਾਧਿਆਪਕ ਲੱਗੇ। ਮੈਂ ਐਫ.ਸੀ. ਕਾਲਜ ਦੇ ਜਿਸ ਹੋਸਟਲ ਵਿੱਚ ਦਾਖ਼ਲ ਹੋਇਆ ਸਾਂ ਉਸ ਦੇ ਸੁਪਰਿੰਟੈਂਡੈਂਟ ਵੀ ਸਨ ।

ਇਕ ਦਿਨ ਹੋਸਟਲ ਦਾ ਦੌਰਾ ਕਰਦੇ ਕਰਦੇ ਉਹ ਮੇਰੇ ਕਮਰੇ ਅੰਦਰ ਆਏ ਤਾਂ ਮੈਂ ਹਥਲੀ ਕਿਤਾਬ ਮੇਜ਼ ਪੁਰ ਰੱਖ ਕੇ ਉਨ੍ਹਾਂ ਨੂੰ ਪ੍ਰਣਾਮ ਕੀਤਾ । ਉਨ੍ਹਾਂ ਕਿਤਾਬ ਵੱਲ ਵੇਖਿਆ । ਉਹ ਪੂਰਨ ਸਿੰਘ ਦੀ ਕਿਤਾਬ ਸੀ 'ਦੀ ਸਪਿਰਿਟ ਆਫ ਓਰੀਐਂਟਲ ਪੋਇਟ੍ਰੀ' (ਪੂਰਬੀ ਕਾਵਿ ਦੀ ਆਤਮਾ) ਮੈਨੂੰ ਪੁੱਛਣ ਲੱਗੇ, "ਤੂੰ ਸਾਇੰਸ ਦਾ ਵਿਦਿਆਰਥੀ ਨਹੀਂ ?" ਮੈਂ 'ਹਾਂ' ਵਿੱਚ ਉੱਤਰ ਦਿੱਤਾ ਤਾਂ ਪੁੱਛਣ ਲੱਗੇ, "ਤੈਨੂੰ ਇਸ ਕਿਤਾਬ ਵਿੱਚ ਕੀ ਦਿਲਚਸਪੀ ਹੋ ਸਕਦੀ ਹੈ? ਤੈਨੂੰ ਸਮਝ ਆਉਂਦੀ ਹੈ?" ਮੈਂ ਉੱਤਰ ਦਿੱਤਾ, "ਜਨਾਬ ਕਾਫ਼ੀ ਸਮਝ ਆਉਂਦੀ ਹੈ। ਦਿਲਚਸਪੀ ਇਸ ਲਈ ਹੈ ਕਿਉਂਕਿ ਕਾਵਿ ਜ਼ਿੰਦਗੀ ਨੂੰ ਰੋਚਕ ਬਣਾਉਂਦਾ ਹੈ।" ਕਹਿਣ ਲੱਗੇ, "ਇਸ ਵਿੱਚੋਂ ਤੈਨੂੰ ਕੀ ਸਮਝ ਆਇਆ ਹੈ ?"

ਮੈਂ ਕਿਹਾ, "ਮੈਂ ਅਜੇ ਮਸਾਂ ਅੱਧ ਤਕ ਹੀ ਪੜ੍ਹੀ ਹੈ, ਪਰ ਇਤਨਾ ਸਮਝ ਆ ਗਿਆ ਹੈ ਕਿ ਪੂਰਬੀ ਕਾਵਿ ਦੀ ਆਤਮਾ ਪੱਛਮੀ ਕਾਵਿ ਨਾਲੋਂ ਵੱਖਰੀ ਹੈ। ਜੇ ਸੱਚ ਪੁੱਛੋ ਤਾਂ ਆਤਮਾ ਤਾਂ ਹੈ ਹੀ ਪੂਰਬੀ ਕਾਵਿ ਪਾਸ, ਪੱਛਮੀ ਕਵਿਤਾ ਤਾਂ ਉਸ ਨੂੰ ਭਾਲਦੀ ਫਿਰਦੀ ਹੈ। ਪੱਛਮੀ ਕਾਵਿ ਬਾਹਰ ਵੱਲ ਵੇਖਦਾ ਹੈ, ਪੂਰਬੀ

ਕਾਵਿ ਅੰਦਰ ਵੱਲ ਝਾਤੀ ਮਾਰਦੀ ਹੈ।" ਮੈਂ ਅਜੇ ਇਤਨਾ ਹੀ ਕਿਹਾ ਸੀ ਕਿ ਉਹ ਕਹਿਣ ਲੱਗੇ, "ਮੈਂ ਸ਼ਾਮ ਨੂੰ ਸਾਢੇ ਚਾਰ ਵਜੇ ਚਾਹ ਪੀਂਦਾ ਹਾਂ, ਅੱਜ ਮੇਰੇ ਪਾਸ ਆ ਕੇ ਮੇਰੇ ਨਾਲ ਚਾਹ ਪੀਵੀਂ ।" ਮੈਂ ਕਿਹਾ, "ਮੇਰਾ ਸੁਭਾਗ ਹੋਵੇਗਾ ।"

ਮੈਂ ਓਦੋਂ ਦਸਵੀਂ ਪਾਸ ਕਰਕੇ ਕਾਲਜ ਵਿੱਚ ਦਾਖ਼ਲ ਹੀ ਹੋਇਆ ਸਾਂ । ਕਾਲਜ ਆਉਣ ਤੋਂ ਪਹਿਲਾਂ ਸਾਡੇ ਸਕੂਲ ਵਿੱਚ ਜਿਤਨੀਆਂ ਵੀ ਤਿੰਨ ਕੁ ਸੌ ਪੰਜਾਬੀ ਦੀਆਂ ਪੁਸਤਕਾਂ ਸਨ, ਮੈਂ ਸਭ ਪੜ੍ਹ ਲਈਆਂ ਸਨ। ਉਰਦੂ ਵਿੱਚ ਇਕਬਾਲ, ਮੀਰ, ਜ਼ੌਕ ਤੇ ਗਾਲਿਬ ਵੀ ਪੜ੍ਹ ਲਏ ਸਨ। ਫ਼ਾਰਸੀ ਵਿੱਚ ਵੀ ਸਾਅਦੀ ਤੇ ਹਾਫਿਜ਼ ਮੇਰੇ ਦਾਦਾ ਜੀ ਨੇ ਮੈਨੂੰ ਪੜ੍ਹਾ ਦਿੱਤੇ ਸਨ। ਇਸ ਲਈ ਮੈਨੂੰ ਪੂਰਬੀ ਕਾਵਿ ਦੀ ਥੋੜ੍ਹੀ-ਬਹੁਤ ਪਕੜ ਜ਼ਰੂਰ ਸੀ। ਜਾਪਾਨੀ ਜਾਂ ਚੀਨੀ ਕਾਵਿ ਵੱਲੋਂ ਅਨਜਾਣ ਸਾਂ, ਪਰ ਪੂਰਨ ਸਿੰਘ ਦੀ ਪੁਸਤਕ ਨੇ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਉਤਸੁਕਤਾ ਜਗਾ ਦਿੱਤੀ ਸੀ । ਸਾਇੰਸ ਵੀ ਦਿਲ ਲਗਾ ਕੇ ਪੜ੍ਹਦਾ ਸਾਂ, ਪਰ ਕਾਵਿ ਵਿੱਚ ਦਿਲਚਸਪੀ ਵੀ ਬਦਸਤੂਰ ਕਾਇਮ ਰੱਖੀ ਹੋਈ ਸੀ।

ਪ੍ਰੋ: ਪੇਂਟਰ ਦੇ ਘਰ ਉਨ੍ਹਾਂ ਨਾਲ ਚਾਹ ਪੀਣ ਦਾ ਅਵਸਰ ਮੈਂ ਚਾਹ ਪੀਣ ਲਈ ਨਹੀਂ ਸੀ ਲੈਣਾ ਚਾਹੁੰਦਾ, ਉਨ੍ਹਾਂ ਦੀ ਆਤਮਾ ਦਾ ਸੰਗ ਕਰਨ ਲਈ ਲੈਣਾ ਚਾਹੁੰਦਾ ਸਾਂ ।

ਮੈਂ ਪੂਰੇ ਸਾਢੇ ਚਾਰ ਵਜੇ ਉਨ੍ਹਾਂ ਦਾ ਦਰ ਜਾ ਖੜਕਾਇਆ । ਉਨ੍ਹਾਂ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ ਅੰਦਰ ਚਲੇ ਆਉਣ ਦਾ ਆਦੇਸ਼ ਦਿੱਤਾ। ਹਾਲ-ਚਾਲ ਪੁੱਛਿਆ ਤੇ ਫਿਰ ਮੈਨੂੰ ਕਹਿਣ ਲੱਗੇ, "ਤੂੰ ਪੂਰਬੀ ਕਾਵਿ ਦੀ ਆਤਮਾ ਦੀ ਗੱਲ ਕੀਤੀ ਸੀ। ਮੈਨੂੰ ਕੋਈ ਐਸੀ ਕਵਿਤਾ ਦਾ ਦੀਦਾਰ ਕਰਵਾ ਜਿਸ ਵਿੱਚੋਂ ਇਹ ਆਤਮਾ ਸਪੱਸ਼ਟ ਦਿਸਦੀ ਹੋਵੇ।" ਮੈਂ ਕਿਹਾ, "ਮੈਂ ਇਸ ਸਵਾਲ ਲਈ ਤਿਆਰ ਨਹੀਂ ਹਾਂ, ਸੋ ਮੈਨੂੰ ਦੋ ਮਿੰਟ ਦੇ ਦਿਓ ਕਿ ਮੈਂ ਸੋਚ ਸਕਾਂ ਕਿ ਤੁਹਾਨੂੰ ਕਿਹੜੀ ਕਵਿਤਾ ਸੁਣਾਉਣੀ ਹੈ। ਫਿਰ ਥੋੜ੍ਹਾ ਸਮਾਂ ਹੋਰ ਦਿਓ ਕਿਉਂਕਿ ਤੁਹਾਨੂੰ ਅੰਗ੍ਰੇਜ਼ੀ ਵਿੱਚ ਉਸ ਦਾ ਮਫ਼ਹੂਮ ਦੱਸਣਾ ਹੈ।" ਉਹ ਹੱਸ ਪਏ ਤੇ ਕਹਿਣ ਲੱਗੇ, "ਮੈਂ ਚਾਹ ਪਾ ਦੇਂਦਾ ਹਾਂ, ਦੁੱਧ ਤੇ ਚੀਨੀ ਘੋਲਦਾ ਹਾਂ। ਤੂੰ ਉਤਨਾ ਚਿਰ ਸੋਚ ਲੈ।" ਪਰ ਚਾਹ ਪਾ ਕੇ ਦੇਣ ਬਾਅਦ ਉਨ੍ਹਾਂ ਕੁਝ ਨਹੀਂ ਪੁੱਛਿਆ । ਜਿਤਨਾ ਚਿਰ ਅਸੀਂ ਚਾਹ ਪੀਂਦੇ ਰਹੇ, ਉਹ ਖਾਮੋਸ਼ ਰਹੇ ਤੇ ਮੈਨੂੰ ਸੋਚਣ ਜੋਗਾ ਸਮਾਂ ਦੇ ਦਿੱਤਾ ।

ਅਸੀਂ ਚਾਹ ਮੁਕਾ ਚੁੱਕੇ ਤਾਂ ਕਹਿਣ ਲੱਗੇ, "ਕੁਝ ਸੁਣਾਉਗੇ ?" ਮੈਂ ਕਿਹਾ, "ਕਵਿਤਾ ਤਾਂ ਮੈਂ ਭਾਲ ਲਈ ਹੈ, ਪਰ ਸੁਯੋਗ ਅੰਗਰੇਜ਼ੀ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਹੋਈ, ਪਰ ਕੋਸ਼ਿਸ਼ ਕਰਦਾ ਹਾਂ ।" ਮੈਂ ਜਪੁਜੀ ਸਾਹਿਬ ਦੀ ੨੭ਵੀਂ ਪਉੜੀ 'ਸੋ ਦਰੁ ਕੇਹਾ, ਸੋ ਘਰੁ ਕੇਹਾ, ਜਿਤਿ ਬਹਿ ਸਰਬ ਸਮਾਲੇ' ਸੁਣਾਉਣੀ ਸ਼ੁਰੂ ਕੀਤੀ ਤੇ ਨਾਲੇ ਨਾਲ ਅੰਗਰੇਜ਼ੀ ਵਿੱਚ ਉਲਥਾਈ ਗਿਆ । ਜਿਉਂ-ਜਿਉਂ ਮੈਂ



ਸੁਣਾਈ ਜਾਵਾਂ ਤਿਉਂ-ਤਿਉਂ ਪ੍ਰੋ: ਪੇਂਟਰ ਦੀਆਂ ਅੱਖਾਂ ਦੀ ਚਮਕ ਵਧੀ ਜਾਵੇ । ਜਦ ਮੈਂ ਮੁਕਾਈ ਤਾਂ ਮੈਨੂੰ ਪੁੱਛਣ ਲੱਗੇ, "ਇਹ ਕਿਸ ਦੀ ਕਵਿਤਾ ਹੈ?" ਮੈਂ ਕਿਹਾ, "ਗੁਰੂ ਨਾਨਕ ਸਾਹਿਬ ਦੀ।" ਪ੍ਰੋ: ਪੇਂਟਰ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ ਤੇ ਬੜੇ ਅਦਬ ਨਾਲ ਝੁਕ ਕੇ ਮੈਨੂੰ ਕਹਿਣ ਲੱਗੇ, "ਤੂੰ ਮੈਨੂੰ ਗੁਰੂ ਨਾਨਕ ਦੀ ਆਤਮਾ ਦਾ ਦੀਦਾਰ ਕਰਵਾਇਆ ਹੈ। ਤੇਰਾ ਇਹ ਅਹਿਸਾਨ ਮੈਂ ਉਮਰ ਭਰ ਭੁਲਾ ਨਹੀਂ ਸਕਾਂਗਾ । ਤੂੰ ਹਰ ਰੋਜ਼, ਜੇਕਰ ਵਿਹਲਾ ਹੋਵੇਂ ਤਾਂ ਮੇਰੇ ਪਾਸ ਚਾਹ ਪੀਣ ਆ ਜਾਇਆ ਕਰ ।"

ਇਉਂ ਗੁਰੂ ਨਾਨਕ ਨੇ ਮੈਨੂੰ ਇਕ ਅਤਿ ਪਿਆਰਾ ਦੋਸਤ ਪ੍ਰਦਾਨ ਕੀਤਾ ਜੋ ਭਾਵੇਂ ਮੈਥੋਂ ਕੋਈ 50 ਵਰ੍ਹੇ ਵੱਡਾ ਸੀ, ਪਰ ਜਿਸ ਨੇ ਮੈਨੂੰ ਮੁੱਛ-ਫੁੱਟੇ ਨੂੰ ਆਪਣੀ ਦੋਸਤੀ ਵਿੱਚ ਸ਼ਾਮਿਲ ਕਰ ਲਿਆ ਸੀ । (1943)

## ਸੱਚੇ ਢਾਡੀ

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਬੜੇ ਉੱਚੇ ਜੀਵਨ ਵਾਲੇ ਰਾਗੀ ਸਨ। ਮੈਨੂੰ ਉਹ ਬੜਾ ਪਿਆਰ ਕਰਦੇ ਸਨ। ਇਕ ਦਿਨ ਮੈਂ ਉਨ੍ਹਾਂ ਨੂੰ ਪੁੱਛ ਬੈਠਾ, "ਭਾਈ ਸਾਹਿਬ ਜੀ ! ਜੋ ਸ਼ਬਦ ਭੇਟਾ ਆਪ ਨੂੰ ਪ੍ਰਾਪਤ ਹੁੰਦੀ ਹੈ, ਉਸ ਵਿੱਚ ਆਪ ਦਾ ਤੇ ਆਪ ਦੇ ਪਰਿਵਾਰ ਦਾ ਨਿਰਬਾਹ ਠੀਕ ਹੋ ਜਾਂਦੈ।"

ਕਹਿਣ ਲੱਗੇ, "ਸਾਨੂੰ ਸਾਡੇ ਬਜ਼ੁਰਗਾਂ ਨੇ ਤਿੰਨ ਗੱਲਾਂ ਦਾ ਉਪਦੇਸ਼ ਦਿੱਤਾ ਸੀ। ਪਹਿਲੀ ਇਹ ਕਿ ਕੀਰਤਨ ਗੁਰੂ ਨੂੰ ਸੁਣਾਉਣ ਲਈ ਕਰੀਏ ਉਸਨੂੰ ਹਾਜ਼ਰ ਨਾਜ਼ਰ ਜਾਣ ਕੇ। ਲੋਕਾਂ ਦੀ ਪ੍ਰਸ਼ੰਸਾ ਲਈ ਨਾ ਕਰੀਏ ।

ਦੂਜੀ ਇਹ ਕਿ ਜ਼ਰੂਰਤਾਂ ਘਟਾ ਲਈਏ ਤਾਂ ਥੋੜ੍ਹੇ ਵਿੱਚ ਹੀ ਨਿਰਬਾਹ ਹੋ ਜਾਂਦੈ, ਜੇ ਵਧਾ ਲਈਏ ਤਾਂ ਬਹੁਤੇ ਵਿੱਚ ਵੀ ਨਹੀਂ ਹੁੰਦਾ ।

ਤੀਜੇ ਇਹ ਕਿ ਸ਼ਬਦ-ਭੇਟ ਨੂੰ ਮਨੁੱਖਾਂ ਵੱਲੋਂ ਦਿੱਤਾ ਦਾਨ ਨਾ ਜਾਣਨਾ, ਪ੍ਰਮਾਤਮਾ ਵੱਲੋਂ ਦਿੱਤੀ ਦਾਤ ਜਾਣਨਾ । ਇਸ ਦੀ ਝਾਕ ਨਾ ਰੱਖਣਾ। ਜੋ ਪ੍ਰਾਪਤ ਹੋ ਜਾਵੇ ਉਸ ਦਾਤੇ ਦੀ ਬਖਸ਼ਿਸ਼ ਜਾਣਨਾ, ਜੇ ਕੁਝ ਵੀ ਪ੍ਰਾਪਤ ਨਾ ਹੋਵੇ ਤਾਂ ਵੀ ਉਸ ਦੀ ਮਿਹਰ ਸਮਝਣਾ ਕਿ ਉਸ ਨੇ ਕੀਰਤਨ ਕਰਨ ਦਾ ਅਉਸਰ ਤਾਂ ਬਖ਼ਸ਼ਿਆ ਹੈ।

ਬਾਕੀ ਸ਼ਬਦ-ਭੇਟਾ ਸਾਨੂੰ ਏਨੀ ਕੁ ਪ੍ਰਾਪਤ ਹੋ ਜਾਂਦੀ ਹੈ ਕਿ ਦਸਵੰਧ ਕੱਢਣ ਲੱਗਿਆਂ ਔਖ ਨਹੀਂ ਹੁੰਦੀ ।"

ਮੈਂ ਆਪਣੇ ਮਨ ਵਿੱਚ "ਬਲਿਹਾਰ ਜਾਵਾਂ" ਆਖਿਆ ਤੇ ਭਾਈ ਸਾਹਿਬ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ ।

(1952)

# ਅਕ੍ਰਿਤਘਣਤਾ

ਬਾਰਸ਼ਾਂ ਦੇ ਦਿਨ ਸਨ। ਸੜਕਾਂ ਉੱਤੇ ਚਿੱਕੜ ਤੇ ਟੋਭਿਆਂ ਵਿੱਚ ਪਾਣੀ ਭਰਿਆ ਪਿਆ ਸੀ। ਇਕ ਸੂਰਮਾ ਸਿੰਘ ਸੜਕ ਦੇ ਪਾਰ ਜਾਣ ਲਈ ਖੜ੍ਹਾ ਸੀ। ਹੱਥ ਵਿੱਚ ਉਸ ਦੇ ਚਿੱਟੀ ਛੜੀ ਸੀ, ਪਰ ਆਵਾਜਾਈ ਤੋਂ ਡਰਦਾ ਥਾਏਂ ਖਲੋਤਾ ਸੀ। ਮੈਂ ਉਸ ਦੇ ਲਾਗੇ ਹੋਇਆ ਤੇ ਪੁੱਛਿਆ, "ਤੁਸਾਂ ਸੜਕ ਦੇ ਪਾਰਲੇ ਪਾਸੇ ਜਾਣਾ ਹੈ? ਮੈਂ ਆਪ ਦੀ ਮਦਦ ਕਰ ਸਕਦਾ ਹਾਂ?" ਉਸ ਨੇ ਮੇਰਾ ਹੱਥ ਫੜ ਲਿਆ ਤੇ ਹੌਲੀ-ਹੌਲੀ, ਬਚਦੇ-ਬਚਾਂਦੇ ਅਸੀਂ ਸੜਕ ਦੇ ਪਾਰ ਹੋ ਗਏ । ਸੂਰਮਾ ਸਿੰਘ ਕਹਿਣ ਲੱਗਾ, "ਗੁਰਦੁਆਰਾ ਐਸੇ ਪਾਸੇ ਹੀ ਹੈ ਨਾ ?" ਮੈਂ ਕਿਹਾ, "ਗੁਰਦੁਆਰਾ ਤਾਂ ਪਰਲੇ ਪਾਸੇ ਹੀ ਆਉਣਾ ਸੀ।" ਸੋ ਮੈਂ ਦੋਬਾਰਾ ਉਸ ਨੂੰ ਸੜਕ ਪਾਰ ਕਰਵਾ ਕੇ, ਫਿਰ ਗੁਰਦਵਾਰੇ ਤਕ ਲੈ ਗਿਆ। ਗੁਰਦਵਾਰੇ ਦਾ ਆਂਗਣ ਬੜਾ ਖੁੱਲ੍ਹਾ ਸੀ । ਉਸ ਵਿੱਚ ਖਲੋਤਿਆਂ ਜਦ ਮੈਂ ਅਸਮਾਨ ਵੱਲ ਵੇਖਿਆ ਤਾਂ ਬੱਦਲੀ ਦੇ ਫੰਭੇ ਇਕ-ਦੂਜੇ ਨੂੰ ਬਾਹਾਂ ਵਿੱਚ ਲੈਂਦੇ ਜਾਂ ਇਕ ਦੂਏ ਦਾ ਮੂੰਹ ਚੁੰਮਦੇ ਦਿਸੇ । ਪੰਛੀਆਂ ਦਾ ਇਕ ਝੁੰਡ ਵੀ ਗੁਰਦੁਆਰੇ ਦੇ ਵਿਹੜੇ ਵਿੱਚ ਖਲੋਤਾ ਨਿੰਮ ਦੇ ਬ੍ਰਿਛਾਂ ਤੋਂ ਉੱਡ ਕੇ ਮੇਰੀਆਂ ਨਜ਼ਰਾਂ ਅੱਗੋਂ ਦੀ ਹੋ ਕੇ ਵਾਪਸ ਬ੍ਰਿਛਾਂ 'ਤੇ ਪਰਤ ਕੇ ਬਹਿ ਗਿਆ । ਬ੍ਰਿਛ ਦੇ ਥੱਲੇ ਦਰਖ਼ਤੀ ਵਿੱਚ ਫਰਸੀ ਫੁੱਲ ਕਈ ਰੰਗਾਂ ਦੇ ਖਿੜੇ ਹੋਏ ਸਨ ।

ਕੁਝ ਬੱਚੇ ਉੱਥੇ ਆਪਸ ਵਿੱਚ ਗੱਲਾਂ ਕਰਦੇ ਬਾਰ-ਬਾਰ ਇਕ ਦੂਜੇ ਨਾਲ ਹੱਥ ਮਿਲਾ ਰਹੇ ਸਨ ਤੇ ਫਿਰ ਮੁਸਕਰਾ ਰਹੇ ਸਨ। ਮੈਂ ਸੋਚਿਆ, ਮੈਂ ਤਾਂ ਇਹ ਦ੍ਰਿਸ਼ ਮਾਣ ਰਿਹਾ ਹਾਂ। ਉਹ ਸੂਰਮਾ ਸਿੰਘ ਤਾਂ ਇਸ ਖੁਸ਼ੀ ਤੋਂ ਵੰਚਿਤ ਹੈ। ਮੈਂ ਰੱਬ ਦਾ ਧੰਨਵਾਦ ਕੀਤਾ ਕਿ ਉਸ ਨੇ ਨੇਤ੍ਰਾਂ ਦੀ ਦਾਤ ਮੈਨੂੰ ਦਿੱਤੀ ਹੋਈ ਹੈ। ਫਿਰ ਜਿਉਂ-ਜਿਉਂ ਸੋਚੀ ਜਾਵਾਂ ਹੋਰ ਤੋਂ ਹੋਰ ਦਾਤਾਂ ਨਜ਼ਰੀਂ ਆਈ ਜਾਣ । ਮੈਂ ਸੋਚਿਆ "ਕਿਤਨਾ ਅਕ੍ਰਿਤਘਣ ਹਾਂ, ਮੈਂ ਇਤਨੀਆਂ ਦਾਤਾਂ ਲਈ ਕਦੇ ਕਰਤੇ ਦਾ ਸ਼ੁਕਰਾਨਾ ਨਹੀਂ ਕੀਤਾ ।" ਮੇਰੀਆਂ ਅੱਖਾਂ ਇਸ ਅਣਗਹਿਲੀ ਦੇ ਵਿਚਾਰ ਨਾਲ ਸੱਜਲ ਹੋ ਗਈਆਂ । ਤਦ ਸੂਰਮਾ ਸਿੰਘ ਸਹਿਵਨ ਹੀ ਬੋਲ ਪਿਆ, "ਅੱਜ ਬੱਦਲਵਾਈ ਜਾਪਦੀ ਹੈ-ਹਵਾ ਠੰਢੀ ਵੀ ਹੈ ਤੇ ਇਸ ਵਿੱਚ ਨਮੀ ਵੀ । ਪੰਛੀ ਵੀ ਚਹਿਕ ਰਹੇ ਸਨ। ਬੱਚੇ ਵੀ ਖੇਡਦੇ ਤੇ ਹੱਸਦੇ ਪਏ ਲੱਗਦੇ ਹਨ। ਏਥੇ ਤਾਂ ਆਨੰਦ ਵਰਤ ਰਿਹੈ ।" ਮੈਂ ਸੋਚਿਆ, "ਅਨੰਦ ਮਾਣਨ ਲਈ ਅੱਖਾਂ ਜ਼ਰੂਰੀ ਨਹੀਂ ਹੁੰਦੀਆਂ ।" ਪਰ ਮੈਂ ਤਾਂ ਅੱਖਾਂ ਹੁੰਦਿਆਂ ਵੀ ਆਨੰਦ ਘੱਟ ਹੀ ਮਾਣਿਆ ਹੈ। ਇਕ ਵਾਰ ਫਿਰ ਅਕ੍ਰਿਤਘਣਤਾ ਦਾ ਇਹਸਾਸ ਮੇਰੇ ਅੰਦਰੋਂ ਉੱਠ ਖਲੋਤਾ ।

(1953)



# ਸ਼ੁਕਰਾਨਾ

ਸਾਨੂੰ ਪਤਾ ਲੱਗਾ ਕਿ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਦਾ ਇੱਕੋ-ਇਕ ਬੇਟਾ ਜੋ ਸ਼ਿਮਲੇ ਰਹਿੰਦਾ ਸੀ, ਗੁਜ਼ਰ ਗਿਆ ਤੇ ਪਿੱਛੇ ਦੋ ਛੋਟੇ-ਛੋਟੇ ਬੱਚੇ ਛੋੜ ਗਿਆ ਹੈ। ਮੈਂ ਤੇ ਮੇਰਾ ਭਰਾ, ਪਰਕਾਸ਼ ਸਿੰਘ, ਅਫ਼ਸੋਸ ਕਰਨ ਉਨ੍ਹਾਂ ਦੇ ਘਰ ਗਏ । ਅਸੀਂ ਅਜੇ ਕੋਠੀ ਦੇ ਬਾਹਰ ਹੀ ਸਾਂ ਤਾਂ ਅੰਦਰੋਂ ਬੜੀ ਉੱਚੀ ਹਾਸੇ ਦੀ ਆਵਾਜ਼ ਆਈ । ਅਸਾਂ ਸਮਝਿਆ, ਜਾਂ ਤਾਂ ਅਸੀਂ ਕਿਤੇ ਗ਼ਲਤ ਘਰ ਆ ਗਏ ਹਾਂ ਜਾਂ ਖ਼ਬਰ ਗ਼ਲਤ ਸੀ। ਬਾਹਰ ਖੜ੍ਹੇ ਇਕ ਬੰਦੇ ਕੋਲੋਂ ਅਸਾਂ ਪੁੱਛਿਆ, "ਇਹ ਬਾਵਾ ਜੀ ਦਾ ਘਰ ਹੈ?" ਉਸ ਨੇ 'ਹਾਂ' ਵਿੱਚ ਸਿਰ ਹਿਲਾਇਆ । ਫਿਰ ਅਸਾਂ ਕਿਹਾ, "ਅਸਾਂ ਸੁਣਿਆ ਹੈ ਉਨ੍ਹਾਂ ਦਾ ਪੁੱਤਰ ਗੁਜ਼ਰ ਗਿਆ ਹੈ, ਕੀ ਇਹ ਸੱਚ ਹੈ ?" ਉਸਨੇ ਫਿਰ 'ਹਾਂ' ਵਿੱਚ ਸਿਰ ਹਿਲਾਇਆ । ਹੈਰਾਨ ਹੋਏ ਅਸੀਂ ਅੰਦਰ ਚਲੇ ਗਏ । ਗੋਲ ਕਮਰੇ ਵਿੱਚ ਹੇਠਾਂ ਵਿਛੀਆਂ ਚਿੱਟੀਆਂ ਚਾਦਰਾਂ ਪੁਰ ਲੋਕਾਂ ਦਾ ਜਮਘਟਾ ਜਿਹਾ ਸੀ ਤੇ ਵਿਚਾਲੇ ਬਾਵਾ ਜੀ ਬੈਠੇ ਉਨ੍ਹਾਂ ਨੂੰ ਚੁਟਕਲੇ ਸੁਣਾ ਰਹੇ ਸਨ ਤੇ ਸਭ ਲੋਕ ਹੱਸ ਰਹੇ ਸਨ।

ਮੇਰੇ ਮਨ ਵਿੱਚ ਖ਼ਿਆਲ ਆਇਆ ਬਾਵਾ ਜੀ ਆਪਣੇ ਬੱਚੇ ਦੀ ਮੌਤ ਵੱਲੋਂ ਸ਼ਾਇਦ ਮਾਨਸਿਕ ਤੌਰ 'ਤੇ ਇਨਕਾਰ ਕਰੀ ਬੈਠੇ ਹਨ। ਮੈਂ ਰਹਿ ਨਾ ਸਕਿਆ ਤੇ ਕਿਹਾ, "ਬਾਵਾ ਜੀ ਮੈਂ ਇਕ ਗੱਲ ਤੁਹਾਥੋਂ ਪੁੱਛਣੀ ਚਾਹੁੰਦਾ ਹਾਂ।" ਕਹਿਣ ਲੱਗੇ, "ਜੇਕਰ ਮੈਂ ਤੁਹਾਡੇ ਪੁੱਛਣ ਤੋਂ ਪਹਿਲਾਂ ਹੀ ਉੱਤਰ ਦੇ ਦਿਆਂ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ ਹੋਵੇਗਾ ? ਤੇ ਫਿਰ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਕਹਿਣ ਲੱਗੇ, "ਮੈਂ ਬੜੇ ਸ਼ੁਕਰਾਨੇ ਵਿੱਚ ਹਾਂ ਕਿ ਉਸ ਮਾਲਕ ਨੇ ਪੂਰੇ 35 ਸਾਲ ਉਸ ਪਿਆਰੀ ਆਤਮਾ ਨੂੰ ਮੇਰੇ ਪਾਸ ਰਹਿਣ ਦਿੱਤਾ ਤੇ ਉਸ ਦਾ ਪਿਆਰ ਸਤਿਕਾਰ ਮੈਨੂੰ ਨਸੀਬ ਕਰਾਈ ਰੱਖਿਆ । ਉਹ ਉਸਨੂੰ ਪਹਿਲੇ ਦਿਨ ਵੀ ਤਾਂ ਸਾਥੋਂ ਖੋਹ ਸਕਦਾ ਸੀ।" ਬਾਵਾ ਜੀ ਦੀਆਂ ਅੱਖਾਂ ਵਿੱਚ ਜਲਾਲ ਸੀ ਤੇ ਮੇਰੀਆਂ ਅੱਖਾਂ ਪਰਮ ਸਤਿਕਾਰ ਵਿੱਚ ਝੁਕੀਆਂ ਹੋਈਆਂ ਸਨ। ਸਾਰੇ ਕਮਰੇ ਵਿੱਚ ਸ਼ਾਂਤੀ ਵਰਤ ਗਈ ਸੀ ।

(1953)

# ਧੁੱਪ, ਭਾਵੇਂ ਚਿੱਕੜ 'ਤੇ ਪਵੇ

ਇੱਕ ਫ਼ਕੀਰ ਸਾਡੇ ਘਰ ਆਇਆ -ਮੰਗਣ ਨਹੀਂ, ਮੇਰੇ ਦਾਦਾ ਜੀ ਨੂੰ ਮਿਲਣ । ਉਹਦਾ ਸਰੀਰ ਬੜਾ ਭੱਦਾ ਸੀ, ਸਿਰ 'ਤੇ ਵਾਲਾਂ ਦੀਆਂ ਲਿਟਾਂ ਬੱਝੀਆਂ ਹੋਈਆਂ ਸਨ। ਕੱਪੜੇ ਵੀ ਮੈਲੇ-ਕੁਚੈਲੇ ਸਨ। ਉਸ ਨੇ ਬੂਹਾ ਖੜਕਾਇਆ ਤਾਂ ਮੈਂ ਹੀ ਖੋਲ੍ਹਿਆ । ਮੈਂ ਸਮਝਿਆ ਕੋਈ ਮੰਗਤਾ ਆਇਆ ਹੈ। ਮੈਂ ਉਸਨੂੰ ਬੜੀ ਕੈਰੀ ਨਜ਼ਰ ਨਾਲ ਵੇਖਿਆ ਤੇ ਹੱਥ ਦੇ ਇਸ਼ਾਰੇ ਨਾਲ ਚਲੇ ਜਾਣ ਲਈ ਕਿਹਾ। ਮੇਰੇ

ਦਾਦਾ ਜੀ ਨੇ ਅੰਦਰੋਂ ਵੇਖਿਆ ਤੇ ਝੱਟ ਬਾਹਰ ਆ ਗਏ ਤੇ ਫ਼ਕੀਰ ਨੂੰ ਅੰਦਰ ਲੈ ਗਏ । ਕੋਈ ਘੰਟਾ ਸਵਾ ਘੰਟਾ ਉਹ ਬੈਠੇ ਵਾਰਤਾਲਾਪ ਕਰਦੇ ਰਹੇ । ਮੈਂ ਹੈਰਾਨ ਹੋ ਕੇ ਬਾਹਰ ਖੜ੍ਹਾ ਰਿਹਾ ।

ਘੰਟੇ ਸਵਾ ਘੰਟੇ ਬਾਅਦ ਮੇਰੇ ਦਾਦਾ ਜੀ ਫ਼ਕੀਰ ਨੂੰ ਵਿਦਾ ਕਰਨ ਵਾਸਤੇ ਉਹਦੇ ਨਾਲ ਬਾਹਰ ਦੇ ਦਰਵਾਜ਼ੇ ਤਕ ਆਏ । ਮੈਨੂੰ ਫੇਰ, ਜਦ ਫ਼ਕੀਰ ਮੇਰੇ ਲਾਗਿਉਂ ਦੀ ਲੰਘ ਕੇ ਗਿਆ, ਬੜੀ ਕਚਿਆਣ ਆਈ । ਮੇਰੇ ਦਾਦਾ ਜੀ ਨੇ ਉਹ ਵੀ ਵੇਖ ਲਈ ।

ਉਸਨੂੰ ਵਿਦਾ ਕਰਕੇ ਜਦੋਂ ਪਰਤੇ ਤਾਂ ਮੈਨੂੰ ਕਹਿਣ ਲੱਗੇ, "ਫ਼ਕੀਰ ਬੜਾ ਵਿਦਵਾਨ ਹੈ। ਇਸ ਨਾਲ ਮੁਲਾਕਾਤ ਵਿੱਚੋਂ ਮੈਨੂੰ ਬੜਾ ਕੁਝ ਲੱਭਾ !"

ਮੈਂ ਕਿਹਾ, "ਬਾਬਾ ਜੀ, ਤੁਸਾਂ ਉਸਨੂੰ ਆਪਣੇ ਕੋਲ ਬਿਠਾਈ ਰੱਖਿਆ, ਤੁਹਾਨੂੰ ਕਚਿਆਣ ਨਹੀਂ ਆਈ ?" ਬਾਬਾ ਜੀ ਕਹਿਣ ਲੱਗੇ, "ਮੈਂ ਉਸ ਦੀ ਵਿੱਦਿਆ ਦਾ ਗਾਹਕ ਸਾਂ, ਉਸ ਦੇ ਸਰੀਰ ਦਾ ਨਹੀਂ । ਨਾਲੇ ਬੇਟਾ ਯਾਦ ਰੱਖੀਂ ਧੁੱਪ ਭਾਵੇਂ ਚਿੱਕੜ 'ਤੇ ਵੀ ਪਵੇ ਤਾਂ ਵੀ ਨਿਰਮਲ ਹੀ ਰਹਿੰਦੀ ਹੈ।" (1963)

## ਆਪਾਤ ਲਈ ਤਿਆਰੀ

ਡਾ. ਮੂਰਤੀ ਰਾਓ ਸਰਬ ਹਿੰਦ ਮਾਨਸਿਕ ਸਿਹਤ ਸੰਸਥਾਨ ਬੰਗਲੌਰ ਵਿੱਚ ਮਨੋਚਿਕਿਤਸਾ ਦੇ ਪ੍ਰੋਫ਼ੈਸਰ ਸਨ। ਉਹ ਬਾਹਰੀ ਮਰੀਜ਼ਾਂ ਦੇ ਮਹਿਕਮੇ ਦੇ ਇੰਚਾਰਜ ਵੀ ਸਨ। ਉਨ੍ਹਾਂ ਪਾਸ ਰੋਗਾਂ ਦੀ ਠੀਕ ਤਸ਼ਖੀਸ ਕਰਨ ਦੀ ਬੜੀ ਭਾਰੀ ਯੋਗਤਾ ਸੀ। ਮੁਸ਼ਕਿਲ ਤੋਂ ਮੁਸ਼ਕਿਲ ਰੋਗ ਦੀ ਵੀ ਉਹ ਸਹਿਜੇ ਹੀ ਤਸ਼ਖੀਸ ਕਰ ਲੈਂਦੇ ਸਨ। ਉਨ੍ਹਾਂ ਨਾਲ ਹਰ ਸਿਖਿਆਰਥੀ ਦੀ ਡਿਊਟੀ ਇੱਕ-ਇੱਕ ਮਹੀਨੇ ਲਈ ਲਗਾਈ ਗਈ ਸੀ। ਮੈਂ ਵੀ ਉਨ੍ਹਾਂ ਨਾਲ ਇਕ ਮਹੀਨਾ ਕੰਮ ਕੀਤਾ । ਪਤਾ ਨਹੀਂ ਕਿਹੜੀ ਗੱਲੇ ਮੇਰੇ 'ਤੇ ਇਤਨੇ ਪ੍ਰਸੰਨ ਹੋ ਗਏ ਕਿ ਮੈਨੂੰ ਪੂਰਾ ਸਾਲ ਆਪਣੇ ਮਹਿਕਮੇ ਵਿੱਚ ਕੰਮ ਕਰਨ ਦੀ ਆਗਿਆ ਦੇ ਦਿੱਤੀ ।

ਇਕ ਦਿਨ ਮੈਨੂੰ ਕਹਿਣ ਲੱਗੇ, "ਮੇਰੇ ਨਾਲ ਮੈਸੂਰ ਚੱਲੇਂਗਾ ?" ਮੈਂ ਪੁੱਛਿਆ, "ਜੀ ਮੈਸੂਰ ਕੀ ਹੈ?" ਕਹਿਣ ਲੱਗੇ, "ਉੱਥੋਂ ਦਾ ਰਾਜ ਕੁਮਾਰ ਬੀਮਾਰ ਹੈ ਤੇ ਮੈਂ ਉਸਨੂੰ ਵੇਖਣ ਜਾਣੈ ।" ਮੈਂ ਕਿਹਾ, "ਜੀ ਮੈਂ ਉੱਥੇ ਜਾ ਕੇ ਕੀ ਕਰਨੈ ?" "ਤੇਰੀ ਮੈਨੂੰ ਲੋੜ ਹੈ ।" ਉਨ੍ਹਾਂ ਕਿਹਾ ਤੇ ਮੈਂ ਬਿਨਾਂ ਹੋਰ ਕੁਝ ਪੁੱਛੇ ਉਨ੍ਹਾਂ ਦੇ ਨਾਲ ਹੋ ਗਿਆ ।



ਮੈਨੂੰ ਉਨ੍ਹਾਂ ਕਾਰ ਵਿੱਚ ਨਾਲ ਬਿਠਾ ਲਿਆ । ਜਦੋਂ ਅਸੀਂ ਬੰਗਲੌਰ ਸ਼ਹਿਰ ਤੋਂ ਬਾਹਰ ਨਿਕਲੇ ਤਾਂ ਮੈਨੂੰ ਕਹਿਣ ਲੱਗੇ, "ਮੈਸੂਰ ਦੇ ਰਾਜ ਕੁਮਾਰ ਨੇ ਆਪਣੇ ਆਪ ਨੂੰ ਇਕ ਕਮਰੇ ਵਿੱਚ ਬੰਦ ਕਰ ਲਿਆ ਏ। ਕੋਲ ਉਸ ਨੇ ਕੋਈ ਅਠਤਾਲੀ ਬੋਤਲਾਂ ਸ਼ਰਾਬ ਦੀਆਂ ਰੱਖੀਆਂ ਹੋਈਆਂ ਤੇ ਨਾਲ ਹੀ ਰਿਵਾਲਵਰ ਪਕੜਿਆ ਹੋਇਐ ਤੇ ਕਹਿ ਰਿਹੈ 'ਖ਼ਬਰਦਾਰ ਜੇ ਕੋਈ ਅੰਦਰ ਆਇਆ, ਮੈਂ ਗੋਲੀ ਮਾਰ ਕੇ ਉਡਾ ਦਿਆਂਗਾ । ਮੈਂ ਜਿਤਨੀ ਜੀ ਕਰੇਗਾ ਸ਼ਰਾਬ ਪੀਆਂਗਾ । ਜਿਸ ਨੇ ਧਰਮ ਰਾਜ ਪਾਸ ਤੁਰੰਤ ਅੱਪੜਨਾ ਹੋਵੇ ਉਹੀ ਮੈਨੂੰ ਰੋਕਣ ਦੀ ਕੋਸ਼ਿਸ਼ ਕਰ ਸਕਦੈ ।' ਡਾ. ਨੇਕੀ ਮੈਂ ਤੈਨੂੰ ਇਸ ਇਮਤਿਹਾਨ ਵਿੱਚ ਪਾਉਣ ਲਈ ਨਾਲ ਲੈ ਕੇ ਆਇਆ ਹਾਂ।"

ਮੈਂ ਦਹਿਕਾ ਮਾਰ ਕੇ ਹੱਸ ਪਿਆ ਤੇ ਕਿਹਾ, "ਡਾ: ਸਾਹਿਬ ਜੇਕਰ ਤੁਸਾਂ ਸੋਚਿਆ ਕਿ ਮੈਂ ਮਰਨੋ ਡਰ ਜਾਵਾਂਗਾ ਤਾਂ ਗ਼ਲਤ ਸੋਚਿਆ। ਜਿਸ ਧਰਮ ਦਾ ਮੈਂ ਸਦਸਯ ਹਾਂ ਉਸ ਦੇ ਸੰਚਾਲਕ ਨੇ ਸਾਨੂੰ ਮੌਤ ਦੇ ਡਰ ਤੋਂ ਮੁਕਤ ਕਰ ਦਿੱਤਾ ਹੋਇਐ । ਇਹ ਸੇਵਾ ਮੈਂ ਅਵੱਸ਼ ਕਰ ਦਿਆਂਗਾ ।"

ਮੇਰਾ ਉੱਤਰ ਸੁਣ ਕੇ ਡਾ: ਮੂਰਤੀ ਰਾਓ ਇਕਦਮ ਠਠੰਬਰ ਗਏ ਤੇ ਕਹਿਣ ਲੱਗੇ, "ਮੇਰਾ ਇਹ ਮਤਲਬ ਨਹੀਂ ਸੀ ਕਿ ਤੈਨੂੰ ਮਰਨ ਲਈ ਅੱਗੇ ਕਰਨਾ ਹੈ। ਮੈਂ ਤਾਂ ਇਸ ਸਮੱਸਿਆ ਤੋਂ ਤੈਨੂੰ ਜਾਣੂ ਕਰਾਇਆ ਸੀ ਤਾਂ ਜੁ ਤੂੰ ਮੈਨੂੰ ਪੁੱਛੇਂ ਇਸ ਦਾ ਮੈਂ ਕੀ ਹੱਲ ਸੋਚਿਆ ਏ।"...ਫਿਰ ਆਪੇ ਹੀ ਕਹਿਣ ਲੱਗੇ, "ਇਹ ਦਰੀ ਜੋ ਪਿਛਲੀ ਸੀਟ 'ਤੇ ਰੱਖ ਕੇ ਮੈਂ ਨਾਲ ਲਿਆਇਆ ਹਾਂ, ਇਹ ਸਾਡਾ ਸੰਦ ਹੈ। ਇਸ ਨੂੰ ਦੋ ਜਣੇ, ਇਕ, ਇਕ ਪਾਸਿਓਂ, ਤੇ ਦੂਜਾ ਦੂਜੇ ਪਾਸਿਓਂ, ਪਕੜ ਕੇ ਰਾਜ ਕੁਮਾਰ ਦੇ ਦਰਵਾਜ਼ੇ ਅੱਗੇ ਤਾਣ ਦੇਣਗੇ । ਤਦ ਮੈਂ ਇਕ ਪਾਸੇ ਖਲੋ ਕੇ ਰਾਜ ਕੁਮਾਰ ਦਾ ਦਰਵਾਜ਼ਾ ਖੜਕਾਵਾਂਗਾ । ਉਹ ਜਾਂ ਤਾਂ ਬੰਦ ਦਰਵਾਜ਼ੇ 'ਚੋਂ ਹੀ ਗੋਲੀ ਚਲਾ ਦੇਵੇਗਾ ਜਾਂ ਦਰਵਾਜ਼ਾ ਖੋਲ੍ਹ ਕੇ ਰਿਵਾਲਵਰ ਹੱਥ ਵਿੱਚ ਲੈ ਕੇ ਬਾਹਰ ਆਉਣ ਦਾ ਯਤਨ ਕਰੇਗਾ । ਜੇ ਬਾਹਰ ਆਵੇਗਾ ਤਦ ਦਰੀ ਪਕੜੀ ਦੋਵੇਂ ਜਣੇ ਰਿਵਾਲਵਰ ਸਮੇਤ ਉਸਨੂੰ ਦਰੀ ਵਿੱਚ ਲਪੇਟ ਲੈਣਗੇ ।"

ਮੈਨੂੰ ਡਾ. ਮੂਰਤੀ ਰਾਓ ਦੇ ਦੱਸੇ ਤਰੀਕੇ ਨੇ ਬੜਾ ਪ੍ਰਭਾਵਿਤ ਕੀਤਾ। ਜਦ ਮੈਂ ਇਸ ਦੀ ਤਾਰੀਫ਼ ਕੀਤੀ ਤਾਂ ਕਹਿਣ ਲੱਗੇ, "ਡਾ. ਨੇਕੀ ਸਾਡੀ ਹਰ ਸਮੱਸਿਆ ਦਾ ਇਲਾਜ ਕਿਤਾਬਾਂ ਵਿੱਚ ਨਹੀਂ ਦਿੱਤਾ ਹੁੰਦਾ । ਬਹੁਤ ਥਾਈਂ ਆਪਣੀ ਸੋਝੀ ਦਰਕਾਰ ਹੁੰਦੀ ਹੈ ।"

ਏਨੇ ਨੂੰ ਅਸੀਂ ਮਹਲ ਪਹੁੰਚ ਗਏ । ਉੱਥੇ ਰੀਹਰਸਲ ਕੀਤੀ। ਫਿਰ ਦਰੀ ਰਾਜ ਕੁਮਾਰ ਦੇ ਬੂਹੇ ਅੱਗੇ ਤਾਣ ਕੇ ਖਲੋ ਗਏ। ਤਦ ਡਾ: ਮੂਰਤੀ

ਰਾਓ ਨੇ ਬੂਹਾ ਖੜਕਾਇਆ । ਅੰਦਰੋਂ ਆਵਾਜ਼ ਆਈ, "ਕੌਣ ਹੈ?" "ਮੈਂ ਡਾ: ਮੂਰਤੀ ਰਾਓ ਤੇਰਾ ਹਾਲ-ਚਾਲ ਪੁੱਛਣ ਬੰਗਲੌਰ ਤੋਂ ਆਇਆਂ ।"

"ਅੰਦਰ ਆ ਡਾਕਟਰ

"ਪਰ ਤੂੰ ਤਾਂ ਹੁਕਮ ਕੀਤਾ ਹੋਇਆ ਕਿ ਜੋ ਕੋਈ ਅੰਦਰ ਆਇਆ, ਮੈਂ ਗੋਲੀ ਨਾਲ ਉਡਾ ਦਿਆਂਗਾ ।"

"ਪਰ ਇਹ ਮੈਂ ਡਾਕਟਰ ਲਈ ਥੋੜ੍ਹਾ ਕਿਹਾ? ਡਾ: ਤਾਂ ਦੂਜਾ ਰੱਬ ਹੁੰਦੇ ਨੇ। ਤੂੰ ਨਿਝੱਕ ਅੰਦਰ ਆ ਜਾ ।"

ਅਸਾਂ ਦਰੀ ਹਟਾ ਦਿੱਤੀ ਤੇ ਬੂਹਾ ਖੋਲ੍ਹ ਕੇ ਅੰਦਰ ਚਲੇ ਗਏ। ਕੁਰਸੀ 'ਤੇ ਰਾਜ ਕੁਮਾਰ ਬੈਠਾ ਸੀ। ਅੱਗੇ-ਪਿੱਛੇ ਸ਼ਰਾਬ ਦੀਆਂ ਬੋਤਲਾਂ ਸਨ—ਕੁਝ ਭਰੀਆਂ ਹੋਈਆਂ ਤੇ ਕੁਝ ਖ਼ਾਲੀ। ਜਾਪਦਾ ਸੀ ਚੌਵੀ ਘੰਟੇ ਤੋਂ ਪੀਂਦਾ ਹੀ ਰਿਹੈ । ਸਾਹਮਣੇ ਟੇਬਲ 'ਤੇ ਉਸ ਦਾ ਰਿਵਾਲਵਰ ਪਿਆ ਸੀ। ਡਾ: ਮੂਰਤੀ ਰਾਓ ਨੇ ਕਿਹਾ, "ਮੈਂ ਤੈਨੂੰ ਆਪਣੇ ਨਾਲ ਬੰਗਲੌਰ ਲਿਜਾਣ ਆਇਆਂ ।"

"ਜਿੱਥੇ ਮਰਜ਼ੀ ਆਏ ਲੈ ਚਲ ਡਾਕਟਰ । ਮੈਂ ਇੱਥੇ ਬੜਾ ਅਵਾਜ਼ਾਰ ਹੋ ਗਿਆਂ।" ਪਿਛਲੀ ਸੀਟ 'ਤੇ ਮੈਨੂੰ ਰਾਜ ਕੁਮਾਰ ਦੇ ਨਾਲ ਉਸ ਦੀ ਸੰਭਾਲ ਕਰਨ ਹਿਤ ਬਿਠਾ ਕੇ ਡਾ: ਮੂਰਤੀ ਰਾਓ ਆਪ ਕਾਰ ਚਲਾ ਕੇ ਸਾਨੂੰ ਬੰਗਲੌਰ ਲੈ ਆਏ । ਰਾਜ ਕੁਮਾਰ ਨੂੰ ਇਕ ਕਮਰੇ ਵਿੱਚ ਦਾਖ਼ਲ ਕਰ ਦਿੱਤਾ ਤੇ ਨਰਸਾਂ ਨੂੰ ਉਸ ਦੇ ਇਲਾਜ ਦੀ ਹਿਦਾਇਤ ਦੇ ਕੇ, ਉਹ ਮੈਨੂੰ ਆਪਣੇ ਨਾਲ ਇਕ ਰੈਸਟੋਰੈਂਟ ਵਿੱਚ ਕਾਫ਼ੀ ਪੀਣ ਲੈ ਗਏ । ਉੱਥੇ ਜਾ ਕੇ ਮੈਨੂੰ ਕਹਿਣ ਲੱਗੇ, "ਡਾ: ਨੇਕੀ ਤੇਰੇ ਨਾਲ ਹੋਣ ਨਾਲ ਮੈਨੂੰ ਬੜਾ ਸੌਖ ਹੋਇਆ । ਉਂਞ ਤੂੰ ਵੀ ਮਹਿਸੂਸ ਕੀਤਾ ਹੋਣੈ ਕਿ ਤਿਆਰੀ ਸਾਨੂੰ ਹਰ ਸੰਭਵ ਆਪਾਤ ਦੀ ਪਹਿਲਾਂ ਤੋਂ ਹੀ ਸੋਚ ਕੇ ਕਰ ਲੈਣੀ ਚਾਹੀਦੀ ਹੈ, ਭਾਵੇਂ ਜ਼ਰੂਰੀ ਨਹੀਂ ਕਿ ਉਸ ਦੀ ਲੋੜ ਪਵੇ । ਲੋੜ ਪਵੇ ਤਾਂ ਅਸੀਂ ਤਿਆਰ ਹੋਈਏ, ਨਾ ਪਵੇ ਤਾਂ ਭਗਵਾਨ ਦਾ ਧੰਨਵਾਦ ਕਰੀਏ ।" (1956)

## ਟੇਢੀ ਖੀਰ

ਪਹਿਲੀ ਵਾਰ ਜਦ ਮੈਂ ਪ੍ਰਿੰਸੀਪਲ ਤੇਜਾ ਸਿੰਘ ਨੂੰ ਵੇਖਿਆ ਤਾਂ ਉਨ੍ਹਾਂ ਦੀ ਬਾਬਾਣੀ, ਫਬਤ, ਨੂਰਾਨੀ ਚਿਹਰੇ, ਚਿੱਟੇ ਲੰਮੇ ਦਾਹੜੇ 'ਤੇ ਦੁੱਧ ਚਿੱਟੇ ਪਹਿਰਨ ਤੋਂ ਬੜਾ ਪ੍ਰਭਾਵਿਤ ਹੋਇਆ । ਉਹ ਇੰਜੀਨੀਅਰਿੰਗ ਕਾਲਜ ਲਾਹੌਰ ਵਿੱਚ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ 'ਤੇ ਲੈਕਚਰ ਦੇਣ ਆਏ ਸਨ । ਜਦ ਉਹ ਬੋਲੇ ਤਾਂ ਉਨ੍ਹਾਂ ਦੇ ਹਰ ਵਾਕ ਵਿੱਚ ਵਰਤਦਾ ਸਹਿਜ, ਉਨ੍ਹਾਂ ਦਾ ਠਰ੍ਹੰਮੇਦਾਰ ਲਹਿਜਾ ਤੇ ਆਵਾਜ਼ ਦੀ ਮਿਠਾਸ ਜਿਵੇਂ ਸ੍ਰੋਤਿਆਂ ਨੂੰ ਸੁਤੇ-ਸਿੱਧ ਮੰਤ੍ਰ-ਮੁਗਧ



ਕਰੀ ਜਾਂਦੇ ਸੀ । ਮੈਂ ਤੇ ਡੰਗਿਆ ਈ ਗਿਆ ।

ਤਦ ਮੈਨੂੰ ਨਹੀਂ ਸੀ ਪਤਾ ਕਿ ਕੁਦਰਤ ਮੈਨੂੰ ਉਨ੍ਹਾਂ ਦੀ ਭਰਪੂਰ ਸੰਗਤ ਦਾ ਸਬੱਬ ਪ੍ਰਦਾਨ ਕਰ ਸਕਦੀ ਹੈ। ਮੈਂ ਜਦ ਮਨੋਚਿਕਿਤਸਾ ਦੀ ਸਿਖਲਾਈ ਪ੍ਰਾਪਤ ਕਰਕੇ ਅੰਮ੍ਰਿਤਸਰ ਪਰਤਿਆ ਤਾਂ ਰਹਿਣ ਲਈ ਘਰ ਭਾਲ ਰਿਹਾ ਸਾਂ । ਪ੍ਰਿੰਸੀਪਲ ਸਾਹਿਬ ਦੇ ਘਰ ਲਾਗੇ ਇਕ ਘਰ ਮੈਨੂੰ ਕਿਰਾਏ 'ਤੇ ਮਿਲ ਗਿਆ । ਸੋ ਸਾਡੀ ਰਾਸ ਰਲ ਗਈ ।

ਪ੍ਰਿੰਸੀਪਲ ਸਾਹਿਬ ਤਦ ਸੇਵਾ ਮੁਕਤ ਹੋ ਕੇ ਪੱਕੇ ਤੌਰ 'ਤੇ ਅੰਮ੍ਰਿਤਸਰ ਆ ਗਏ ਸਨ । ਸੋ ਉਹ ਤਕਰੀਬਨ ਹਰ ਵੇਲੇ ਘਰ ਹੀ ਹੁੰਦੇ ਸਨ। ਮੈਂ ਜਦ ਆਪਣੇ ਕੰਮ ਤੋਂ ਪਰਤਣਾ ਤਾਂ ਉਨ੍ਹਾਂ ਮੈਨੂੰ ਬੁਲਾ ਭੇਜਣਾ ਤੇ ਅਸਾਂ ਘੰਟਿਆਂ-ਬੱਧੀ ਇਕੱਠਿਆਂ ਬਹਿ ਕੇ ਗੁਰਬਾਣੀ ਬਾਰੇ ਵਿਚਾਰ ਕਰਨੇ । ਉਨ੍ਹੀਂ ਦਿਨੀਂ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕਰਨਾ ਸ਼ੁਰੂ ਕੀਤਾ ਹੋਇਆ ਸੀ। ਜਦ ਵੀ ਕੋਈ ਨਵੀਂ ਅੰਤਰ ਸੋਝੀ ਉਨ੍ਹਾਂ ਨੂੰ ਗੁਰਬਾਣੀ ਦੇ ਅਧਿਐਨ ਤੋਂ ਪ੍ਰਾਪਤ ਹੋਣੀ ਉਨ੍ਹਾਂ ਮੇਰੇ ਨਾਲ ਸਾਂਝੀ ਕਰਕੇ ਮੈਨੂੰ ਕਿਰਤਾਰਥ ਕਰਨਾ। ਇੱਕ ਦਿਨ ਇਹ ਤੁਕ ਆ ਗਈ :

**ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥**

(ਅੰ:੧੩)

ਮੈਂ ਪੁੱਛ ਲਿਆ, 'ਅਕਥ ਕਥਾ' ਕਿਵੇਂ ਜਾਣੀ ਜਾ ਸਕਦੀ ਹੈ, ਜਦ ਉਹ ਹੈ ਹੀ ਅਕੱਥ ।" ਆਖਣ ਲੱਗੇ, "ਇੱਥੇ, ਕਿਸੇ ਰਸ ਦੀ ਬਾਤ ਹੈ। ਰਸ ਅਨੁਭਵ ਦੀ ਵਸਤ ਹੈ। ਜੇ ਕਿਸੇ ਵੀ ਰਸ ਦਾ ਤੁਹਾਨੂੰ ਕਦੇ ਅਨੁਭਵ ਨਹੀਂ ਹੋਇਆ ਤਾਂ ਤੁਹਾਨੂੰ ਕੋਈ ਸਮਝਾ ਨਹੀਂ ਸਕਦਾ । ਟੇਢੀ ਖੀਰ ਦੀ ਗੱਲ ਤੁਸਾਂ ਸੁਣੀ ਹੋਣੀ ਹੈ..."

ਮੈਂ ਵਿੱਚੋਂ ਕਿਹਾ, "ਇਹ ਇਕ ਅਖਾਣ ਹੈ।" ਉਹ ਕਹਿਣ ਲੱਗੇ, "ਹਰ ਅਖਾਣ ਪਿੱਛੇ ਕੋਈ ਕਹਾਣੀ ਹੁੰਦੀ ਹੈ। ਇਸ ਵਿਚਲੀ ਕਹਾਣੀ ਤੁਹਾਨੂੰ ਪਤਾ ਹੈ?" ਮੈਂ ਕਿਹਾ, "ਨਹੀਂ ਜੀ।" ਤਾਂ ਕਹਿਣ ਲੱਗੇ, ਲਉ ਪਹਿਲਾਂ ਇਹ ਕਹਾਣੀ ਸੁਣੋ ! ਇਕ ਆਦਮੀ ਜਨਮ ਤੋਂ ਅੰਨ੍ਹਾ ਸੀ। ਉਸਨੇ ਕਿਸੇ ਨੂੰ ਪੁੱਛਿਆ, 'ਖੀਰ ਕਿਹੋ ਜਿਹੀ ਹੁੰਦੀ ਏ ?' ਉਸ ਆਦਮੀ ਨੇ ਉੱਤਰ ਦਿੱਤਾ, "ਚਿੱਟੀ ਹੁੰਦੀ ਏ?' ਅੰਨ੍ਹੇ ਨੂੰ ਚਿੱਟੇ ਦਾ ਕੋਈ ਅਨੁਭਵ ਨਹੀਂ ਸੀ। ਸੋ ਉਸ ਨੇ ਪੁੱਛਿਆ, 'ਚਿੱਟਾ ਕੈਸਾ ਹੁੰਦਾ ਏ?' ਉਸ ਆਦਮੀ ਨੇ ਕਿਹਾ, ਬਗਲੇ ਵਰਗਾ।' ਤਦ ਅੰਨ੍ਹੇ ਆਦਮੀ ਨੇ ਪੁੱਛਿਆ, "ਬਗਲਾ ਕਿਹੋ ਜਿਹਾ ਹੁੰਦਾ ਏ?' ਉਸ ਆਦਮੀ ਨੇ ਆਪਣੀ ਬਾਂਹ ਤੇ ਹੱਥ ਮੋੜ ਕੇ ਬਗਲੇ ਵਰਗੇ ਕਰ ਲਏ ਤੇ ਕਿਹਾ, 'ਇਸ

ਤਰ੍ਹਾਂ ਦਾ ।' ਤਦ ਅੰਨ੍ਹੇ ਨੇ ਆਪਣੇ ਹੱਥ ਨਾਲ ਉਸ ਦੀ ਬਾਂਹ 'ਤੇ ਹੱਥ ਫੇਰਿਆ ਤੇ ਕਿਹਾ, 'ਇਹ ਤਾਂ ਬਹੁਤ ਟੇਢਾ ਹੈ। ਮੈਂ ਐਸੀ ਟੇਢੀ ਖੀਰ ਨਹੀਂ ਖਾ ਸਕਦਾ ।' ਸੋ ਅਨੁਭਵ ਤੋਂ ਬਿਨਾਂ ਸਾਧਾਰਨ ਖੀਰ ਵੀ ਟੇਢੀ ਖੀਰ ਬਣ ਜਾਂਦੀ ਹੈ। ਪਹਿਲਾਂ ਅਨੁਭਵ ਹੋਏ ਬਿਨਾਂ ਕੋਈ ਕਿਸੇ ਨੂੰ ਅਨੁਭਵ ਕਰਾ ਨਹੀਂ ਸਕਦਾ, ਨਾ ਸਮਝਾ ਹੀ ਸਕਦਾ ਹੈ। ਸੁਆਦ ਦੀ ਵੀ ਇਹੋ ਗੱਲ ਹੈ। ਜਿਸ ਦੀ ਰਸਨਾ ਵਿੱਚ ਮਿੱਠਾ ਪਛਾਣਨ ਦੀ ਯੋਗਤਾ ਦੀ ਅਣਹੋਂਦ ਹੋਵੇ, ਉਸ ਨੂੰ ਤੁਸੀਂ ਨਹੀਂ ਸਮਝਾ ਸਕਦੇ ਕਿ ਮਿੱਠਾ ਕੀ ਹੁੰਦਾ ਹੈ। ਭਲੇ ਕਹੋ ਇਹ ਸ਼ਹਿਦ ਦਾ, ਮਿਸਰੀ ਦਾ, ਗੁੜ ਦਾ ਸੁਆਦ ਹੈ। ਪਰ ਜਿਸ ਨੇ ਮਿੱਠਾ ਚੱਖਿਆ ਹੀ ਨਹੀਂ ਉਸ ਨੂੰ ਤੁਸੀਂ ਇਹ ਸਾਰਾ ਕੁਝ ਦੱਸ ਕੇ ਵੀ ਮਿੱਠੇ ਦਾ ਸੁਆਦ ਅਨੁਭਵ ਨਹੀਂ ਕਰਵਾ ਸਕਦੇ । ਇਹ ਗੱਲ ਤਾਂ ਸਾਧਾਰਨ, ਇੰਦਰਿਆਵੀ ਸੁਆਦਾਂ ਦੀ ਹੈ। ਪਰ ਇਕ ਰਸ ਹੈ ਜੋ ਇਨ੍ਹਾਂ ਤੋਂ ਉੱਪਰ ਹੈ ਤੇ ਜਿਸ ਬਾਰੇ ਕਬੀਰ ਜੀ ਨੇ ਕਿਹਾ ਹੈ :-

**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹੁ ਰਸੁ ਨਹੀ ਭਾਵਾ ॥** (ਅੰ: ੩੪੨)

ਇਹ ਅਧਿਆਤਮਿਕ ਰਸ ਦੀ ਬਾਤ ਹੈ ਜੋ ਇੰਦਰਿਆਵੀ ਰਸਾਂ ਤੋਂ ਉੱਪਰ ਉੱਠੇ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ । ਇਹ ਰਹੱਸਾਤਮਿਕ ਰਸ ਹੈ। ਪਰ ਅਸੀਂ ਲੋਕ ਜੋ ਇੰਦਰਿਆਵੀ ਰਸਾਂ ਦੀ ਪ੍ਰਾਪਤੀ ਲਈ ਭੱਜੇ ਫਿਰਦੇ ਹਾਂ ਅਧਿਆਤਮਿਕ ਰਸ ਵੱਲੋਂ ਵਾਂਝੇ ਰਹਿੰਦੇ ਹਾਂ। ਮਾਇਆਵੀ ਰਸ ਤਿਆਗੋ ਤਾਂ ਦੈਵੀ ਰਸ ਪ੍ਰਾਪਤ ਹੋਵੇਗਾ । ਤਦੇ ਗੁਰੂ ਜੀ ਕਹਿੰਦੇ ਹਨ, 'ਜਿਸ ਕਿਸੇ ਨੂੰ ਹਰੀ ਆਪ ਮਾਇਆਵੀ ਨੀਂਦ ਵਿੱਚੋਂ ਜਗਾ ਕੇ ਆਪਣੇ ਰਹੱਸਾਤਮਿਕ ਰਸ ਨਾਲ ਜਾਣੂ ਕਰਾਉਂਦਾ ਹੈ, ਉਹੋ ਇਸ ਰਸ ਦੀ ਅਕੱਥ ਕਥਾ ਨੂੰ ਜਾਣ ਸਕਦਾ ਹੈ।"

ਮੈਂ ਸੋਚਿਆ, ਤੇਜਾ ਸਿੰਘ ਹੋਰੀਂ ਸਾਧਾਰਨ ਵਿਦਵਾਨ ਨਹੀਂ । ਇਤਨੀ ਕਠਨ ਗੱਲ ਨੂੰ ਇਤਨੀ ਸੁਖੈਨਤਾ ਨਾਲ ਸਮਝਾ ਸਕਣਾ ਕਿਸੇ ਸਾਧਾਰਨ ਵਿਦਵਤਾ ਦੇ ਪੱਲੇ ਨਹੀਂ । ਮੈਂ ਉਨ੍ਹਾਂ ਨੂੰ ਕਿਹਾ, "ਮੈਨੂੰ ਰੋਜ਼ ਇਹੋ ਜਿਹੇ ਚਰਨਾਂ ਨਾਲ ਕਿਰਤਾਰਥ ਕਰਿਆ ਕਰੋ, ਤਾਂ ਜੋ ਮੈਂ ਅੰਧੁਲੇ ਨੂੰ ਵੀ ਕੋਈ ਟੇਕ ਮਿਲ ਜਾਵੇ ।"

ਹੱਸ ਪਏ ਤੇ ਕਹਿਣ ਲੱਗੇ, "ਜਿਹੜਾ ਵੇਖਣ ਦਾ ਅਭਿਲਾਖੀ ਹੁੰਦਾ ਹੈ। ਰੱਬ ਆਪ ਉਸ ਦਾ ਤੀਜਾ ਨੇਤਰ ਖੋਲ੍ਹ ਦਿੰਦਾ ਹੈ। ਅਰਦਾਸ ਕਰੋ ਤੇ ਉਸ ਪਲ ਦੀ ਉਡੀਕ ਵਿੱਚ ਸ਼ਰਧਾ ਹੋਰ ਪਕੇਰੀ ਕਰੀ ਜਾਓ ।"

ਮੈਨੂੰ ਲੱਗਿਆ, "ਇਨ੍ਹਾਂ ਦੇ ਮੂੰਹੋਂ ਤਾਂ ਆਪ ਗੁਰੂ ਨਾਨਕ ਬੋਲਦਾ ਲੱਗਦਾ ਹੈ।"

(1959)



# ਨਿੰਦਾ ਭਲੀ ਕਿਸੇ ਕੀ ਨਾਹੀ

ਬਟਾਲੇ ਵਿੱਚ ਈਸਾਈਆਂ ਦੇ ਕਾਲਜ ਵਿੱਚ ਇੱਕ ਸੈਮੀਨਾਰ ਸੀ। ਉੱਥੇ ਪ੍ਰਿੰਸੀਪਲ ਜੋਧ ਸਿੰਘ, ਡਾ: ਤਾਰਨ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਬ ਆਦਿ ਸਿਰਕੱਢ ਸਿੱਖ ਵਿਦਵਾਨ ਆਏ ਹੋਏ ਸਨ। ਮੈਂ ਵੀ ਉਹਨਾਂ ਪਾਸ ਬੈਠਾ ਹੋਇਆ ਸਾਂ । ਤਦ ਇਕ ਸੱਜਣ, ਜੋ ਕਿਸੇ ਅਕਾਲੀ ਨੇਤਾ ਦਾ ਰਿਸ਼ਤੇਦਾਰ ਸੀ ਓਥੇ ਆਇਆ ਤੇ ਖ਼ਾਲੀ ਪਈ ਕੁਰਸੀ 'ਤੇ ਬੈਠ ਗਿਆ। ਆਉਂਦਿਆਂ ਹੀ ਉਸ ਨੇ ਕਈ ਨੇਤਾਵਾਂ ਦੀ ਨਿੰਦਿਆ ਆਰੰਭ ਦਿੱਤੀ। ਪ੍ਰਿੰਸੀਪਲ ਜੋਧ ਸਿੰਘ ਜੀ ਨੇ ਕਿਹਾ, "ਗੁਰਮੁਖੋ ਨਿੰਦਿਆ ਛੋੜੋ, ਕੋਈ ਹੋਰ ਗੱਲ ਕਰੋ ।" ਉਹ ਕਹਿਣ ਲੱਗਾ, "ਪ੍ਰਿੰਸੀਪਲ ਸਾਹਿਬ ! ਕੀ ਕਹਿੰਦੇ ਹੋ? ਜੇ ਅਸੀਂ ਇਹਨਾਂ ਨੇਤਾਵਾਂ ਦੇ ਦੋਖ ਨਹੀਂ ਦੱਸਾਂਗੇ ਤਾਂ ਇਹ ਠੀਕ ਕਿਵੇਂ ਹੋਣਗੇ ? "ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਦੂਜਿਆਂ 'ਤੇ ਇਕ ਉਂਗਲੀ ਉਠਾਈਏ ਤਾਂ ਬਾਕੀ ਦੀਆਂ ਉਂਗਲਾਂ ਆਪਣੇ ਵੱਲ ਉੱਠ ਖਲੋਂਦੀਆਂ ਹਨ। ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ।" ਪਰ ਉਹ ਗੁਰਮੁਖ ਕਦੋਂ ਹਟਣ ਵਾਲਾ ਸੀ ? ਕਹਿਣ ਲੱਗਾ, "ਤੁਸਾਂ ਸੁਣਿਆ ਹੋਣਾ ਏ, ਜਥੇਦਾਰ......ਸਿੰਘ ਦਾ ਪੁੱਤਰ ਪਤਿਤ ਹੋ ਗਿਐ ।" ਤਦ ਪ੍ਰਿੰਸੀਪਲ ਸਾਹਿਬ ਬੋਲੇ, "ਗੁਰਮੁਖੋ, ਪਤਿਤ ਉਹ ਹੁੰਦਾ ਏ ਜਿਸ ਨੇ ਅੰਮ੍ਰਿਤ ਛਕਿਆ ਹੋਵੇ ਤੇ ਕੇਸ ਕਤਲ ਕਰਵਾ ਲਏ ਜਾਂ ਕੋਈ ਹੋਰ ਬੱਜਰ ਕੁਰਹਿਤ ਕਰੇ । ਜਿਸ ਬੰਦੇ ਦੀ ਤੁਸੀਂ ਗੱਲ ਕਰ ਰਹੇ ਹੋ, ਕੀ ਉਹ ਅੰਮ੍ਰਿਤਧਾਰੀ ਸੀ ?"

"ਇਹ ਤਾਂ ਮੈਨੂੰ ਪਤਾ ਨਹੀਂ ?"

ਤਦ ਪ੍ਰਿੰਸੀਪਲ ਸਾਹਿਬ ਨੇ ਉਸ ਦੇ ਮੋਢੇ 'ਤੇ ਥਾਪੜਾ ਦੇਂਦਿਆਂ ਕਿਹਾ, "ਪਹਿਲਾਂ ਪੂਰੀ ਵਾਕਫ਼ੀ ਲਿਆ ਕਰੋ, ਫਿਰ ਲੋੜ ਹੋਵੇ ਤਾਂ ਨਿੰਦਿਆ ਕਰ ਲਿਆ ਕਰੋ !" ਪਰ ਨਿੰਦਿਆ ਰੱਬ ਦੀ ਨਜ਼ਰ ਵਿੱਚ ਕੁਰਹਿਤ ਹੁੰਦੀ ਹੈ। ਤੁਸੀਂ ਜਿਨ੍ਹਾਂ ਦੀ ਨਿੰਦਿਆ ਕਰ ਰਹੇ ਹੋ, ਚੰਗਾ ਹੋਵੇ ਉਹਨਾਂ ਦੇ ਸੁਧਾਰ ਲਈ ਅਰਦਾਸ ਕਰੋ ।" (1960)

# ਇਕ ਪਵਿੱਤਰ ਆਤਮਾ ਦਾ ਦੀਦਾਰ

ਬੀਬੀ ਸੁਖਵੰਤ ਇਕ ਬੜੀ ਪਿਆਰੀ ਆਤਮਾ ਸੀ । ਕਦੇ ਉਸ ਦੇ ਮੱਥੇ 'ਤੇ ਸ਼ਿਕਨ ਨਹੀਂ ਸੀ ਪਿਆ । ਪਤਲੀ ਵੀ, ਮਧਰੀ ਵੀ ਪਰ ਜਾਨ ਸ਼ਕਤਵਰ ! ਤੜਕਸਾਰ ਉੱਠਦੀ, ਸਿਮਰਨ ਕਰਦੀ, ਸ਼ਾਮ ਨੂੰ ਹਰਿਮੰਦਰ ਸਾਹਿਬ ਜਾ ਕੇ ਭਾਂਡੇ ਮਾਂਜਣ ਦੀ ਸੇਵਾ ਕਰਦੀ। ਸਾਰਾ ਦਿਨ ਟੱਬਰ ਦੀ ਸੇਵਾ ਵਿੱਚ ਗੁਜ਼ਾਰਦੀ।

ਇਕ ਦਿਨ ਜਦ ਮੈਂ ਉਨ੍ਹਾਂ ਦੇ ਘਰ ਗਿਆ ਤਾਂ ਇਕੱਲੀ, ਅੱਖਾਂ ਮੀਟੀ

ਅਰਦਾਸ ਕਰੀ ਜਾ ਰਹੀ ਸੀ। ਮੈਂ ਬਿਨਾਂ ਖੜਾਕ ਕੀਤੇ ਪਾਸ ਜਾ ਕੇ ਬਹਿ ਗਿਆ । ਉਹ ਕਹਿ ਰਹੀ ਸੀ, "ਰੱਬਾ ਤੇਰਾ ਸ਼ੁਕਰ ਹੈ ਤੂੰ ਮੈਨੂੰ ਫ਼ਰਸ਼ ਦਿੱਤੇ ਹੂੰਝਣ ਨੂੰ, ਦਰਵਾਜ਼ੇ ਦਿੱਤੇ ਪੂੰਝਣ ਨੂੰ, ਘਾਹ ਦਿੱਤਾ ਕੱਟਣ ਨੂੰ, ਕਬਾੜ ਦਿੱਤਾ ਸੁੱਟਣ ਨੂੰ, ਕੱਪੜੇ ਦਿੱਤੇ ਧੋਣ ਨੂੰ ਤੇ ਬੱਚੇ ਦਿੱਤੇ ਮੋਹਣ ਨੂੰ, ਜਿਨ੍ਹਾਂ ਦੀ ਸੇਵਾ ਨੇ ਮੇਰੇ ਘਰ ਤਾਈਂ ਸੁਰਗ ਬਣਾਇਆ ਹੈ ।"

ਮੈਂ ਸਦਾ ਬੀਬੀ ਦਾ ਪਿਆਰ ਮਾਣਦਾ ਆਇਆ ਸਾਂ, ਅੱਜ ਉਸਦੀ ਆਤਮਾ ਦਾ ਦੀਦਾਰ ਪ੍ਰਾਪਤ ਹੋ ਗਿਆ ਸੀ। ਮਾਵਾਂ ਇਹ ਸਭ ਕੁਝ ਕਰਦੀਆਂ ਤਾਂ ਮੈਂ ਬੜੀਆਂ ਵੇਖੀਆਂ ਹੋਈਆਂ ਸਨ, ਪਰ ਇਸ ਤਰ੍ਹਾਂ ਦੀ ਅਰਦਾਸ ਮੈਂ ਕਿਸੇ ਮੂੰਹੋਂ ਨਹੀਂ ਸੀ ਸੁਣੀਂ । (1961)

## ਸੁੰਦਰ ਜੀ

ਸੁਖਵੰਤ ਬੀਬੀ ਦੇ ਇਕ ਰਿਸ਼ਤੇਦਾਰ ਸਨ; ਨਾਮ ਮੈਨੂੰ ਇਸ ਵੇਲੇ ਚੇਤੇ ਨਹੀਂ ਆ ਰਿਹਾ । ਸੁੰਦਰ ਸੁਨੱਖਾ ਸਰੀਰ, ਭਰਵਾਂ ਚਿਹਰਾ, ਸਲੀਕੇ ਨਾਲ ਸਾਂਭਿਆ ਹੋਇਆ ਦਾਹੜਾ, ਸਵਾਰ ਕੇ ਬੰਨ੍ਹੀ ਹੋਈ ਦਸਤਾਰ ਉਹਨਾਂ ਦੀ ਸ਼ਖ਼ਸੀਅਤ ਨੂੰ ਦਿਲਖਿਚਵਾਂ ਬਣਾਉਂਦੇ ਸਨ। ਬੋਲ ਵੀ ਉਹਨਾਂ ਦੇ ਮਿੱਠੇ ਸਨ। ਉਹ ਜਦ ਵੀ ਕਦੇ ਆਪਣੀ ਘਰ ਵਾਲੀ ਦੀ ਗੱਲ ਕਰਦੇ ਬੜੇ ਪਿਆਰ ਨਾਲ ਉਹਨਾਂ ਨੂੰ 'ਸੁੰਦਰ ਜੀ' ਕਹਿ ਕੇ ਯਾਦ ਕਰਦੇ। ਰਹਿਣ ਵਾਲੇ ਲੁਧਿਆਣੇ ਦੇ ਸਨ ਤੇ ਜਦ ਵੀ ਮਿਲਣ ਸਾਨੂੰ ਆਪਣੇ ਘਰ ਆਉਣ ਲਈ ਆਖਿਆ ਕਰਨ। ਅਸੀਂ ਵੀ ਸੋਚਦੇ ਸਾਂ ਕਿ ਉਹਨਾਂ ਨੂੰ ਜ਼ਰੂਰ ਮਿਲ ਕੇ ਆਈਏ, ਜਿਨ੍ਹਾਂ ਨੂੰ ਉਹ 'ਸੁੰਦਰ ਜੀ' ਕਹਿੰਦਿਆਂ ਰੱਜਦੇ ਨਹੀਂ । 'ਉਹ ਸੱਚਮੁੱਚ ਬਹੁਤ ਸੁੰਦਰ ਹੋਣੇ ਹਨ !' ਉਹਨਾਂ ਨੂੰ ਵੀ ਵੇਖ ਕੇ ਆਈਏ ।

ਇਕ ਵਾਰੀ ਮੇਰਾ ਤੇ ਮੇਰੀ ਘਰ ਵਾਲੀ ਕੰਵਰਜੀਤ ਦਾ ਕਿਸੇ ਕੰਮ ਪਿੱਛੇ ਲੁਧਿਆਣੇ ਜਾਣਾ ਹੋਇਆ । ਕੰਵਰ ਮੈਨੂੰ ਕਹਿਣ ਲੱਗੀ, "ਸਬੱਬ ਨਾਲ ਲੁਧਿਆਣੇ ਆਏ ਹੋਏ ਹਾਂ, 'ਸੁੰਦਰ ਜੀ' ਨੂੰ ਹੀ ਮਿਲ ਆਈਏ ।" ਸੋ ਅਸੀਂ ਦਿੱਤੇ ਹੋਏ ਪਤੇ ਅਨੁਸਾਰ ਉਹਨਾਂ ਦੇ ਘਰ ਜਾ ਪਹੁੰਚੇ ਤੇ ਦਰਵਾਜ਼ਾ ਖੜਕਾਇਆ। ਬੂਹਾ ਖੋਲ੍ਹਿਆ ਤੇ ਇਕ ਮੋਟੀ ਜਿਹੀ ਔਰਤ, ਜਿਸ ਦਾ ਗੂੜ੍ਹਾ ਸਾਂਵਲਾ ਰੰਗ ਸੀ, ਚਿਹਰੇ 'ਤੇ ਮਾਤਾ ਦੇ ਦਾਗ਼ ਸਨ, ਗਰਦਨ ਨਦਾਰਦ ਵਰਗੀ ਸੀ, ਬਾਹਰ ਝਾਕੀ। ਅਸਾਂ ਸਮਝ ਲਿਆ ਉਨ੍ਹਾਂ ਦੇ ਘਰ ਕੋਈ ਕੰਮ ਕਰਨ ਵਾਲੀ ਹੋਣੀ ਹੈ । ਅਸਾਂ ਕਿਹਾ, "ਅਸੀਂ ਸੁੰਦਰ ਜੀ ਨੂੰ ਮਿਲਣ ਆਏ ਹਾਂ ।" ਉਹ ਕਹਿਣ ਲੱਗੀ, "ਮੇਰਾ ਨਾਮ ਹੀ ਸੁੰਦਰ ਹੈ, ਆਓ ਨਾ—ਤੇ ਸਾਨੂੰ ਇਸ਼ਾਰੇ ਨਾਲ ਅੰਦਰ ਆਉਣ



ਲਈ ਕਿਹਾ ।" ਤੇ ਉਹ ਸਾਡੇ ਅੱਗੇ-ਅੱਗੇ ਅੰਦਰ ਤੁਰ ਪਈ। ਮੈਂ ਤੇ ਕੰਵਰ ਨੇ ਇਕ-ਦੂਜੇ ਵੱਲ ਹੈਰਾਨੀ ਦੀ ਨਜ਼ਰ ਨਾਲ ਵੇਖਿਆ, **ਜਿਵੇਂ ਕਹਿ ਰਹੇ ਹੋਈਏ 'ਕਿ ਇਸੇ ਸੁੰਦਰ ਜੀ ਨੂੰ ਵੇਖਣ ਆਏ ਹਾਂ ।'**

ਪਰ ਜਦ ਅਸੀਂ ਅੰਦਰ ਪੁੱਜੇ ਤਾਂ ਸਾਰਾ ਘਰ ਇਤਨੇ ਸਲੀਕੇ ਤੇ ਸਫ਼ਾਈ ਨਾਲ ਸਾਂਭਿਆ ਸਜਾਇਆ ਹੋਇਆ ਸੀ ਕਿ ਅਸੀਂ ਬੜੇ ਪ੍ਰਭਾਵਿਤ ਹੋਏ । ਸਾਨੂੰ ਉਨ੍ਹਾਂ ਬਿਠਾਇਆ, ਜਾਣ-ਪਛਾਣ ਪੁੱਛੀ ਤੇ ਕਹਿਣ ਲੱਗੀ, "ਸਰਦਾਰ ਜੀ ਪਾਸੋਂ ਤੁਹਾਡਾ ਨਾਮ ਤਾਂ ਬੜੀ ਵਾਰ ਸੁਣਿਆ ਏ, ਅੱਜ ਤੁਸਾਂ ਸਾਡੇ ਚਰਨ ਪਾਏ, ਇਸ ਤੋਂ ਵੱਡਾ ਸੁਭਾਗ ਮੇਰੇ ਲਈ ਕੀ ਹੋ ਸਕਦਾ ਏ ।"

ਫਿਰ ਉਸਦੀ ਖ਼ਾਤਰਦਾਰੀ, ਜਿਸ ਵਿੱਚ ਉਚੇਚ ਕੋਈ ਨਹੀਂ ਸੀ, ਪਿਆਰ ਭਾਵਨਾ ਰੱਜ ਕੇ ਸੀ। ਆਵਾਜ਼ ਉਸਦੀ ਵਿੱਚ ਦਿਲਖਿਚਵੀਂ ਲੋਚ, ਬੋਲ ਉਸਦੇ ਪਿਆਰ ਵਿੱਚ ਗੁੱਝੇ ਹੋਏ । 'ਜੀ ਜੀ' ਤੋਂ ਬਿਨਾਂ ਕੋਈ ਵਾਕ ਵੀ ਨਾ ਨਿਕਲੇ । ਦਸਾਂ ਪੰਦਰਾਂ ਮਿੰਟਾਂ ਵਿੱਚ ਹੀ ਸਾਨੂੰ ਉਸ ਨੇ ਆਪਣਾ ਗਰਵੀਦਾ (ਪਿਆਰਵਾਨ) ਬਣਾ ਲਿਆ ।

ਅੱਧਾ ਕੁ ਘੰਟਾ ਉਸ ਪਾਸ ਰੁਕ ਕੇ ਜਦੋਂ ਅਸੀਂ ਬਾਹਰ ਆਏ ਤਾਂ ਮੈਂ ਤੇ ਕੰਵਰ ਦੋਹਾਂ ਨੇ ਇਕ ਵਾਰ ਫਿਰ ਇਕ ਦੂਜੇ ਵੱਲ ਵੇਖਿਆ ਤੇ ਇਕ ਆਵਾਜ਼ ਵਿੱਚ ਬੋਲ ਉੱਠੇ, "ਇਹ ਤਾਂ ਸੱਚਮੁੱਚ 'ਸੁੰਦਰ ਜੀ' ਹੈ ।" (1960)

## ਅਰਦਾਸ ਦੀ ਸਮਝ

ਇਕ ਘਟਨਾ ਮੇਰੀ ਇਕ ਮਰੀਜ਼ ਦੀ ਪ੍ਰਤਿਭਾ ਨਾਲ ਸੰਬੰਧਿਤ ਹੈ। ਉਸ ਦੀ ਸੱਜੀ ਛਾਤੀ ਵਿੱਚ ਉਸਨੂੰ ਚੈਰੀ ਦੇ ਦਾਣੇ ਜਿੱਡੀ ਗਿਲਟੀ ਪ੍ਰਤੀਤ ਹੋਈ । ਉਹ ਡਾਕਟਰ ਪਾਸ ਗਈ ਤੇ ਉਸਨੇ ਮੁਆਇਨੇ ਤੋਂ ਬਾਅਦ ਕਿਹਾ, ਗਿਲਟੀ ਤਾਂ ਛੋਟੀ ਜਿਹੀ ਹੈ ਪਰ ਤੁਹਾਨੂੰ ਮੈਮੋਗ੍ਰਾਮ (ਛਾਤੀ ਦੀ ਖ਼ਾਸ ਐਕਸਰੇ) ਕਰਾਉਣਾ ਚਾਹੀਦਾ ਹੈ, ਕਿਤੇ ਇਹ ਕੈਂਸਰ ਹੀ ਨਾ ਹੋਵੇ ।

ਕੈਂਸਰ ਦਾ ਨਾਂ ਸੁਣਦਿਆਂ ਹੀ ਉਹ ਮੁਟਿਆਰ ਗ਼ਸ਼ ਖਾ ਕੇ ਡਿੱਗ ਪਈ । ਡਾਕਟਰ ਨੇ ਉਸ ਨੂੰ ਪਾਣੀ ਦੇ ਛੱਟੇ ਮਾਰੇ, ਹੋਸ਼ ਆਏ ਤਾਂ ਉਹ ਕਹਿਣ ਲੱਗੀ, "ਕੈਂਸਰ ਨਾਲੋਂ ਤਾਂ ਮੈਨੂੰ ਆਤਮਘਾਤ ਕਰ ਲੈਣਾ ਚਾਹੀਦਾ ਹੈ। ਮੇਰੀ ਮਾਂ ਨੂੰ ਵੀ ਕੈਂਸਰ ਸੀ ਤੇ ਉਹ ਕਈ ਸਾਲ ਲਿਲਕੜੀਆਂ ਲੈਂਦੀ ਰਹੀ ਤੇ ਹੱਡੀਆਂ ਦੀ ਮੁੱਠ ਹੋ ਕੇ ਮਰੀ । ਮੈਂ ਉਸ ਤਰ੍ਹਾਂ ਘਿਸਟ-ਘਿਸਟ ਕੇ ਮਰਨਾ ਨਹੀਂ ਚਾਹੁੰਦੀ ।"

ਡਾਕਟਰਾਂ ਨੇ ਕਿਹਾ, "ਜ਼ਰੂਰੀ ਤਾਂ ਨਹੀਂ ਇਹ ਕੈਂਸਰ ਹੀ ਹੋਵੇ ।

ਹੋ ਸਕਦਾ ਸਾਧਾਰਨ ਕੋਈ ਗਿਲਟੀ ਹੀ ਹੋਵੇ । ਮੈਮੋਗ੍ਰਾਮ ਤਾਂ ਕਰਾਓ ।"

ਮੈਮੋਗ੍ਰਾਮ ਹੋ ਗਿਆ, ਪਰ ਉਸ ਤੋਂ ਕੋਈ ਨਿਸ਼ਚਿਤ ਨਤੀਜਾ ਨਾ ਨਿਕਲਿਆ । ਡਾ. ਨੇ ਉਸ ਨੂੰ ਬਾਇਓਪਸੀ (ਗਿਲਟੀ 'ਚੋਂ ਨਿੱਕਾ ਜਿਹਾ ਟੁਕੜਾ ਕਢਵਾਉਣ) ਦੀ ਸਲਾਹ ਦਿੱਤੀ ।

ਤਦ ਤੋਂ ਉਹ ਮਰੀਜ਼ ਤੇ ਉਸ ਦੇ ਘਰਵਾਲੇ ਅਰਦਾਸਾਂ ਕਰਨ ਲੱਗ ਪਏ ਕਿ ਇਹ ਕੈਂਸਰ ਨਾ ਨਿਕਲੇ । ਬਾਇਓਪਸੀ ਪੰਦਰਾਂ ਦਿਨਾਂ ਬਾਅਦ ਹੋਣੀ ਸੀ—ਤੇ ਸਾਰਾ ਟੱਬਰ ਤੇ ਦੋਸਤ ਮਿੱਤਰ ਦੋਏਂ ਵੇਲੇ ਅਰਦਾਸ ਕਰਿਆ ਕਰਨ ।

ਬਾਇਓਪਸੀ ਹੋਈ ਤੇ ਕੈਂਸਰ ਨਿਕਲ ਆਇਆ । ਉਸ ਮਰੀਜ਼ ਦੇ ਸਾਰੇ ਟੱਬਰ ਨੂੰ ਬੜੀ ਮਾਯੂਸੀ ਹੋਈ, ਪਰ ਮਰੀਜ਼ ਬੜੇ ਰੋਹ ਵਿੱਚ ਆਈ। ਇਤਨੇ ਦਿਨਾਂ ਤੋਂ ਇਤਨੇ ਬੰਦੇ ਦਿਨ ਰਾਤ ਅਰਦਾਸਾਂ ਕਰਦੇ ਰਹੇ, ਪਰ ਕੈਸਾ ਰੱਬ ਹੈ ਜਿਸ ਨੇ ਇੱਕ ਨਾ ਸੁਣੀ ?

ਇਸ ਮੌਕੇ 'ਤੇ ਉਸ ਦੇ ਘਰ ਦੇ ਜੀਅ ਉਸ ਨੂੰ ਮੇਰੇ ਪਾਸ ਲੈ ਕੇ ਆਏ, ਕਿਉਂਕਿ ਉਸ ਦੀ ਨੀਂਦਰ ਉੱਡ ਗਈ ਸੀ। ਬੜੀ ਭਾਰੀ ਚਿੰਤਾ ਨੇ ਉਸ ਨੂੰ ਗ੍ਰੱਸਿਆ ਹੋਇਆ ਸੀ। ਉਸ ਦੀ ਭੁੱਖ ਖ਼ਤਮ ਸੀ । ਉਸ ਦਾ ਭਾਰ ਕੋਈ ਚਾਰ ਕਿੱਲੋਗ੍ਰਾਮ ਘਟ ਗਿਆ ਸੀ ।

ਮੈਂ ਪਹਿਲਾਂ ਤਾਂ ਉਸ ਔਰਤ ਨੂੰ ਟੀਕਾ ਲਗਾਇਆ ਜਿਸ ਨਾਲ ਉਸ ਦੀ ਚਿੰਤਾ ਕਾਰਣ ਬਣਿਆ ਤਣਾਓ ਘਟੇ । ਪੰਦਰਾਂ ਕੁ ਮਿੰਟਾਂ ਬਾਅਦ ਉਹ ਆਪ ਬੋਲੀ, "ਡਾਕਟਰ ਤੁਹਾਡਾ ਕੀ ਖ਼ਿਆਲ ਹੈ ਰੱਬ ਨੂੰ ਸਾਡੇ ਨਾਲ ਇਉਂ ਕਰਨਾ ਚਾਹੀਦਾ ਸੀ ? ਡਾਕਟਰ ਕਹਿੰਦਾ ਸੀ, 'ਰੱਬ ਭਲੀ ਕਰੇਗਾ'-ਸੁਆਹ ਭਲੀ ਕੀਤੀ ਸੂ ?"

ਮੈਂ ਉਸ ਦੇ ਮੋਢੇ 'ਤੇ ਹੱਥ ਰੱਖਿਆ ਤੇ ਕਿਹਾ, "ਬੇਟੀ ਤੂੰ ਮੈਨੂੰ ਬੜੀ ਉਲਝਣ ਵਿੱਚ ਫਸੀ ਲੱਗਦੀ ਹੈ। ਕੈਂਸਰ ਨਾਲ ਘੱਟ ਤੇ ਚਿੰਤਾ ਕਰਕੇ ਉਸ ਤੋਂ ਜ਼ਿਆਦਾ ।"

ਉਸ ਵੇਲੇ ਪਤਾ ਨਹੀਂ ਕਿਵੇਂ ਇਕ ਬਜ਼ੁਰਗ ਬਾਬਾ ਮੈਨੂੰ ਮਿਲਣ ਆ ਗਏ । ਮੈਂ ਉਹਨਾਂ ਨੂੰ ਅੰਦਰੋਂ ਬੁਲਾਇਆ ਤੇ ਉਸ ਮੁਟਿਆਰ ਨਾਲ ਉਹਨਾਂ ਦਾ ਪਰਿਚੈ ਕਰਾਇਆ ਤੇ ਕਿਹਾ ਇਹ ਬੜੀ ਬੁਰੀ ਤਰ੍ਹਾਂ ਚਿੰਤਾ ਗ੍ਰਸਤ ਹੈ ਕਿਉਂਕਿ ਉਸਦੀਆਂ ਅਰਦਾਸਾਂ ਸੁਣੀਆਂ ਨਹੀਂ ਗਈਆਂ। ਇਹ ਅਰਦਾਸ ਇਹ ਕਰਦੀ ਰਹੀ ਹੈ ਕਿ ਉਸ ਦੀ ਛਾਤੀ ਵਿੱਚ ਜੋ ਗਿਲਟੀ ਨਿਕਲ ਆਈ ਹੈ ਉਹ ਕੈਂਸਰ ਦੀ ਨਾ ਹੋਵੇ । ਪਰ ਟੈਸਟਾਂ ਵਿੱਚ ਉਹ ਕੈਂਸਰ ਦੀ ਹੀ ਨਿਕਲ ਆਈ ਹੈ।"



ਬਾਬਾ ਜੀ ਮੁਸਕਰਾਏ, "ਅਸੀਂ ਸਾਰੇ ਇਹੋ ਕੁਝ ਕਰਦੇ ਹਾਂ ਤੇ ਉਸ ਨੂੰ ਅਰਦਾਸ ਸਮਝਦੇ ਹਾਂ। ਅਰਦਾਸ ਕੋਈ ਹੱਕ ਮੰਗਣਾ ਤਾਂ ਨਹੀਂ ਹੁੰਦਾ, ਖ਼ੈਰ ਮੰਗਣਾ ਹੁੰਦਾ ਹੈ। ਅਸੀਂ ਖ਼ੈਰ ਮੰਗਦੇ ਹੀ ਨਹੀਂ, ਸੋ ਖ਼ੈਰ ਪੈਂਦੀ ਹੀ ਨਹੀਂ। ਹੱਕ ਸਮਝ ਕੇ ਮੰਗਦੇ ਹਾਂ, ਪਰ ਸਾਡਾ ਹੱਕ ਹੈ ਕੀ?" ਫਿਰ ਉਸ ਨੇ ਉਸ ਮੁਟਿਆਰ ਦੇ ਸਿਰ 'ਤੇ ਹੱਥ ਫੇਰਿਆ ਤੇ ਕਿਹਾ, "ਭਗਵਾਨ ਜ਼ਰੂਰ ਭਲੀ ਕਰੇਗਾ । ਆਪਣੇ ਆਪ ਨੂੰ ਭਗਵਾਨ ਦੇ ਸਪੁਰਦ ਕਰ ਦੇ। ਉਸਦੀ ਰੱਖਿਆ ਸਭ ਤੋਂ ਵੱਡੀ ਸੁਰੱਖਿਆ ਹੈ। ਮੰਗੀਂ ਕੁਝ ਨਾ, ਜਿਵੇਂ ਉਹ ਟੋਰੇ ਟੁਰੀ ਚੱਲੀਂ।"

ਇਹ ਕਹਿ ਕੇ ਬਾਬਾ ਜੀ ਚਲੇ ਗਏ ਮੈਨੂੰ ਕਹਿ ਗਏ, "ਤੁਹਾਨੂੰ ਫਿਰ ਆ ਕੇ ਮਿਲਾਂਗਾ।" ਉਹ ਮੁਟਿਆਰ ਮੈਨੂੰ ਆ ਕੇ ਪੁੱਛਣ ਲੱਗੀ, "ਇਹ ਕੌਣ ਸਨ?" ਮੈਂ ਦੱਸਿਆ, ਇਹ ਸਾਡੇ ਗੁਰਦੁਆਰੇ ਦੇ ਗ੍ਰੰਥੀ ਹਨ।" ਤਦ ਉਹ ਬੋਲੀ, "ਦੋ ਮਿੰਟਾਂ ਵਿੱਚ ਠੰਢ ਵਰਤਾ ਗਏ ਹਨ। ਜਦ ਮੈਂ ਆਈ ਸਾਂ ਕ੍ਰੋਧ ਨਾਲ ਕੰਬ ਰਹੀ ਸਾਂ । ਹੁਣ ਚਿੱਤ ਸ਼ਾਂਤ ਹੋਇਆ ਪਿਆ ਹੈ ਕਿਉਂਕਿ ਮੈਂ ਉਹਨਾਂ ਦੇ ਕਹਿਣ ਤੇ ਪ੍ਰਭੂ ਅੱਗੇ ਆਤਮ-ਸਮਰਪਣ ਦਾ ਮਨ ਬਣਾ ਲਿਆ ਹੈ। ਇਤਨੇ ਵਿੱਚ ਹੀ ਚਿੰਤਾ ਉੱਠ ਗਈ ਹੈ। ਹੁਣ ਕੋਈ ਬੇਚੈਨੀ ਨਹੀਂ ਹੈ। ਅੱਜ ਮੈਨੂੰ ਸਮਝ ਆਈ ਹੈ ਕਿ ਸਾਨੂੰ ਅਰਦਾਸ ਕਰਨ ਦੀ ਕੋਈ ਸਮਝ ਨਹੀਂ। (1961)

## ਜੋ ਤਕਲੀਫ਼ ਗੁਜ਼ਰ ਜਾਏ, ਉਸ ਨੂੰ ਯਾਦ ਨਹੀਂ ਕਰਦੇ

ਲੇਗਾਸ, ਨਾਈਜੀਰੀਆ, ਵਿੱਚ ਸਾਡੇ ਹਸਪਤਾਲ ਵਿੱਚ ਇਕ ਡਾਕਟਰ ਅਲੀ ਸਾਹਿਬ ਵੀ ਸਨ। ਉਹ ਡਾਕਟਰ ਵੀ ਬੜੇ ਕਾਬਲ ਸਨ ਤੇ ਮਨੁੱਖ ਵੀ ਬੜੇ ਚੰਗੇ ਸਨ। ਇਕ ਤਸਬੀ (ਮਾਲਾ) ਗੱਲ ਲਟਕਾਈ ਰੱਖਦੇ ਸਨ। ਜੇ ਪੰਜ ਚਾਰ ਮਿੰਟ ਵੀ ਵਿਹਲ ਮਿਲ ਜਾਵੇ ਤਾਂ ਵਿਰਦ (ਜਾਪ) ਕਰ ਲੈਂਦੇ ਸਨ।

ਇਕ ਦਿਨ ਸਾਨੂੰ ਪਤਾ ਲੱਗਾ ਡਾ: ਅਲੀ ਹੋਰਾਂ ਨੂੰ ਰਾਤੀਂ ਦਿਲ ਦਾ ਦੌਰਾ ਪੈ ਗਿਆ ਤੇ ਉਹ ਹਸਪਤਾਲ ਵਿੱਚ ਦਾਖ਼ਲ ਹਨ। ਮੈਂ ਤੇ ਮੇਰੀ ਘਰ ਵਾਲੀ ਉਨ੍ਹਾਂ ਦੀ ਬਿਮਾਰ-ਪੁਰਸੀ ਲਈ ਹਸਪਤਾਲ ਉਨ੍ਹਾਂ ਨੂੰ ਮਿਲਣ ਗਏ।

ਬਿਸਤਰੇ ਵਿੱਚ ਲੇਟੇ ਹੋਏ ਸਨ ਤਸਬੀ ਫੇਰ ਰਹੇ ਸਨ, ਅੱਖਾਂ ਮੀਟੀਆਂ ਹੋਈਆਂ ਸਨ। ਅਸਾਂ ਬੁਲਾਇਆ ਤਾਂ ਅੱਖਾਂ ਖੋਲ੍ਹੀਆਂ, ਸਾਨੂੰ ਵੇਖ ਕੇ ਮੁਸਕਰਾਏ ਤੇ ਕੋਲ ਪਏ ਸਟੂਲ 'ਤੇ ਬੈਠਣ ਦਾ ਇਸ਼ਾਰਾ ਕੀਤਾ । ਅਸਾਂ ਹਾਲ ਪੁੱਛਿਆ ਤਾਂ ਕਹਿਣ ਲੱਗੇ, **"ਅੱਲਾ ਤਾਅਲਾ ਦਾ ਕਰਮ ਹੈ, ਮੌਜ ਮੇਂ ਹੂੰ।" ਅਸਾਂ ਕਿਹਾ, "ਸੁਣਿਆ ਤੁਹਾਨੂੰ ਦਿਲ ਦੀ ਤਕਲੀਫ਼ ਹੋ ਗਈ ਏ।" ਕਹਿਣ ਲੱਗੇ, "ਦਿਲ ਕੋ ਹੂਈ ਹੋਗੀ । ਹਮੇਂ ਤੋ ਹੂਈ ਨਹੀਂ । ਹਮ ਤੋਂ ਅੱਲਾ ਕੇ ਹਾਥ ਮੇਂ ਹੈਂ, ਜੈਸਾ ਰੱਖੇ**

ਵੈਸਾ ਹੀ ਖ਼ੂਬ ਹੈ। ਸਰੇ ਤਸਲੀਮ ਖਮ ਹੈ ਜੋ ਮਿਜ਼ਾਜੇ ਯਾਰ ਮੇਂ ਆਏ।"

ਅਸਾਂ ਵੇਖਿਆ, ਡਾ: ਅਲੀ ਦੇ ਚਿਹਰੇ ਤੇ ਬੜੀ ਸ਼ਾਂਤੀ ਸੀ, ਚਿੰਤਾ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਅੱਲਾ ਅੱਗੇ ਆਤਮ ਸਮਰਪਣ ਕਰ ਕੇ ਚਿੰਤਾ ਮੁਕਤ ਹੋਏ ਸਨ। **"ਜਬ ਵੁਹ ਰਹਿਮਾਨ ਹੈ ਤੋ ਹਮੇਂ ਫ਼ਿਕਰ ਕਿਸ ਬਾਤ ਕਾ ਹੈ?"**

"ਯਹਾਂ ਬੈਠੇ ਹੈਂ ਤੋ ਆਪ ਜੈਸੇ ਜ਼ੱਰਾ ਨਿਵਾਜ਼ੋਂ ਕੀ ਸੁਹਬਤ ਨਸੀਬ ਹੈ। ਚਲੇ ਜਾਤੇ ਤੋ ਅੱਲਾ ਤਆਲਾ ਕਾ ਕੁਰਬ ਨਸੀਬ ਹੋ ਜਾਤਾ। ਹਮਾਰੇ ਤੋ ਦੋਨੋਂ ਹਾਥ ਲੱਡੂ ਹੈਂ ।"

ਮੈਂ ਪੁੱਛਿਆ, "ਤਕਲੀਫ਼ ਕਿਆ ਹੁਈ ਥੀ ?"

ਕਹਿਣ ਲੱਗੇ, "ਜੋ ਤਕਲੀਫ਼ ਗੁਜ਼ਰ ਜਾਏ ਉਸ ਕੋ ਯਾਦ ਨਹੀਂ ਕੀਆ ਕਰਤੇ । ਅੱਲਾ ਕਾ ਸ਼ੁਕਰਾਨਾ ਕਰਤੇ ਹੈਂ ਜਿਸ ਤਕਲੀਫ਼ ਰਫ਼ਾ ਕਰ ਦੀ ।"

ਮੈਂ ਕਿਹਾ, "ਇਹ ਤਸਬੀ ਆਪ ਸ਼ੁਕਰਾਨੇ ਕੀ ਫੇਰ ਰਹੇ ਹੈਂ?"

ਕਹਿਣ ਲੱਗੇ, "ਤਸਬੀ ਪਰ ਤੋ ਰੋਜ਼ ਮੱਰਾ ਕਾ ਵਿਰਦ ਕਰ ਰਹਾ ਥਾ, ਸ਼ੁਕਰਾਨਾ ਤੋ ਦਿਲ ਸੇ ਕਰਤਾ ਰਹਾ ਹੂੰ, ਕਰਤਾ ਰਹੂੰਗਾ !"

ਮੈਂ ਕਿਹਾ, "ਡਾ: ਅਲੀ ਸਾਹਿਬ ! ਆਪ ਸੇ ਮਿਲ ਕਰ ਤੋ ਮੇਰਾ ਈਮਾਨ ਭੀ ਤਾਜ਼ਾ ਹੋ ਗਿਆ ।"

"ਇਨਸ਼ਾ ਅੱਲਾ, ਬਦਸਤੂਰ ਤਾਜ਼ਾ ਹੀ ਰਹੇ !"

ਤਦ ਅਸੀਂ ਇਜਾਜ਼ਤ ਲੈ ਕੇ ਪਰਤ ਆਏ । ਪਰ ਡਾ: ਅਲੀ ਦੀ ਰੂਹਾਨੀ ਬਸ਼ਾਸ਼ਤ (ਅਨੰਦ) ਦੀ ਯਾਦ ਨਾਲ ਲੈ ਕੇ ਆਏ । (1965)

## ਫ਼ਰਿਜ ਕਿ ਗ਼ਰੀਬ ਮਾਰ

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਦੇ ਘਰੋਂ ਧੰਨ ਬੀਬੀ ਜੀ ਬੜੇ ਹੀ ਸੁੰਦਰ ਆਤਮਾ ਵਾਲੇ ਵਿਅਕਤੀ ਸਨ। ਕਦੇ ਮੱਥੇ 'ਤੇ ਵੱਟ ਨਹੀਂ ਸੀ ਹੁੰਦਾ ਉਨ੍ਹਾਂ ਦੇ। ਕਦੇ ਉਨ੍ਹਾਂ ਨੂੰ ਉੱਚਾ ਬੋਲਦਿਆਂ ਨਹੀਂ ਸੀ ਸੁਣਿਆ । ਹਰ ਆਏ ਗਏ ਦੀ ਸੇਵਾ ਤਨੋਂ-ਮਨੋਂ ਕਰਦੇ ਸਨ ।

ਨੌਕਰਾਂ, ਕਾਮਿਆਂ ਦਾ ਤਾਂ ਉਚੇਚਾ ਖ਼ਿਆਲ ਕਰਦੇ ਸਨ। ਜੋ ਕੁਝ ਆਪ ਖਾਂਦੇ ਨੌਕਰਾਂ ਨੂੰ ਵੀ ਉਹੀ ਕੁਝ ਦਿੰਦੇ । "ਇਹ ਵੀ ਮੇਰੇ ਰੱਬ ਦੇ ਜੀਅ ਹਨ। ਮੇਰਾ ਕਿਤਨਾ ਕੰਮ ਸਾਰਦੇ ਹਨ। ਮੈਨੂੰ ਅਰਾਮ ਦਿੰਦੇ ਹਨ। ਮੈਂ ਇਨ੍ਹਾਂ ਦਾ ਧਿਆਨ ਨਾ ਰੱਖਾਂ ਤਾਂ ਦੇਣਦਾਰ ਹੋਵਾਂਗੀ ।"

ਉਨ੍ਹਾਂ ਦੇ ਘਰ ਫ਼ਰਿਜ ਕੰਮ ਨਹੀਂ ਸੀ ਕਰ ਰਿਹਾ । ਮੈਂ ਕਹਿ ਬੈਠਾ,



"ਮੈਂ ਕਿਸੇ ਮਿਸਤਰੀ ਨੂੰ ਬੁਲਾ ਲਿਆਂਦਾ ਹਾਂ, ਆ ਕੇ ਠੀਕ ਕਰ ਦੇਵੇ।" ਕਹਿਣ ਲੱਗੇ, "ਮੈਂ ਅਜੇ ਵਿਚਾਰ ਨਹੀਂ ਬਣਾਇਆ ।" ਮੈਂ ਹੈਰਾਨ ਹੋਇਆ, ਘਰ ਵਿੱਚ ਫ਼ਰਿਜ ਪਿਆ ਹੈ, ਖ਼ਰਾਬ ਹੋ ਗਿਆ ਹੈ, ਮੁਰੰਮਤ ਕਰਾਉਣ ਦਾ ਇਨ੍ਹਾਂ ਵਿਚਾਰ ਨਹੀਂ ਬਣਾਇਆ । ਮੈਂ ਸੋਚਿਆ, ਸ਼ਾਇਦ ਪੈਸੇ ਦੀ ਕਿਰਸ ਕਰ ਰਹੇ ਹਨ। ਮੈਂ ਕਿਹਾ, "ਬੀਬੀ ਜੀ ! ਮਿਸਤਰੀ ਮੇਰਾ ਚੰਗਾ ਵਾਕਫ਼ ਹੈ, ਮੈਂ ਉਸ ਦੀ ਲੜਕੀ ਦਾ ਇਲਾਜ ਕਰ ਰਿਹਾ ਹਾਂ, ਸਾਥੋਂ ਕੋਈ ਪੈਸੇ ਨਹੀਂ ਲਵੇਗਾ ਤੇ ਫ਼ਰਿਜ ਚਲਦਾ ਕਰ ਦੇਵੇਗਾ ।" ਕਹਿਣ ਲੱਗੇ, "ਪੁੱਤਰ ਨੇਕੀ ! ਤੈਨੂੰ ਨਹੀਂ ਪਤਾ ਜਿਸ ਦਿਨ ਇਹ ਫ਼ਰਿਜ ਆਇਆ ਸੀ, ਮੈਂ ਪ੍ਰਿੰਸੀਪਲ ਸਾਹਿਬ ਨੂੰ ਆਖਿਆ ਸੀ ਇਹ 'ਗਰੀਬ ਮਾਰ' ਤੁਸੀਂ ਵੀ ਲੈ ਆਏ ਹੋ? ਅੱਗੇ ਜੋ ਕੁਝ ਬਚ ਜਾਂਦਾ ਸੀ, ਗ਼ਰੀਬਾਂ ਨੂੰ ਮਿਲ ਜਾਂਦਾ ਸੀ। ਹੁਣ ਇਸ ਵਿੱਚ ਰੱਖਿਆ ਜਾਵੇਗਾ ।" ਪਰ ਅਸਾਂ ਫ਼ਰਿਜ ਬਹੁਤਾ ਵਰਤਿਆ ਨਹੀਂ । ਜੋ ਬਚ ਰਹਿੰਦੈ, ਅਜੇ ਵੀ ਅਸੀਂ ਗ਼ਰੀਬਾਂ, ਨੌਕਰਾਂ ਵਿੱਚ ਦੇਂਦੇ ਹਾਂ। ਜੇ ਖ਼ਰਾਬ ਹੋ ਗਿਐ ਤਾਂ ਮੈਨੂੰ ਕੋਈ ਫ਼ਰਕ ਨਹੀਂ ਪਿਆ । ਇਸੇ ਵਿੱਚ ਮੇਰੇ ਰੱਬ ਦੀ ਰਜ਼ਾ ਹੈ। (1966)

## ਇਕ ਅਨੂਠੀ ਪ੍ਰੇਰਣਾ

1967-68 ਦੀ ਗੱਲ ਹੈ। ਮੈਂ ਓਦੋਂ ਲੇਗਾਸ ਨਾਈਜੀਰੀਆ ਵਿੱਚ ਸਾਂ । ਮੇਰਾ ਇਕ ਦੋਸਤ ਉੱਥੋਂ ਦੇ ਇਕ ਲੇਖਕ ਨੂੰ ਮਿਲਾਉਣ ਲੈ ਗਿਆ, ਜੋ ਉਹਨਾਂ ਦਿਨੀਂ ਲੇਗਾਸ ਆਇਆ ਹੋਇਆ ਸੀ । ਉਹ ਬਚਪਨ ਤੋਂ ਹੀ ਅਪਾਹਜ ਸੀ। ਹੁਣ ਵੀ ਪਹੀਆਂ ਵਾਲੀ ਕੁਰਸੀ 'ਤੇ ਰਹਿੰਦਾ ਸੀ ।

ਉਸ ਨੂੰ ਮਿਲੇ ਤਾਂ ਉਹ ਬੜੀ ਵਿਚਿੱਤਰ ਜਿਹੀ ਮੁਸਕਾਨ ਨਾਲ ਮਿਲਿਆ। ਚਿਹਰੇ ਦੇ ਮਾਸ ਪੱਠੇ ਉਸ ਦੇ ਜੁ ਵਿਗੜੇ ਹੋਏ ਸਨ। ਪਰ ਉਹ ਬਤੌਰ ਲੇਖਕ ਦੇ ਬੜਾ ਸਫਲ ਹੋਇਆ ਸੀ ।

ਸਾਡੇ ਗਿਆਂ 'ਤੇ ਦੋ ਜਣੇ ਹੋਰ ਉਸ ਪਾਸ ਬੈਠੇ ਸਨ ਜੋ ਪੁੱਛਣ ਲੱਗੇ, "ਤੁਸੀਂ ਲੇਖਕ ਕਿਵੇਂ ਬਣੇ ?" ਉਹ ਕਹਿਣ ਲੱਗਾ, "ਮੈਂ ਸੋਚਿਆ, ਮੇਰੇ ਪੈਰ ਤਾਂ ਬਿਲਕੁਲ ਨਹੀਂ ਚੱਲਦੇ; ਹੱਥ ਇਤਨੇ ਤਾਂ ਚਲਦੇ ਹਨ ਜੋ ਮੈਂ ਇਹਨਾਂ ਨਾਲ ਖਾ ਪੀ ਸਕਦਾ ਹਾਂ । ਜੇ ਖਾ ਪੀ ਸਕਦਾ ਹਾਂ ਤਾਂ ਲਿਖ ਵੀ ਸਕਦਾ ਹਾਂ।" ਤਦ ਮੇਰੀ ਮੁਲਾਕਾਤ ਇਕ ਵੱਡੇ ਲੇਖਕ ਨਾਲ ਹੋਈ ਜੋ ਮੇਰੇ ਚਾਚੇ ਦਾ ਦੋਸਤ ਸੀ । ਮੈਂ ਉਸ ਨੂੰ ਪੁੱਛਿਆ, "ਚੰਗਾ ਲਿਖਣ ਦਾ ਢੰਗ ਕੀ ਹੈ?" ਕਹਿਣ ਲੱਗਾ, "ਇਹ ਬੜੀ ਕਠਿਨ ਘਾਲਣਾ ਹੈ, ਤੇਰੇ ਵੱਸ ਵੀ ਗੱਲ ਨਹੀਂ ।"

ਪਰ ਮੈਂ ਸੋਚ ਲਿਆ, 'ਲਿਖਣਾ ਜ਼ਰੂਰ ਹੈ।' ਮੈਂ ਰੱਬ ਦਾ ਨਾਮ ਲਿਆ ਤੇ ਉਸ ਦਿਨ ਦੇ ਅਖ਼ਬਾਰ ਵਿੱਚ ਜੋ ਵੱਡੀ ਖ਼ਬਰ ਸੀ, ਉਸ ਬਾਰੇ ਆਪਣੇ ਵਿਚਾਰ ਲਿਖ ਕੇ ਉਸ ਅਖ਼ਬਾਰ ਦੇ ਐਡੀਟਰ ਨੂੰ ਭੇਜ ਦਿੱਤੇ। ਹੈਰਾਨ ਹੋਇਆ ਜਦ ਉਹ ਛਪ ਗਏ। ਮੈਂ ਸਮਝ ਗਿਆ ਜੇ ਰੱਬ ਦਾ ਨਾਂ ਲੈ ਕੇ ਲਿਖੀਏ ਤਾਂ ਲਿਖਤ ਸਹੀ ਹੁੰਦੀ ਹੈ। ਤਦ ਇਕ ਹੋਰ ਖ਼ਿਆਲ ਆਇਆ, "ਜੇ ਦੈਵੀ ਪ੍ਰੇਰਣਾ ਨਾਲ ਲਿਖੀਏ ਤਾਂ ਹੋਰ ਵੀ ਚੰਗਾ ਹੋਵੇਗਾ ।" ਮੈਂ ਬੜੇ ਧਿਆਨ ਤੇ ਸੰਤੋਖ ਨਾਲ ਆਪਣੇ ਧਰਮ ਬਾਰੇ ਲਿਖਣ ਲੱਗਾ । ਪਹਿਲੋਂ-ਪਹਿਲ ਇਕ ਦੋ ਵਾਰ ਮੇਰੀ ਲਿਖਤ ਨਾ ਮਨਜ਼ੂਰ ਵੀ ਹੋਈ । ਪਰ ਜਿਉਂ-ਜਿਉਂ ਮੈਂ ਲਿਖੀ ਗਿਆ, ਰੱਬ ਨੇ ਮੇਰੀ ਲਿਖਤ ਵਿੱਚ ਆਪਣਾ ਰਸ ਪਾਉਣਾ ਸ਼ੁਰੂ ਕਰ ਦਿੱਤਾ ਤੇ ਅੱਜ ਅਖ਼ਬਾਰ ਵਾਲੇ ਮੈਥੋਂ ਲੇਖ ਮੰਗਦੇ ਹਨ।"

ਮੈਂ ਸੋਚਿਆ, ਇਹ ਜਮਾਂਦਰੂ ਅਪਾਹਜ ਜੇ ਰੱਬ 'ਤੇ ਧਿਆਨ ਲਗਾ ਕੇ ਇਤਨਾ ਚੰਗਾ ਲਿਖ ਸਕਦਾ ਹੈ ਤਾਂ ਮੈਂ, ਜਿਸ ਦੇ ਹੱਥ ਪੈਰ ਸਾਲਮ (Complete) ਹਨ, ਕਿਉਂ ਨਹੀਂ ਲਿਖ ਸਕਦਾ? ਤਦ ਤੋਂ ਮੈਂ ਧਰਮ ਦੇ ਬਾਰੇ ਪੜ੍ਹਨਾ ਤੇ ਲਿਖਣਾ ਸ਼ੁਰੂ ਕਰ ਦਿੱਤਾ। ਰੱਬ ਦੇ ਧਿਆਨ ਨੇ ਤੇ ਉਸ ਅੱਗੇ ਕੀਤੀ ਪ੍ਰਾਰਥਨਾ ਨੇ, ਮੈਨੂੰ ਵੀ ਧਾਰਮਿਕ ਲੇਖਕ ਬਣਾ ਦਿੱਤਾ । (1968)

## ਪਿੱਠ ਪਿੱਛੇ ਵੀ ਨਿੰਦਾ ਨਹੀਂ ਕਰਦੇ

ਪ੍ਰੋਫ਼ੈਸਰ ਕਾਰਸਟੇਅਰਜ਼ ਸੰਸਾਰ ਦੇ ਸੁਪ੍ਰਸਿੱਧ ਮਨੋਚਿਕਿਤਸਕਾਂ ਵਿੱਚੋਂ ਮੰਨੇ-ਪ੍ਰਮੰਨੇ ਵਿਸ਼ੇਸ਼ੱਗ ਸਨ। ਆਪ ਯਾਰਕ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਵੀ ਰਹੇ। ਇਹ ਓਦੋਂ ਦੀ ਗੱਲ ਹੈ ਜਦ ਉਹ ਵਿਸ਼ਵ ਮਾਨਸਿਕ ਸੁਅਸਥ ਦੇ ਪ੍ਰਧਾਨ ਸਨ । ਉਨ੍ਹਾਂ ਮੈਨੂੰ ਏਸ਼ੀਆ ਖੰਡ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਹੋਇਆ ਸੀ ।

ਇਕ ਦਿਨ ਅਸੀਂ ਦੋਵੇਂ ਐਡਨਬਰਾ ਬੈਠੇ ਸਲਾਹ ਕਰ ਰਹੇ ਸਾਂ ਕਿ ਕੌਂਸਲ ਦੀਆਂ ਦੋ ਖ਼ਾਲੀ ਥਾਵਾਂ 'ਤੇ ਕਿਸ ਨੂੰ ਨਾਮਜ਼ਦ ਕਰਾਇਆ ਜਾਵੇ । ਮੈਨੂੰ ਉਨ੍ਹਾਂ ਪੁੱਛਿਆ, "ਤੁਹਾਡੀ ਰਾਇ ਅਨੁਸਾਰ ਕਿਸ ਨੂੰ ਕੌਂਸਲ ਵਿੱਚ ਨਿਯੁਕਤ ਕੀਤਾ ਜਾਵੇ ?" ਮੈਂ ਵਿਚਾਰ ਕੇ ਇਕ ਸੱਜਣ ਦਾ ਨਾਂ ਲਿਆ ਜੋ ਮੈਨੂੰ ਉਚਿੱਤ ਲੱਗਦਾ ਸੀ। ਉਹ ਕਹਿਣ ਲੱਗੇ, "ਡਾ: ਨੇਕੀ, ਮੇਰਾ ਤਾਂ ਜੀਅ ਕਰਦਾ ਏ ਕਿ ਤੁਹਾਡੀ ਰਾਏ ਨੂੰ ਸਵੀਕਾਰ ਕਰ ਲਵਾਂ, ਪਰ ਇਕ ਮਜਬੂਰੀ ਮੈਨੂੰ ਐਸਾ ਕਰਨੋਂ ਵਰਜ ਰਹੀ ਹੈ।" ਮੈਂ ਉਨ੍ਹਾਂ ਨੂੰ ਪੁੱਛਿਆ, "ਉਹ ਮਜਬੂਰੀ ਕੀ ਹੈ ?" ਕਹਿਣ ਲੱਗੇ, "ਉਸੇ ਦੇਸ਼ ਦਾ ਇੱਕ ਸੱਜਣ ਸਾਡੀ ਕੌਂਸਲ ਵਿੱਚ ਅੱਗੇ ਵੀ ਹੈ।



ਇੱਕ ਹੋਰ ਲੈਣ ਨਾਲ ਕਿਸੇ ਹੋਰ ਦੇਸ਼ ਦੀ ਹਕ ਤਲਫ਼ੀ ਹੋ ਜਾਵੇਗੀ ।" ਸਾਡੀ ਗੱਲ ਇੱਥੇ ਹੀ ਰਹਿ ਗਈ ਕਿਉਂਕਿ ਕੋਈ ਹੋਰ ਸੱਜਣ ਉਹਨਾਂ ਨੂੰ ਮਿਲਣ ਲਈ ਆ ਗਿਆ। ਮੈਂ ਇਜਾਜ਼ਤ ਲੈ ਕੇ ਬਾਹਰ ਆ ਗਿਆ।

ਬਾਹਰ ਉਨ੍ਹਾਂ ਦੇ ਅਮਲੇ ਦੇ ਦੋ ਸੱਜਣ ਖੜ੍ਹੇ ਸਨ। ਮੈਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਨਾਲ ਖਲੋ ਗਿਆ। ਗੱਲਾਂ-ਗੱਲਾਂ ਵਿੱਚ ਮੈਂ ਜ਼ਿਕਰ ਕੀਤਾ ਕਿ ਅਸੀਂ ਕੌਂਸਲ ਦੀਆਂ ਦੋ ਖ਼ਾਲੀ ਥਾਵਾਂ 'ਤੇ ਬੰਦੇ ਨਿਯੁਕਤ ਕਰਨ ਲਈ ਗੱਲਬਾਤ ਕਰ ਰਹੇ ਸਾਂ, ਤੇ ਮੈਂ...ਦਾ ਨਾਮ ਪੇਸ਼ ਕਰ ਦਿੱਤਾ...। ਮੇਰੀ ਗੱਲ ਟੋਕ ਕੇ ਹੀ ਉਨ੍ਹਾਂ ਪੁੱਛਿਆ, "ਤਾਂ ਕਾਰਸਟੇਅਰਜ਼ ਸਾਹਿਬ ਨੇ ਕੀ ਕਿਹਾ ?" ਮੈਂ ਦੱਸਿਆ, "ਉਹ ਮੇਰੇ ਵੱਲੋਂ ਪੇਸ਼ ਕੀਤੇ ਹੋਏ ਨਾਮ ਨਾਲ ਤਾਂ ਅਸਹਿਮਤ ਨਹੀਂ ਸਨ, ਪਰ ਇਸ ਲਈ ਮਜਬੂਰ ਸਨ ਕਿ ਉਨ੍ਹਾਂ ਦੇ ਦੇਸ਼ ਦਾ ਇਕ ਬੰਦਾ ਅੱਗੇ ਹੀ ਕੌਂਸਲ ਵਿੱਚ ਹੈ।" ਉਹ ਦੋਵੇਂ ਸੱਜਣ ਹੱਸ ਪਏ ਤੇ ਕਿਹਾ, "ਸਭਯ ਗੱਲ ਕਰਨੀ ਕੋਈ ਡਾ: ਕਾਰਸਟੇਅਰਜ਼ ਤੋਂ ਸਿੱਖੇ ।" ਮੈਂ ਕਿਹਾ, "ਮੈਂ ਸਮਝਿਆ ਨਹੀਂ, ਮੈਨੂੰ ਸਮਝਾ ਸਕਦੇ ਓ ?" ਕਹਿਣ ਲੱਗੇ, "ਜਿਸ ਦਾ ਤੁਸਾਂ ਨਾਮ ਲਿਆ ਹੈ, ਉਹ ਬੜਾ ਚਾਲੂ ਆਦਮੀ ਹੈ। ਤੁਹਾਨੂੰ ਤਾਂ ਪਤਾ ਨਹੀਂ ਉਸ ਦੇ ਚਾਲ-ਚਲਨ ਬਾਰੇ, ਇਨਕੁਆਰੀ ਚੱਲ ਰਹੀ ਹੈ। ਡਾ: ਕਾਰਸਟੇਅਰਜ਼ ਇਸ ਗੱਲ ਤੋਂ ਜਾਣੂ ਹਨ। ਪਰ ਉਹ ਕਦੇ ਕਿਸੇ ਦੀ ਪਿੱਠ ਪਿੱਛੇ ਵੀ ਨਿੰਦਾ ਨਹੀਂ ਕਰਦੇ। ਇਸ ਲਈ ਉਨ੍ਹਾਂ ਤੁਹਾਡਾ ਸੁਝਾਓ ਨਾ ਮਨਜ਼ੂਰ ਕਰਨ ਲਈ ਇਕ ਮਾਕੂਲ ਵਜ੍ਹਾ ਪੇਸ਼ ਕਰ ਦਿੱਤੀ ਤੇ ਤੁਸੀਂ ਇਸ ਨੂੰ ਪ੍ਰਵਾਨ ਕਰ ਲਿਆ ।"

ਮੇਰੇ ਦਿਲ ਵਿੱਚ ਡਾ: ਕਾਰਸਟੇਅਰਜ਼ ਲਈ ਸਤਿਕਾਰ ਅੱਗੇ ਤੋਂ ਵੀ ਉੱਚਾ ਹੋ ਗਿਆ । (1971)

## ਇੱਕ ਦੈਵੀ ਸੁਨੇਹਾ

1973 ਦੀ ਗੱਲ ਹੈ, ਮੇਰਾ ਕਾਰ ਚਲਾਉਂਦੇ ਦਾ ਹਾਦਸਾ ਹੋ ਗਿਆ। ਹੱਡੀਆਂ ਸਾਬਤ ਘੱਟ ਬਚੀਆਂ, ਟੁਟੀਆਂ ਵਧੇਰੇ। ਖੋਪਰੀ ਇਕ ਕੰਨ ਤੋਂ ਦੂਜੇ ਕੰਨ ਤਕ ਹੇਠਲੇ ਪਾਸਿਓਂ ਚੀਰੀ ਗਈ। ਮੈਂ ਤਾਂ ਬੇਹੋਸ਼ ਹੋ ਗਿਆ, ਪਰ ਖ਼ੂਨ ਕੰਨਾਂ ਵਿੱਚੋਂ ਵੀ, ਨੱਕ ਵਿੱਚੋਂ ਵੀ, ਮੂੰਹ ਵਿੱਚੋਂ ਵੀ ਵਗੀ ਜਾਏ।

ਸਮਰਾਲੇ ਲਾਗੇ ਇਹ ਹਾਦਸਾ ਹੋਇਆ ਸੀ। ਥੋੜ੍ਹੀ ਸੁਰਤ ਆਈ ਤਾਂ ਮੈਂ ਕਿਸੇ ਹਸਪਤਾਲ ਵਿੱਚ ਪਿਆ ਸਾਂ । ਡਾਕਟਰ ਕੋਈ ਮੇਰੀ ਨਬਜ਼ 'ਤੇ ਹੱਥ ਰੱਖ ਕੇ ਖਲੋਤਾ ਸੀ । ਕਹਿ ਰਿਹਾ ਸੀ, "ਨਬਜ਼ ਤਾਂ ਨਾਂਹ ਵਰਗੀ ਹੀ ਚੱਲ ਰਹੀ ਹੈ।" ਫਿਰ ਉਨ੍ਹਾਂ ਮੇਰੇ ਲਹੂ ਦਾ ਦਬਾਓ ਵੇਖਣ ਵਾਲਾ ਯੰਤ੍ਰ ਬਾਂਹ

'ਤੇ ਬੰਨ੍ਹਿਆ। "ਬਲੱਡ-ਪ੍ਰੈਸ਼ਰ ਵੀ ਬਹੁਤ ਥੱਲੇ ਹੈ। ਡ੍ਰਿਪ ਲਗਾਓ ।" ਮੇਰੀ ਸੁਰਤ ਫਿਰ ਚਲੀ ਗਈ । ਪਰ ਅੰਦਰ ਇਕ ਵਿਚਾਰ ਆਇਆ, "ਸ਼ਾਇਦ ਹੁਣ ਆਖਰੀ ਸਮਾਂ ਹੈ, ਚਲੋ ਵਾਹਿਗੁਰੂ ਨੂੰ ਹੀ ਯਾਦ ਕਰ ਲਈਏ।" ਪਰ ਇਸ ਤੋਂ ਪਹਿਲਾਂ ਕਿ ਮੈਂ ਵਾਹਿਗੁਰੂ ਦਾ ਨਾਮ ਲੈ ਸਕਦਾ, ਸੁਰਤ ਨਿੱਪਟ ਗੁਆਚ ਗਈ ।

ਜਦ ਹੋਸ਼ ਪਰਤੀ ਤਾਂ ਮੈਨੂੰ ਡਾ. ਅਲੀ ਯਾਦ ਆਏ। ਮੈਂ ਹਰ ਭਾਣੇ ਲਈ ਤਿਆਰ ਹੋ ਗਿਆ । ਤ੍ਰਿਲੋਚਨ ਭਗਤ ਦੇ ਇਹ ਬੋਲ ਮੇਰੇ ਅੰਦਰ ਗੂੰਜ ਗਏ ।

**ਅੰਤ ਕਾਲ ਨਾਰਾਇਣ ਸਿਮਰੈ ॥ ਐਸੀ ਚਿੰਤਾ ਮਹਿ ਜੇ ਮਰੈ ॥**
**ਬਦਿਤ ਤ੍ਰਿਲੋਚਨ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥**

ਇਕ ਪਲ ਲਈ ਮੈਨੂੰ ਜਾਪਿਆ ਮੈਂ ਕਿਸੇ ਨਿੱਘੀ ਧੁੱਪ ਦਾ ਪਹਿਰਨ ਪਹਿਨਿਆ ਹੋਇਐ । ਸੁਰਤਿ ਫਿਰ ਗੁਆਚ ਗਈ ।

ਫਿਰ ਸੁਰਤਿ ਪਰਤੀ ਤਾਂ ਕੰਵਰਜੀਤ ਮੇਰਾ ਹੱਥ ਫੜ ਕੇ ਖੜ੍ਹੀ ਸੀ। ਪੁੱਛਣ ਲੱਗੀ, "ਕੈਸੇ ਹੋ?" "ਬਿਲਕੁਲ ਠੀਕ ਹਾਂ" ਮੈਂ ਕਿਹਾ। ਪੁੱਛਣਾ ਚਾਹੁੰਦਾ ਸਾਂ, "ਮੇਰਾ ਧੁੱਪ ਦਾ ਪਹਿਰਨਾ ਕਿੱਧਰ ਗਿਆ ?" ਪਰ ਸੁਰਤ ਫਿਰ ਚਲੀ ਗਈ ।

ਜਦ ਪਰਤੀ ਤਾਂ ਮੈਂ ਘੁਸਮੁਸੇ ਵਿੱਚ ਸਾਂ । ਜੋ ਮੈਂ ਵੇਖਿਆ, ਪਤਾ ਨਹੀਂ ਉਹ ਬਾਹਰਲੀ ਹਕੀਕਤ ਸੀ ਜਾਂ ਮੇਰੇ ਅੰਦਰ ਕੁਝ ਵਾਪਰ ਰਿਹਾ ਸੀ। ਇਕ ਸੁੰਦਰ ਸੁਆਣੀ ਮੇਰਾ ਹਾਲ ਪੁੱਛਣ ਆਈ । ਮੈਂ ਉਸਨੂੰ ਪਛਾਣ ਨਹੀਂ ਸਾਂ ਸਕਿਆ, ਪਰ ਲਗਦਾ ਸੀ ਕਿਤੇ ਵੇਖੀ ਹੋਈ ਹੈ। ਉਸ ਨੇ ਮੇਰੇ ਮੱਥੇ 'ਤੇ ਹੱਥ ਰੱਖਿਆ ਤੇ ਫਿਰ ਆਪਣਾ ਹੱਥ ਚੁੰਮ ਲਿਆ । ਮੈਨੂੰ ਲੱਗਾ ਕਿ ਭੁੜੀ ਮਨਜ਼ੂਰ ਹੋ ਗਈ । ਮੈਂ ਬਚ ਗਿਆ ਹਾਂ ।

ਫਿਰ ਮੈਂ ਚੰਗੀ ਤਰ੍ਹਾਂ ਅੱਖਾਂ ਖੋਲ੍ਹੀਆਂ, ਤਦ ਮੈਨੂੰ ਇਕ-ਇਕ ਦੀ ਥਾਂ ਦੋ-ਦੋ ਦਿਸ ਰਹੇ ਸਨ । ਮੈਨੂੰ ਸਮਝ ਆ ਗਈ ਕਿ ਮੇਰੀਆਂ ਅੱਖਾਂ ਨੂੰ ਹਿਲਾਉਣ ਵਾਲੇ ਤੰਤੂਆਂ ਨੂੰ ਸੱਟ ਲੱਗ ਗਈ ਹੋਈ ਹੈ। ਤਦ ਮੈਂ ਵੇਖਿਆ ਮੇਰੀ ਸੱਜੀ ਟੰਗ ਨੂੰ ਇਕ ਵਜ਼ਨ ਬੰਨ੍ਹ ਕੇ ਉਹ ਵਜ਼ਨ ਇਕ ਪੁਲੀ ਤੋਂ ਲਟਕਾਇਆ ਹੋਇਆ ਹੈ। ਮੈਨੂੰ ਪਤਾ ਲੱਗ ਗਿਆ ਕਿ ਮੇਰੇ ਪੱਟ ਦੀ ਹੱਡੀ ਟੁੱਟ ਗਈ ਹੈ ਤੇ ਇਹ ਵਜ਼ਨ ਬੰਨ੍ਹ ਕੇ ਉਸਨੂੰ ਥਾਂ ਸਿਰ ਕੀਤਾ ਗਿਆ ਹੈ। ਫਿਰ ਮੈਂ ਵੇਖਿਆ ਮੇਰੀ ਖੱਬੀ ਬਾਂਹ ਪਲਸਤਰ ਵਿੱਚ ਬੱਝੀ ਹੋਈ ਹੈ। ਅਨੁਭਵ ਹੋ ਗਿਆ ਕਿ ਕਾਫ਼ੀ ਚੋਟਾਂ ਆਈਆਂ



ਹੋਈਆਂ ਹਨ ਤੇ ਕਾਫ਼ੀ ਹੱਡੀਆਂ ਟੁੱਟੀਆਂ ਹੋਈਆਂ ਹਨ ।

ਤਦ ਮੈਨੂੰ ਖ਼ਿਆਲ ਆਇਆ, "ਹੱਡੀਆਂ ਤਾਂ ਬਹੁਤ ਟੁੱਟ ਗਈਆਂ ਹਨ, ਖੋਪਰੀ ਵੀ ਚੀਰੀ ਗਈ ਹੈ, ਪਰ ਦਿਮਾਗ਼ ਠੀਕ ਹੈ, ਨਹੀਂ ਤਾਂ ਮੈਂ ਇਹ ਸਾਰਾ ਕੁਝ ਕਿਵੇਂ ਸੋਚ ਸਕਦਾ ਸਾਂ ?" ਤਦ ਮੈਂ ਸ਼ੁਕਰਾਨੇ ਵਿੱਚ ਗੜੂੰਦ ਹੋ ਗਿਆ ।

ਥੋੜ੍ਹੇ ਚਿਰ ਨੂੰ ਖੜਾਕ ਹੋਇਆ ਤਾਂ ਮੈਂ ਅੱਖਾਂ ਖੋਲ੍ਹੀਆਂ । ਇੱਕ ਨਿਹੰਗ ਸਿੰਘ ਖਲੋਤਾ ਸੀ । ਕਹਿਣ ਲੱਗਾ, "ਸਾਨੂੰ ਹੁਕਮ ਹੋਇਐ" ਆਪ ਦੇ ਦਰਸ਼ਨ ਕਰਨ ਦਾ।" ਮੈਂ ਪੁੱਛਿਆ, "ਕਿਸ ਦਾ ਹੁਕਮ ਹੋਇਐ ? ਉਹ ਗੱਜ ਕੇ ਬੋਲਿਆ, "ਫੌਜਾਂ ਨੂੰ ਸਿਵਾ ਕਲਗੀਧਰ ਪਾਤਸ਼ਾਹ ਦੇ ਹੋਰ ਕਿਸ ਦਾ ਹੁਕਮ ਹੋ ਸਕਦੈ ? ਸਾਨੂੰ ਹੁਕਮ ਹੋਇਆ ਆਪ ਨੂੰ ਇਹ ਪ੍ਰਸ਼ਾਦ ਪੁਚਾਇਆ ਜਾਵੇ ।" ਮੈਂ ਸੱਜਾ ਹੱਥ ਅੱਗੇ ਕੀਤਾ । ਖੱਬਾ ਤਾਂ ਬੱਝਿਆ ਹੋਇਆ ਸੀ । ਪਰ ਉਨ੍ਹਾਂ ਪ੍ਰਸ਼ਾਦ ਸਿੱਧਾ ਮੇਰੇ ਮੂੰਹ ਵਿੱਚ ਪਾ ਦਿੱਤਾ । ਮੈਂ ਪ੍ਰਸ਼ਾਦ ਅੰਦਰ ਲੰਘਾ ਲਿਆ । ਇਤਨੇ ਵਿੱਚ ਨਿਹੰਗ ਸਿੰਘ ਹੋਰੀ 'ਔਹ ਗਏ ਔਹ ਗਏ' ਹੋ ਗਏ ।

ਉਹ ਬਾਹਰ ਨਿਕਲੇ ਹੀ ਸਨ ਕਿ ਮੇਰਾ ਛੋਟਾ ਵੀਰ ਸ.ਸ. ਜੋਗੀ ਆ ਗਿਆ । ਮੈਂ ਪੁੱਛਿਆ, "ਤੁਸਾਂ ਕੋਈ ਨਿਹੰਗ ਸਿੰਘ ਬਾਹਰ ਜਾਂਦਾ ਵੇਖਿਆ?" ਕਹਿਣ ਲੱਗਾ ਨਹੀਂ ।" ਮੈਂ ਕਿਹਾ, "ਉਹ ਦਰਵਾਜ਼ੇ 'ਚੋਂ ਬਾਹਰ ਨਿਕਲਿਆ ਹੀ ਸੀ ਕਿ ਤੁਸੀਂ ਅੰਦਰ ਆਏ, ਤੁਸਾਂ ਵੇਖਿਆ ਨਹੀਂ ?" ਕਹਿਣ ਲੱਗੇ, "ਨਹੀਂ !"

ਮੈਂ ਸਮਝ ਗਿਆ ਕਲਗੀਧਰ ਦਾ ਸੁਨੇਹਾ ਸੀ, ਇਹ ਪ੍ਰਸ਼ਾਦ ਭੇਜ ਕੇ ਦੱਸਣਾ ਕਿ ਮੈਂ ਬਿਲਕੁਲ ਠੀਕ ਹੋ ਜਾਵਾਂਗਾ । ਸੋ ਹੋ ਗਿਆ । (1973)

## ਤ੍ਰਿਕਾਲ ਦਰਸ਼ਤਾ ਦਾ ਭੇਤ

ਇੱਕ ਵਾਰ ਮੈਂ ਓਸਲੋ ਹਵਾਈ ਅੱਡੇ ਤੋਂ ਜਹਾਜ਼ 'ਤੇ ਚੜ੍ਹਿਆ। ਮੈਂ ਗਲੀ ਵਾਲੇ ਪਾਸੇ ਦੀ ਸੀਟ 'ਤੇ ਸਾਂ ਤੇ ਇਕ ਸਾਧੂ ਜੀ ਖਿੜਕੀ ਵਾਲੇ ਪਾਸੇ ਦੀ ਸੀਟ 'ਤੇ । ਜਦ ਹਵਾਈ ਜਹਾਜ਼ ਉਡਾਣ ਭਰ ਕੇ ਰਤਾ ਉੱਚਾ ਹੋਇਆ ਤਾਂ ਸਾਧੂ ਜੀ ਖਿੜਕੀ ਵਿੱਚੋਂ ਬਾਹਰ ਵੇਖਣ ਲੱਗੇ । ਫਿਰ ਮੁਸਕਰਾ ਪਏ । ਮੈਂ ਝਕਦੇ-ਝਕਦੇ ਪੁੱਛਿਆ, "ਮਹਾਰਾਜ ਤੁਸੀਂ ਮੁਸਕਰਾ ਰਹੇ ਹੋ, ਹੇਠਾਂ ਕੋਈ ਖ਼ਾਸ ਗੱਲ ਹੈ ?" ਕਹਿਣ ਲੱਗੇ, "ਤੁਸੀਂ ਵੀ ਵੇਖ ਲਉ ।" ਆਪ ਉੱਠ ਕੇ ਮੇਰੀ ਸੀਟ 'ਤੇ ਆ ਗਏ ਤੇ ਮੈਨੂੰ ਆਪਣੀ ਸੀਟ 'ਤੇ ਬਿਠਾ ਦਿੱਤਾ । ਮੈਂ ਹੇਠਾਂ ਵੇਖਿਆ, "ਸਮੁੰਦਰ 'ਚੋਂ ਉੱਠਦੇ ਬੱਦਲ ਘਿਰ ਕੇ ਆਏ ਹੋਏ ਸਨ, ਬਾਰਸ਼ ਵੀ ਹੋ ਰਹੀ ਸੀ। ਪਰਬਤ ਉੱਤੋਂ ਨਦੀਆਂ ਵਹਿ ਕੇ ਹੇਠਾਂ ਆ ਰਹੀਆਂ ਸਨ, ਇਕ ਦਰਿਆ ਜਿਹਾ ਬਣ ਗਿਆ ਸੀ ਜੋ ਵਾਪਸ ਸਮੁੰਦਰ ਵਿੱਚ ਸਮਾਅ

ਰਿਹਾ ਸੀ। ਮੈਂ ਕਿਹਾ, "ਮਹਾਰਾਜ ! ਹੇਠਾਂ ਕੋਈ ਅਲੋਕਾਰ ਗੱਲ ਤਾਂ ਹੋ ਨਹੀਂ ਰਹੀ ।" ਤੇ ਜੋ ਮੈਂ ਵੇਖਿਆ ਸੀ ਦੱਸਿਆ । ਕਹਿਣ ਲੱਗੇ, "ਇਸ ਸਾਰੀ ਪ੍ਰਕਿਰਿਆ ਦੀ ਜੋ ਹੇਠਾਂ ਵਾਪਰ ਰਹੀ ਹੈ, ਤੁਹਾਨੂੰ ਜਾਣਕਾਰੀ ਅਵੱਸ਼ ਹੈ। ਪਰ ਇਕ ਵੱਡਾ ਅੰਤਰ ਵਾਪਰ ਗਿਆ ਹੈ। ਤੁਸਾਂ ਵੀ ਤੇ ਮੈਂ ਵੀ ਸਕੂਲੇ ਜੁਗਰਾਫ਼ੀਏ ਵਿੱਚ ਪੜ੍ਹਿਆ ਸੀ, ਪਹਿਲਾਂ ਸਮੁੰਦਰ ਤੋਂ ਹਵਾੜਾਂ ਉੱਠਦੀਆਂ ਹਨ ਤੇ ਬੱਦਲ ਬਣਦੀਆਂ ਹਨ। ਫਿਰ, ਇਨ੍ਹਾਂ ਬੱਦਲਾਂ ਨੂੰ ਹਵਾਵਾਂ ਪਰਬਤਾਂ ਤਕ ਲੈ ਜਾਂਦੀਆਂ ਹਨ। ਉੱਥੋਂ ਦੀ ਠੰਢ ਵਿੱਚ ਉਹ ਬੱਦਲ ਬਰਸਣ ਲੱਗਦੇ ਹਨ। ਫਿਰ ਪਰਬਤਾਂ ਤੋਂ ਨਾਲੇ ਨਦੀਆਂ ਬਣ ਕੇ ਹੇਠਾਂ ਮੈਦਾਨ ਵੱਲ ਉੱਤਰਦੇ ਹਨ। ਉੱਥੇ ਇਹ ਰਲ ਕੇ ਦਰਿਆ ਬਣਾਉਂਦੇ ਹਨ। ਫਿਰ ਇਹ ਦਰਿਆ ਮੈਦਾਨਾਂ ਥਾਣੀਂ ਢਲਾਣ ਵੱਲ ਸਰਕਦੇ ਸਮੁੰਦਰ ਵਿੱਚ ਜਾ ਡਿੱਗਦੇ ਹਨ। ਇਹ ਸਾਰਾ ਇਕ ਸਿਲਸਿਲਾ ਹੈ-ਪਹਿਲੋਂ ਤੇ ਪਿੱਛੋਂ ਦਾ । ਹੁਣ ਜਦ ਅਸੀਂ ਧਰਤੀ ਤੋਂ ਕੁਝ ਹੀ ਉੱਪਰ ਉੱਠੇ ਹਾਂ ਤਾਂ 'ਪਹਿਲਾਂ ਇਹ ਤੇ ਪਿੱਛੋਂ ਉਹ ਦਾ ਸਿਲਸਿਲਾ ਸਮਾਪਤ ਹੋ ਗਿਆ ਹੈ। ਸਾਰਾ ਕੁਝ ਇਕੋ ਵੇਲੇ ਵਰਤ ਰਿਹਾ ਹੈ। ਇਹ ਤਾਂ ਅਸੀਂ ਕੇਵਲ ਭੌਤਿਕ ਤੌਰ 'ਤੇ ਉੱਪਰ ਉੱਠੇ ਹਾਂ, ਜੋ ਕੋਈ ਅਧਿਆਤਮਿਕ ਤੌਰ 'ਤੇ ਉੱਪਰ ਉੱਠ ਜਾਵੇ ਤਾਂ, ਕੀ ਸੱਚ-ਮੁੱਚ ਤ੍ਰਿਕਾਲਦਰਸ਼ੀ ਨਹੀਂ ਹੋ ਜਾਵੇਗਾ?"

(1974)

## ਸ਼ਰਤ ਨਹੀਂ ਕੇਵਲ ਸਮਰਪਣ

ਕੁਝ ਵਰ੍ਹੇ ਸਿਮਰਨ ਵਿੱਚ ਧਿਆਨ ਲੱਗਣ ਤੋਂ ਬਾਅਦ ਇੱਕਾ-ਇੱਕ ਧਿਆਨ ਉਖੱੜਨ ਲੱਗ ਪਿਆ । ਜੋ ਸਵਾਦ ਪਹਿਲਾਂ ਆਇਆ ਕਰਦਾ ਸੀ, ਉਹ ਛੁੜਕ ਗਿਆ। ਇਕ ਅਜੀਬ ਜਿਹੀ ਬੇਚੈਨੀ ਪ੍ਰਤੀਤ ਹੋਣ ਲੱਗੀ । ਜਿਨ੍ਹਾਂ ਪਾਸੋਂ ਸਿਮਰਨ ਦੀ ਦਾਤ ਪ੍ਰਾਪਤ ਹੋਈ ਸੀ, ਉਹ ਚੋਲਾ ਤਿਆਗ ਗਏ ਸਨ। ਕਿਸ ਪਾਸੋਂ ਸਹਾਇਤਾ ਮੰਗਣ ਜਾਵਾਂ ?"

ਤਦ ਇਕ ਦਿਨ ਇਕਨਾ ਸੰਤਾਂ ਨਾਲ ਮੇਲ ਹੋ ਗਿਆ । ਉਨ੍ਹਾਂ ਨੂੰ ਸਨਿਮਰ ਹੋ ਕੇ ਪੁੱਛਿਆ, "ਮਹਾਰਾਜ, ਮੇਰਾ ਸਿਮਰਨ ਵਿੱਚ ਧਿਆਨ ਲੱਗਣੋਂ ਹਟ ਗਿਆ ਹੈ । ਕੋਈ ਰਾਹ ਦੱਸੋ ਮੁੜ ਸਿਮਰਨ ਵਿੱਚ ਧਿਆਨ ਲੱਗ ਪਵੇ।" ਆਖਣ ਲੱਗੇ, "ਜਾਪ ਸਾਹਿਬ ਦਾ ਪਾਠ ਕਰਿਆ ਕਰੋ ।" ਮੈਂ ਕਿਹਾ, "ਉਹ ਤਾਂ ਮੈਂ ਰੋਜ਼ ਕਰਦਾ ਹਾਂ।" ਕਹਿਣ ਲੱਗੇ, "ਇਕ ਹੋਰ ਕਰ ਲਿਆ ਕਰੋ।" ਮੈਂ ਕੋਸ਼ਿਸ਼ ਕੀਤੀ, ਪਰ ਦੂਜੀ ਵਾਰ ਜਾਪ ਸਾਹਿਬ ਦਾ ਪਾਠ ਕਰਨ ਲੱਗਿਆਂ ਧਿਆਨ ਉਸ ਪਾਠ ਵਿੱਚ ਵੀ ਨਾ ਲੱਗੇ ।

ਇਕਾ ਇਕ ਸੰਤ ਪੰਡਿਤ ਨਿਸ਼ਚਲ ਸਿੰਘ ਜੀ ਜਗਾਧਰੀ ਵਾਲਿਆਂ



ਨਾਲ ਮੁਲਾਕਾਤ ਹੋ ਗਈ । ਉਨ੍ਹਾਂ ਨੂੰ ਵੀ ਮੈਂ ਉਹੀ ਪ੍ਰਸ਼ਨ ਪਾਇਆ, "ਜੇ ਸਿਮਰਨ ਵਿੱਚ ਧਿਆਨ ਲੱਗਣੋਂ ਹਟ ਜਾਏ ਤਾਂ ਕੀ ਕਰਨਾ ਚਾਹੀਦਾ ਹੈ?" ਹੱਸ ਪਏ ਤੇ ਮੇਰੀ ਪਿੱਠ 'ਤੇ ਹੱਥ ਫੇਰਦਿਆਂ ਆਖਣ ਲੱਗੇ, "ਸਿਮਰਨ ਵਿੱਚ ਲੱਗੇ ਰਹੋ, ਘਾਲ ਨਾ ਛੋੜੋ । ਪਿੱਛੋਂ ਜਾ ਕੇ ਤੁਹਾਨੂੰ ਪਤਾ ਚੱਲੇਗਾ ਕਿ ਜਦ ਧਿਆਨ ਨਹੀਂ ਵੀ ਸੀ ਲੱਗ ਰਿਹਾ, ਤਾਂ ਵੀ ਕੁਝ ਹੋ ਰਿਹਾ ਸੀ । ਕਰਤਾ ਪੁਰਖ ਦੀ ਮਿਹਰ ਲਈ ਅਸੀਂ ਕੋਈ ਸ਼ਰਤ ਨਹੀਂ ਰੱਖ ਸਕਦੇ, ਕੇਵਲ ਸਮਰਪਣ ਦਰਕਾਰ ਹੈ।"

(1974)

## ਹੋਰਾਂ ਤੋਂ ਗੁਣ ਵਿਹਾਜੀਏ

ਭਾਪਾ ਪ੍ਰੀਤਮ ਸਿੰਘ ਹੋਰੀਂ ਸਾਰੇ ਪੰਜਾਬੀ ਜਗਤ ਵਿੱਚ ਹਰਮਨ ਪਿਆਰੇ ਸਨ। ਉਨ੍ਹਾਂ ਦੀ ਜ਼ਿੰਦਗੀ ਕਈਆਂ ਵਾਸਤੇ ਰਹਿਨੁਮਾਈ ਕਰਦੀ ਸੀ। ਮੈਨੂੰ ਵੀ ਉਨ੍ਹਾਂ ਦੀ ਸੰਗਤ ਦੀ ਦਾਤ ਪ੍ਰਾਪਤ ਹੁੰਦੀ ਰਹਿੰਦੀ ਸੀ ।

ਇੱਕ ਗੱਲ ਜੋ ਮੈਨੂੰ ਉਨ੍ਹਾਂ ਸਿਖਾਈ ਉਹ ਇਹ ਸੀ ਕਿ ਉਹ ਟੈਲੀਫ਼ੋਨ ਆਵੇ ਤੇ ਚੁੱਕ ਕੇ ਅੱਗੋਂ 'ਹੈਲੋ !' ਨਹੀਂ ਸਨ ਬੋਲਦੇ । ਸਦਾ 'ਹਾਂ ਜੀ !' ਕਹਿੰਦੇ ਸਨ, ਬੜੀ ਮਿਠਾਸ ਨਾਲ!

ਇਕ ਵਾਰ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਉਨ੍ਹਾਂ ਦੇ ਪਾਸ ਬੈਠਾ ਹੋਇਆ ਸਾਂ ਜਦ ਇਕ ਭੱਦਰ ਪੁਰਸ਼ ਹੋਰ ਉਨ੍ਹਾਂ ਨੂੰ ਮਿਲਣ ਆ ਗਿਆ। ਭਾਪਾ ਜੀ ਨੇ ਉਨ੍ਹਾਂ ਨਾਲ ਮੇਰੀ ਜਾਣ-ਪਛਾਣ ਕਰਵਾਈ । ਉਹ ਵੀ 'ਲੇਖਕ' ਸਨ ਤੇ ਭਾਪਾ ਜੀ ਕੋਲ ਆਪਣੀ ਇਕ ਕਿਤਾਬ ਲਿਖ ਕੇ ਲਿਆਏ ਸਨ ਛਪਵਾਉਣ ਲਈ ।

ਭਾਪਾ ਜੀ ਨੇ ਪੁਸਤਕ ਦਾ ਖਰੜਾ ਲਿਆ । ਪਹਿਲਾ ਸਫਾ ਪੜ੍ਹਿਆ ਤੇ ਫਿਰ ਅੰਤਲਾ ਸਫਾ ਪੜ੍ਹਿਆ ਤੇ ਉਨ੍ਹਾਂ ਨੂੰ ਕਿਹਾ, "ਇਹ ਪੁਸਤਕ ਅਜੇ ਹੋਰ ਮਿਹਨਤ ਮੰਗਦੀ ਹੈ। ਕਿਸੇ ਚੰਗੇ ਆਲੋਚਕ ਨੂੰ ਵਿਖਾ ਕੇ ਰਾਏ ਲਉ ਤੇ ਇਸ ਪੁਰ ਥੋੜ੍ਹੀ ਮਿਹਨਤ ਹੋਰ ਕਰੋ।" ਉਹ ਭੱਦਰ ਪੁਰਸ਼ ਬੜੇ ਮਾਯੂਸ ਹੋਏ।

ਥੋੜ੍ਹੇ ਚਿਰ ਮਗਰੋਂ ਹੀ ਉਨ੍ਹਾਂ ਕਰਤਾਰ ਸਿੰਘ ਦੁੱਗਲ ਹੋਰਾਂ ਬਾਰੇ ਬੋਲਣਾ ਸ਼ੁਰੂ ਕਰ ਦਿੱਤਾ, "ਉਸ ਦੀਆਂ ਕਿਤਾਬਾਂ ਤਾਂ ਤੁਸੀਂ ਛਾਪ ਦਿੰਦੇ ਹੋ। ਉਸ ਨੂੰ ਤੇ ਪੰਜਾਬੀ ਵੀ ਚੰਗੀ ਤਰ੍ਹਾਂ ਨਹੀਂ ਆਉਂਦੀ, ਵਿਚੇ ਪੋਠੋਹਾਰੀ ਮਾਰੀ ਜਾਂਦੈ।" ਭਾਪਾ ਜੀ ਨੇ ਕਿਹਾ, "ਪੋਠੋਹਾਰੀ ਵੀ ਤਾਂ ਪੰਜਾਬੀ ਦੀ ਉਪਭਾਸ਼ਾ ਹੈ, ਉਸ ਨੂੰ ਵਰਤ ਕੇ ਉਹ ਪੰਜਾਬੀ ਦਾ ਘੇਰਾ ਮੋਕਲਾ ਹੀ ਕਰਦਾ ਹੈ।"

ਉਹ ਚੁੱਪ ਹੋ ਗਿਆ। ਪਰ ਮਿੰਟ ਕੁ ਪਿੱਛੋਂ ਫਿਰ ਬੋਲ ਪਿਆ, "ਤੁਸਾਂ

ਨਾਮਧਾਰੀਆਂ ਦੇ ਗੁਰੂ ਬਾਰੇ ਵੀ ਇਕ ਪੁਸਤਕ ਛਾਪੀ ਹੈ। ਚੰਗੇ ਸਿੱਖ ਹੋ?" ਭਾਪਾ ਜੀ ਮੁਸਕਰਾਏ ਤੇ ਕਹਿਣ ਲੱਗੇ, "ਵੀਰ ਜੀ! ਮੈਂ ਪ੍ਰਕਾਸ਼ਕ ਹਾਂ। ਕਿਤਾਬਾਂ ਛਾਪਣਾ ਮੇਰਾ ਕੰਮ ਹੈ। ਜੋ ਕਿਤਾਬ ਮੈਨੂੰ ਚੰਗੇ ਪੱਧਰਾਂ ਦੀ ਲਿਖੀ ਮਿਲਦੀ ਹੈ, ਮੈਂ ਛਾਪਣ ਲਈ ਰਾਜ਼ੀ ਹੋ ਜਾਂਦਾ ਹਾਂ। ਬਾਕੀ ਰਹੀ ਗੱਲ ਨਾਮਧਾਰੀਆਂ ਦੀ, ਉਨ੍ਹਾਂ ਨੇ ਗੁਰੂ ਜੀ ਦੇ ਕੀਰਤਨ ਦੀ ਬੜੀ ਸੰਭਾਲ ਕੀਤੀ ਏ। ਉਨ੍ਹਾਂ ਤੋਂ ਵੱਧ ਇਸ ਸਮੇਂ ਕਿਸੇ ਨਹੀਂ ਕੀਤੀ । ਉਨ੍ਹਾਂ ਦਾ ਤਾਂ ਸਾਰੇ ਸਿੱਖ ਪੰਥ ਨੂੰ ਰਿਣੀ ਹੋਣਾ ਚਾਹੀਦਾ ਹੈ।"

ਉਹ ਭੱਦਰ ਪੁਰਸ਼ ਫਿਰ ਚੁੱਪ ਕਰ ਗਏ। ਪਰ ਪੰਜ ਮਿੰਟਾਂ ਬਾਅਦ ਫਿਰ ਬੋਲੇ, "ਤੁਸਾਂ ਅੰਮ੍ਰਿਤਾ ਪ੍ਰੀਤਮ ਦੀਆਂ ਕਿਤਾਬਾਂ ਵੀ ਛਾਪੀਆਂ । ਉਸ ਨੇ ਕੇਸ ਕਟਾ ਲਏ, ਸਿਗਰਟ ਸ਼ਰਾਬ ਪੀਣ ਲੱਗ ਪਈ। ਨਾਮ ਨਾਲ ਪ੍ਰੀਤਮ ਲਿਖੀ ਫਿਰਦੀ ਏ, ਪਰ ਵਸਦੀ ਹੋਰਾਂ ਨਾਲ ਹੈ। ਐਸੀ ਔਰਤ ਦੀਆਂ ਕਿਤਾਬਾਂ ਕਿਵੇਂ ਛਾਪਦੇ ਹੋ?" ਭਾਪਾ ਜੀ ਐਤਕੀਂ ਮੁਸਕਰਾਏ ਨਹੀਂ ਪਰ ਮੱਥੇ ਵੱਟ ਵੀ ਨਹੀਂ ਪਾਇਆ ਤੇ ਕਹਿਣ ਲੱਗੇ, "ਵੀਰ ਜੀ! ਤੁਸਾਂ ਦੁੱਗਲ ਸਾਹਿਬ ਦੀ ਵੀ ਨਿੰਦਿਆ ਕੀਤੀ, ਨਾਮਧਾਰੀਆਂ ਦੀ ਵੀ ਨਿੰਦਿਆ ਕੀਤੀ, ਹੁਣ ਅੰਮ੍ਰਿਤਾ ਪ੍ਰੀਤਮ ਦੀ ਵੀ ਨਿੰਦਿਆ ਹੀ ਕੀਤੀ ਹੈ। ਇਨ੍ਹਾਂ ਤਿੰਨਾਂ ਵਿੱਚ ਕੋਈ ਗੁਣ ਵੀ ਤਾਂ ਹੋਣਗੇ । ਸਾਨੂੰ ਉਨ੍ਹਾਂ ਗੁਣਾਂ ਵਿੱਚੋਂ ਤਾਂ ਕੁਝ ਪ੍ਰਾਪਤ ਹੋ ਸਕਦਾ ਹੈ। ਨਿੰਦਿਆ ਵਿੱਚੋਂ ਕੁਝ ਨਹੀਂ ਲੱਭਣਾ । ਨਾਲੇ ਮੈਂ ਤਾਂ ਰਚਨਾ ਦਾ ਮੁੱਲ ਪਾਉਣਾ ਹੈ, ਬੰਦੇ ਦਾ ਨਹੀਂ । ਮੈਂ ਪੁਸਤਕ ਛਾਪਦਾ ਹਾਂ, ਬੰਦੇ ਨਹੀਂ ਛਾਪਦਾ।" ਫਿਰ ਹੱਸ ਕੇ ਬੋਲੇ, ਤੁਸੀਂ ਬੜੇ ਚੰਗੇ ਇਨਸਾਨ ਹੋ, ਮੈਨੂੰ ਪਿਆਰੇ ਲੱਗਦੇ ਹੋ, ਲਿਖਤ ਤੁਹਾਡੀ ਅਜੇ ਹੋਰ ਮਿਹਨਤ ਮੰਗਦੀ ਹੈ, ਸੋ ਮੈਂ ਤੁਹਾਨੂੰ ਅਰਜ਼ ਕਰ ਦਿੱਤੀ ਏ।"

ਮੈਂ ਭਾਪਾ ਜੀ ਦੇ ਜਦ ਵੀ ਦਰਸ਼ਨ ਕੀਤੇ ਕੁਝ ਨਾ ਕੁਝ ਸਿੱਖਿਆ ਹੀ। ਉਸ ਦਿਨ ਵੀ ਸਿੱਖਿਆ। ਸਾਨੂੰ ਨਿੰਦਿਆ 'ਚੋਂ ਕੁਝ ਨਹੀਂ ਲੱਭਣਾ, ਹੋਰਾਂ ਦੇ ਗੁਣ ਵਿਹਾਜੇ ਜਾਣ ਤਾਂ ਹੀ ਕੁਝ ਲੱਭ ਸਕਦਾ ਹੈ।" (1974)

## ਸਾਹਿਬੇ-ਕਮਾਲ ਦਾ ਧਿਆਨ

ਸੰਤ ਇਕਬਾਲ ਸਿੰਘ ਜੀ ਬੜੇ ਮਸਤ ਮਲੰਗ ਕਿਸਮ ਦੇ ਸੰਤ ਸਨ। ਨੇਤਰ ਉਨ੍ਹਾਂ ਦੇ ਹਰ ਵੇਲੇ ਨਾਮ ਦੀ ਖ਼ੁਮਾਰੀ ਨਾਲ ਮਖ਼ਮੂਰ ਰਹਿੰਦੇ ਸਨ। ਇਕ ਦਿਨ ਮੈਂ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਿਹੜੇ ਨਾਮ ਦਾ ਜਾਪ ਕਰਦੇ ਹੋ ? ਮੁਸਕਰਾ ਕੇ ਕਹਿਣ ਲੱਗੇ, "ਅਸੀਂ ਉਸ ਨਾਮ ਦਾ ਜਾਪ ਕਰਦੇ ਹਾਂ ਜੋ ਸਾਨੂੰ ਦਸਮ ਪਾਤਸ਼ਾਹ ਤੋਂ ਪ੍ਰਾਪਤ ਹੋਇਆ ਹੈ। ਮੈਂ ਹੈਰਾਨ ਹੋਇਆ, ਦਸਵੇਂ ਪਾਤਸ਼ਾਹ ਤੋਂ ਨਾਮ ਕਿਵੇਂ ਪ੍ਰਾਪਤ ਹੋਇਆ । ਮੈਂ ਪੁੱਛਿਆ, "ਸੁਪਨੇ ਵਿੱਚ ?"



ਹੱਸ ਪਏ ਤੇ ਕਹਿਣ ਲੱਗੇ, "ਸੁਪਨੇ ਵਿੱਚ ਨਹੀਂ, ਸੀਨਾ-ਬਸੀਨਾ ਚਲਦਿਆਂ ! ਦਸਮ ਪਾਤਸ਼ਾਹ ਕੋਲੋਂ ਨਾਮ ਦੀ ਦਾਤ ਬਾਬਾ ਕਲਾਧਾਰੀ ਸਾਹਿਬ ਨੇ ਪ੍ਰਾਪਤ ਕੀਤੀ ਤੇ ਫਿਰ ਅਧਿਕਾਰੀ ਜਗਿਆਸੂ ਨੂੰ ਤੋਰੀ । ਅੱਗੋਂ ਉਨ੍ਹਾਂ ਦੇ ਪ੍ਰੇਮੀਆਂ ਵਿੱਚੋਂ ਜੋ ਸਰਬੋਤਮ ਸਨ ਉਨ੍ਹਾਂ ਅਗਲੀ ਪੀੜ੍ਹੀ ਨੂੰ ਤੋਰੀ । ਸਾਡੇ ਭਾਗੀਂ ਪੰਜ ਪੀੜ੍ਹੀਆਂ ਤੋਂ ਮਗਰੋਂ ਆਈ ਹੈ। ਅਸੀਂ ਦਸਵੇਂ ਪਾਤਸ਼ਾਹ ਦੇ ਧਿਆਨ ਵਿੱਚ ਲੀਨ ਹੋ ਕੇ ਉਨ੍ਹਾਂ ਦੇ ਬਖ਼ਸ਼ੇ ਉਸੇ ਨਾਮ ਦਾ ਜਾਪ ਕਰਦੇ ਰਹਿੰਦੇ ਹਾਂ ।"

ਮੇਰੇ ਮਨ ਦਾ ਸੰਸਾ ਬੋਲ ਪਿਆ, "ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਾਂ ਕਈ ਵੱਖ-ਵੱਖ ਤਸਵੀਰਾਂ ਬਣ ਗਈਆਂ ਹਨ; ਤੁਸੀਂ ਕਿਹੜੀ ਨੂੰ ਧਿਆਨ ਵਿੱਚ ਧਰਦੇ ਹੋ? ਉਹ ਹੱਸ ਪਏ ਤੇ ਕਹਿਣ ਲੱਗੇ, "ਧਿਆਨ ਤਸਵੀਰ ਦਾ ਨਹੀਂ ਮੈਂ ਸੱਚੇ ਪਾਤਸ਼ਾਹ ਦਾ ਲਗਾਉਂਦਾ ਹਾਂ।" ਮੈਂ ਹੋਰ ਵੀ ਹੈਰਾਨ ਹੋਇਆ, "ਮੈਂ ਖ਼ਿਮਾ ਚਾਹੁੰਦਾ ਹਾਂ, ਪਰ ਤਸਵੀਰ ਤੋਂ ਬਿਨਾਂ ਕਾਸ ਦਾ ਧਿਆਨ ਕਰਦੇ ਹੋ?" ਐਤਕੀਂ ਮੇਰੇ ਸਵਾਲ ਪਰ ਹੱਸੇ ਨਹੀਂ, ਸਗੋਂ ਗੰਭੀਰ ਹੋ ਕੇ ਕਹਿਣ ਲੱਗੇ, "ਮੈਂ ਉਸ ਗੁਰੂ ਗੋਬਿੰਦ ਸਿੰਘ ਦਾ ਧਿਆਨ ਧਰਦਾ ਹਾਂ ਜਿਸ ਨੇ ਚਮਕੌਰ ਦੇ ਯੁੱਧ ਵਿੱਚ ਆਪਣੇ ਹੱਥੀਂ ਆਪਣੇ ਬੇਟੇ ਸ਼ਹੀਦ ਕਰਵਾਏ । ਉਹ ਕੋਈ ਤਸਵੀਰ ਨਹੀਂ, ਕੋਈ ਸਰੀਰ ਵੀਂ ਨਹੀਂ, ਉਹ ਗੁਰੂ ਤਾਂ ਸਰਬੋਤਮ ਆਤਮਾ ਹੈ। ਮੈਂ 'ਸਰਬੋਤਮ ਆਤਮਾ ਸੀ ਨਹੀਂ ਕਿਹਾ, 'ਸਰਬੋਤਮ ਆਤਮਾ ਹੈ' । ਗੁਰੂ ਸਰੀਰ ਨਹੀਂ ਆਤਮਾ ਹੁੰਦਾ ਹੈ। ਸਰੀਰ ਨਿੱਬੜ ਜਾਂਦਾ ਹੈ ਪਰ '...**ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥?**'

ਉਹੀ ਆਤਮਾ ਮੈਨੂੰ ਮਾਛੀਵਾੜੇ ਜੰਗਲ ਵਿੱਚ ਸਾਥੀਆਂ ਤੋਂ ਬਿਨਾਂ ਤੁਰੀ ਜਾਂਦੀ ਦਿੱਸਦੀ ਹੈ। ਕੱਪੜੇ ਪਾਟ ਗਏ ਹਨ, ਸਰੀਰ ਲੰਗਾਰਿਆ ਗਿਆ ਹੈ, ਜੁੱਤੀ ਟੁੱਟ ਗਈ ਹੈ, ਪੈਰ ਵਲੂੰਧਰੇ ਗਏ ਹਨ, ਢੀਮ ਦਾ ਸਿਰਹਾਣਾ ਕਰ ਕੇ ਰੜੇ ਹੀ ਲੇਟ ਗਏ ਹਨ ਪਰ ਆਤਮਾ ਕਹਿ ਰਹੀ ਹੈ, 'ਯਾਰੜੇ ਦਾ ਸਾਨੂੰ ਸੱਥਰ ਚੰਗਾ' । ਫਿਰ ਜਦ ਛੋਟੇ ਸਾਹਿਬਜ਼ਾਦਿਆਂ ਦੀ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਖ਼ਬਰ ਸੁਣਦੇ ਹਨ ਤਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ। ਜਿਹੜੀ ਆਤਮਾ ਆਪਣੇ ਪਿਤਾ ਨੂੰ ਆਪ ਸ਼ਹਾਦਤ ਲਈ ਤੋਰਦੀ ਹੈ, ਚਾਰੇ ਲਾਲ ਤੇ ਆਪਣੀ ਪੂਜਨੀਯ ਮਾਤਾ ਦੀ ਸ਼ਹਾਦਤ ਨੂੰ ਵੀ ਮਾਲਕ ਦੀ ਮਿਹਰ ਮੰਨਦੀ ਹੈ, ਅਸੀਂ ਉਸ ਪਰਮ ਆਤਮਾ ਦੇ ਪਰਮ ਉਪਕਾਰ ਦਾ ਧਿਆਨ ਧਰਦੇ ਹਾਂ, ਕਿਸੇ ਤਸਵੀਰ ਦਾ ਨਹੀਂ । ਤਸਵੀਰ ਦਾ ਧਿਆਨ ਤਾਂ ਬੁੱਤ-ਪੂਜਾ ਦੇ ਤੁੱਲ ਹੈ। ਜਦ ਦਸਮ ਪਾਤਸ਼ਾਹ ਦੇ ਸਰਬੰਸ ਦਾਨ ਦਾ ਧਿਆਨ ਕਰਦੇ ਹਾਂ ਤਾਂ ਨੇਤਰ ਆਪ ਮੁਹਾਰੇ ਸੇਜਲ ਹੋ ਜਾਂਦੇ ਹਨ। ਆਤਮਾ ਆਪਮੁਹਾਰੇ ਦ੍ਰਵ ਜਾਂਦੀ ਹੈ; ਫਿਰ ਜਦ ਉਨ੍ਹਾਂ ਦੇ ਬਖ਼ਸ਼ੇ ਹੋਏ

ਨਾਮ ਦਾ ਜਾਪ ਕਰਦੇ ਹਾਂ ਤਾਂ ਦਾਤਾ ਆਪ ਸਾਡੀ ਆਤਮਾ ਨੂੰ ਆਪਣੇ ਅਲਿੰਗਨ (ਗਲਵੱਕੜੀ) ਵਿੱਚ ਲੈ ਲੈਂਦਾ ਹੈ। ਇਸ ਮਿਲਣੀ ਨੂੰ ਤਿਆਗਣ ਦਾ ਚਿੱਤ ਨਹੀਂ ਕਰਦਾ, ਪਰ ਹੁਕਮ ਹੁੰਦਾ ਹੈ, 'ਜਾਓ ਆਪਣੇ ਸੰਸਾਰਕ ਫ਼ਰਜ਼ ਵੀ ਨਿਭਾਓ' ।"

ਮੈਂ ਪੁੱਛ ਬੈਠਾ, "ਵਸਲ ਮਗਰੋਂ ਇਹ ਫ਼ਰਾਕ ਕੈਸਾ ਲੱਗਦਾ ਹੈ ?" ਕਹਿਣ ਲੱਗੇ, "ਫ਼ਰਾਕ ਤਾਂ ਵਾਪਰਦਾ ਹੀ ਨਹੀਂ । ਕੇਵਲ ਸਰੀਰ ਨੂੰ ਸੰਸਾਰਕ ਕੰਮ ਕਰਨ ਦਾ ਆਦੇਸ਼ ਹੁੰਦਾ ਹੈ। ਆਤਮਾ ਹਰ ਵੇਲੇ ਉਨ੍ਹਾਂ ਦੇ ਆਤਮਿਕ ਅਲਿੰਗਨ ਵਿੱਚ ਹੀ ਰਹਿੰਦੀ ਏ ।"

ਮੈਂ ਸੰਤਾਂ ਦੇ ਚਰਨਾਂ 'ਤੇ ਮੱਥਾ ਟੇਕਿਆ । ਉਨ੍ਹਾਂ ਮੇਰੀ ਪਿੱਠ 'ਤੇ ਹੱਥ ਫੇਰਿਆ ਤਾਂ ਮੇਰੀ ਆਤਮਾ ਝਰਨਾ ਗਈ । (1975)

## ਫਿਰ ਵੀ ਖ਼ੁਸ਼ ਨਾ ਹੋਵਾਂ ?

ਡਾ: ਮੈਡ੍ਰਿਡ ਬੱਸ ਇਕ ਸੁਇਸ ਮਨੋਚਿਕਿਤਸਕ ਸਨ । ਉਹ ਹਿੰਦੁਸਤਾਨ ਆਏ ਇਕ ਖੋਜ ਕਰਨ ਕਿ ਗ਼ਰੀਬੀ ਦਾ ਮਾਨਸਿਕ ਸਿਹਤ 'ਤੇ ਕੀ ਅਸਰ ਹੁੰਦਾ ਹੈ।

ਮੈਂ ਉਦੋਂ ਦਿੱਲੀ ਵਿੱਚ ਸਾਂ। ਮੈਨੂੰ ਮੇਰੇ ਹਸਪਤਾਲ ਆ ਮਿਲੇ। ਕਹਿਣ ਲੱਗੇ, "ਮੈਂ ਇੱਕ ਵਿਗਿਆਨਕ ਖੋਜ ਦਾ ਪ੍ਰਾਜੈਕਟ ਲੈ ਕੇ ਆਇਆ ਹਾਂ।" ਤਦ ਉਨ੍ਹਾਂ ਉਸ ਦਾ ਮਨੋਰਥ ਦੱਸਿਆ ਅਤੇ ਇਹ ਵੀ ਕਿ ਕਿਸ ਵਿਗਿਆਨਕ ਵਿਉਂਤ ਨਾਲ ਉਹ ਰੀਸਰਚ ਕਰਨਾ ਚਾਹੁੰਦੇ ਹਨ । ਫਿਰ ਮੈਨੂੰ ਕਹਿਣ ਲੱਗੇ ਕੱਲ੍ਹ ਮੈਂ ਇਹ ਖੋਜ ਆਰੰਭ ਕਰਨੀ ਚਾਹੁੰਦਾ ਹਾਂ। ਜੇਕਰ ਕੱਲ੍ਹ ਸਵੇਰੇ ਤੁਸੀਂ ਮੈਨੂੰ ਆਪਣੇ ਕਿਸੇ ਬੰਦੇ ਨਾਲ ਕਿਸੇ ਮਾੜੀ ਬਸਤੀ ਜਾਂ ਚੰਗੜ-ਮੁਹੱਲੇ ਵਿੱਚ ਭਿਜਵਾ ਸਕੋ ਤੇ ਇਕ ਦੁਭਾਸ਼ੀਏ ਦਾ ਵੀ ਬੰਦੋਬਸਤ ਕਰਵਾ ਦਿਉ ਤਾਂ ਧੰਨਵਾਦੀ ਹੋਵਾਂਗਾ। ਮੈਂ ਇਹ ਇੰਤਜ਼ਾਮ ਕਰਵਾ ਦੇਣ ਦਾ ਆਸ਼ਵਾਸਨ ਦਿੱਤਾ । ਉਹ ਧੰਨਵਾਦ ਕਰ ਕੇ ਚਲੇ ਗਏ ।

ਅਗਲੇ ਦਿਨ ਕੋਈ ਦਸ ਸਾਢੇ ਦਸ ਵਜੇ ਦੇ ਕਰੀਬ ਉਹ ਮੇਰੇ ਦਿੱਤੇ ਬੰਦੇ ਨਾਲ ਇਕ ਮਾੜੀ ਜਿਹੀ ਬਸਤੀ ਵਿੱਚ ਜਾ ਪਹੁੰਚੇ । ਪਰ ਬਸਤੀ ਦੇ ਲੋਕੀਂ ਕੰਮਾਂ 'ਤੇ ਜਾ ਚੁੱਕੇ ਸਨ । ਸੋ ਬਸਤੀ ਖ਼ਾਲੀ-ਖ਼ਾਲੀ ਲਗਦੀ ਸੀ। ਕੁਝ ਬੁੱਢੇ ਮੰਜੀਆਂ 'ਤੇ ਬੈਠੇ ਧੁੱਪ ਸੇਕ ਰਹੇ ਸਨ ਤੇ ਕੁਝ ਬੱਚੇ ਗੁੱਲੀ-ਡੰਡਾ ਖੇਡ ਰਹੇ ਸਨ। ਉਸ ਨੂੰ ਦੱਸਿਆ ਗਿਆ ਕਿ ਇਸ ਬਸਤੀ ਦੇ ਬਹੁਤੇ ਲੋਕੀਂ ਕੰਮਾਂ 'ਤੇ ਗਏ ਹੋਏ ਹਨ, ਤਕਾਲਾਂ ਮਗਰੋਂ ਹੀ ਪਰਤਣਗੇ। ਸੋ ਉਸ ਨੇ ਉੱਥੇ ਹਨੇਰਾ ਪਏ ਮੁੜ ਪਰਤਣ ਦਾ ਇਰਾਦਾ ਬਣਾ ਲਿਆ ।



ਚੱਲਣ ਤੋਂ ਪਹਿਲਾਂ ਉਹ ਇਕ ਝੁੱਗੀ ਅੱਗੇ ਖਲੋ ਗਏ ਤੇ ਧੁੱਪੇ ਬੈਠੀ ਇਕ ਬੁੱਢੀ ਨੂੰ ਪੁੱਛਿਆ, "ਇਹ ਜੋ ਸਾਹਮਣੇ ਝੁੱਗੀ ਹੈ, ਤੇਰੀ ਹੈ ?" ਉਸ ਨੇ ਕਿਹਾ, "ਮੇਰੀ ਤਾਂ ਨਹੀਂ । ਕਿਉਂ ਕੀ ਗੱਲ ਹੈ?" "ਮੈਂ ਇਸ ਦੇ ਜੀਆਂ ਨੂੰ ਮਿਲਣਾ ਚਾਹਾਂਗਾ । ਕੀ ਸ਼ਾਮ ਨੂੰ ਸਭ ਆ ਜਾਣਗੇ ?" ਉਸ ਨੇ ਪੁੱਛਿਆ। ਬੁੱਢੀ ਨੇ "ਹਾਂ" ਵਿੱਚ ਉੱਤਰ ਦਿੱਤਾ। "ਇਸ ਵਿੱਚ ਕਿਤਨੇ ਜਣੇ ਰਹਿੰਦੇ ਹਨ?" ਉਸ ਨੇ ਬੁੱਢੀ ਨੂੰ ਪੁੱਛਿਆ। "ਸੱਤ ਜਾਂ ਅੱਠ-ਮੈਨੂੰ ਠੀਕ ਪਤਾ ਨਹੀਂ।"

ਡਾ: ਬਾਸ ਨੇ ਸੋਚਿਆ, ਇਹ ਝੁੱਗੀ ਤਾਂ ਮੇਰੇ ਗੁਸਲਖ਼ਾਨੇ ਤੋਂ ਵੀ ਛੋਟੀ ਹੈ। ਇਸ ਵਿੱਚ ਅੱਠ ਬੰਦੇ ਰਹਿੰਦੇ ਹਨ। ਇਹ ਤਾਂ ਜ਼ਿੰਦਗੀ ਨਾਲ ਬਹੁਤ ਨਾਰਾਜ਼ ਹੋਣਗੇ ।

ਰਾਤ ਪਈ ਤਾਂ ਉਹ ਮੁੜ ਉੱਥੇ ਚਲਾ ਆਇਆ । ਜੋ ਉਸ ਨੇ ਵੇਖਿਆ, ਉਸ ਨੇ ਮੈਨੂੰ ਅਗਲੇ ਦਿਨ ਦੱਸਿਆ। ਕਹਿਣ ਲੱਗਾ,"ਮੈਂ ਉੱਥੇ ਵੇਖਿਆ, ਝੁੱਗੀ ਦੇ ਵਿਚਕਾਰ ਇਕ ਬੁੱਢੀ ਔਰਤ ਬੈਠੀ ਸੀ—ਤੇ ਤਿੰਨ ਬੱਚੇ ਉਸ ਦੇ ਪਾਸ ਸਨ । ਇਕ ਸੱਜੇ ਪਾਸੇ, ਇਕ ਉਹਦੇ ਖੱਬੇ ਪਾਸੇ ਤੇ ਇਕ ਗੋਦੀ ਵਿੱਚ। ਉਹ ਉਨ੍ਹਾਂ ਨੂੰ ਗ਼ਾਲਬਨ ਕਹਾਣੀਆਂ ਸੁਣਾ ਰਹੀ ਸੀ। ਬੱਚੇ ਵੀ ਤੇ ਬੁੱਢੀ ਵੀ ਝੱਟ-ਝੱਟ ਬਾਅਦ ਹੱਸ ਪੈਂਦੇ ਸਨ। ਇਕ ਪਾਸੇ ਵੱਲ ਇਕ ਜਵਾਨ ਮੁਟਿਆਰ ਰੋਟੀ ਪਕਾ ਰਹੀ ਸੀ ਤੇ ਦੋ ਨੌਜਵਾਨ ਆਦਮੀ ਉਸ ਦੇ ਅੱਗੇ ਬੈਠੇ ਰੋਟੀ ਖਾ ਰਹੇ ਸਨ। ਤਿੰਨੇ ਗੱਲਾਂ-ਗੱਪਾਂ ਮਾਰ ਰਹੇ ਸਨ ਤੇ ਹੱਸ ਰਹੇ ਸਨ। ਇਕ ਕੋਨੇ ਵਿੱਚ ਇਕ ਬੁੱਢਾ ਆਦਮੀ ਹੁੱਕਾ ਪੀ ਰਿਹਾ ਸੀ ਤੇ ਇਕ ਬੱਚਾ ਉਸਨੂੰ ਚਿਲਮ ਫੜਾ ਰਿਹਾ ਸੀ। ਬੁੱਢੇ ਨੇ ਬੱਚੇ ਦਾ ਹੱਥ ਫੜ ਕੇ ਚੁੰਮ ਲਿਆ ਤੇ ਬੱਚੇ ਨੇ ਮੁਸਕਰਾ ਕੇ ਬੁੱਢੇ ਦੇ ਪੈਰਾਂ ਨੂੰ ਹੱਥ ਲਾਇਆ ।

ਉਸ ਝੁੱਗੀ ਵਿੱਚ ਤਾਂ ਸਾਰੇ ਜੀਅ ਖ਼ੁਸ਼ ਸਨ। ਏਡੇ ਹਸੂੰ-ਹਸੂੰ ਕਰਦੇ ਚਿਹਰੇ ਮੈਂ ਤਾਂ ਆਪਣੇ ਦੇਸ਼ ਦੇ ਸ਼ਹਿਰਾਂ ਵਿੱਚ ਕਿਤੇ ਨਹੀਂ ਵੇਖੇ। ਮੈਨੂੰ ਯਕੀਨ ਹੋ ਗਿਆ ਹੈ ਡਾ. ਨੇਕੀ ਕਿ ਖ਼ੁਸ਼ੀ ਤੇ ਮਾਨਸਿਕ ਸਿਹਤ ਉੱਪਰ ਗ਼ਰੀਬੀ ਦਾ ਕੋਈ ਪ੍ਰਭਾਵ ਨਹੀਂ ਹੁੰਦਾ। ਤੁਸੀਂ ਖ਼ੁਸ਼ ਕਿਸਮਤ ਹੋ ਜੋ ਐਸੇ ਦੇਸ਼ ਵਿੱਚ ਰਹਿੰਦੇ ਹੋ ਜਿੱਥੇ ਗ਼ਰੀਬੀ ਦੇ ਬਾਵਜੂਦ ਲੋਕਾਂ ਦੇ ਮੱਥੇ ਖਿੜੇ ਮਿਲਦੇ ਹਨ।

ਅਗਲੇ ਦਿਨ ਆਪਣੇ ਦੁਭਾਸ਼ੀਏ ਨਾਲ ਕਿਸੇ ਪਾਸੇ ਨਿਕਲ ਗਏ। ਇੱਥੇ ਸੜਕ ਬਣ ਰਹੀ ਸੀ। ਉੱਥੇ ਇਕ ਮਜ਼ਦੂਰ ਹਥੌੜੇ ਨਾਲ ਪੱਥਰ ਤੋੜ ਰਿਹਾ ਸੀ। ਉਨ੍ਹਾਂ ਦੁਭਾਸ਼ੀਏ ਨੂੰ ਕਿਹਾ, "ਇਸ ਨੂੰ ਪੁੱਛੋ ਕਿ ਕੀ ਇਹ ਆਦਮੀ ਆਪਣੀ ਜ਼ਿੰਦਗੀ ਨਾਲ ਖ਼ੁਸ਼ ਹੈ? ਉਸ ਨੇ ਪੁੱਛਿਆ ਤਾਂ ਉੱਤਰ ਮਿਲਿਆ, "ਹਾਂ ਬੜਾ ਖ਼ੁਸ਼ ਹਾਂ।" ਫਿਰ ਪੁੱਛਿਆ, "ਤੈਨੂੰ ਮਿਹਨਤਾਨਾ ਕਿਤਨਾ ਮਿਲਦਾ ਹੈ ? ਕਹਿਣ

ਲੱਗਾ, "ਦੋ ਵੇਲੇ ਦੀ ਰੋਟੀ ਚੱਲ ਜਾਂਦੀ ਹੈ।" ਫਿਰ ਪੁੱਛਿਆ, "ਰਾਤੀਂ ਸੌਂਦੇ ਕਿੱਥੇ ਓ ?" ਕਹਿਣ ਲੱਗਾ, "ਏਥੇ ਹੀ ਸੜਕ ਦੇ ਕਿਨਾਰੇ ਪੈ ਜਾਈਦਾ ਏ। ਕੋਈ ਗੋਲ ਪੱਥਰ ਸਿਰ ਥੱਲੇ ਰੱਖ ਲਈਦਾ ਏ। ਭੁੱਖ ਵੀ ਚੰਗੀ ਲੱਗਦੀ ਏ, ਨੀਂਦ ਵੀ ਚੰਗੀ ਆਉਂਦੀ ਏ, ਕੰਮ ਵੀ ਮਿਲਿਆ ਹੋਇਐ, ਫਿਰ ਵੀ ਖ਼ੁਸ਼ ਨਾ ਹੋਵਾਂ ਤਾਂ ਬੇਵਕੂਫ਼ ਹੋਵਾਂਗਾ ।"

ਮੈਡਰਿਡ ਨੇ ਆਪਣੀ ਰੀਸਰਚ ਤਲਾਂਜ ਦਿੱਤੀ । (1976)

## ਅਰਦਾਸ ਦਾ ਵਿਗਾਸ

ਮੈਂ ਓਦੋਂ ਦਿੱਲੀ ਦੇ ਵੱਡੇ ਹਸਪਤਾਲ ਵਿੱਚ ਡਾਕਟਰ ਸਾਂ। ਬੱਚਿਆਂ ਦੇ ਵਾਰਡ ਵਿੱਚ ਮੇਰੀ ਫੇਰੀ ਸੀ । ਇਕ ਬੱਚਾ ਗੰਗਾ ਰਾਮ ਉੱਥੇ ਦਾਖ਼ਲ ਹੋਇਆ-ਹੋਇਆ ਸੀ ਜਿਸ ਦੇ ਦਿਲ ਵਿੱਚ ਕੁਥਾਵੇਂ ਇਕ ਮੋਰੀ ਸੀ। ਉਸ ਦਾ ਓਪਰੇਸ਼ਨ ਹੋਣਾ ਸੀ। ਉਸ ਦੀ ਮਾਤਾ ਉਸ ਦੇ ਕੋਲ ਬੈਠੀ ਹੋਈ ਸੀ । ਪਹਿਲਾਂ ਉਹ ਉਸ ਦੇ ਕੋਲ ਬੈਠੀ ਰੋਂਦੀ ਰਹਿੰਦੀ ਸੀ। ਦੋ ਦਿਨ ਤੋਂ ਉਹ ਬੱਚੇ ਦਾ ਹੱਥ ਪਕੜ ਕੇ ਤੇ ਅੱਖਾਂ ਮੀਟ ਕੇ ਬੈਠੀ ਰਹਿੰਦੀ ਸੀ। ਡਾਕਟਰ ਨੇ ਸੋਚਿਆ ਉਸ ਨੂੰ ਉਦਾਸੀ ਰੋਗ ਹੋ ਗਿਆ ਹੈ ਤੇ ਉਸਨੂੰ ਵੇਖਣ ਲਈ ਮੈਨੂੰ ਬੁਲਾਇਆ ਗਿਆ ਸੀ।

ਮੈਂ ਆਇਆ ਤੇ ਵੇਖਿਆ ਉਸ ਅੱਖਾਂ ਮੀਟੀਆਂ ਤੇ ਬਿਲਕੁਲ ਅਹਿੱਲ ਬੈਠੀ ਸੀ। ਬੱਚੇ ਦਾ ਹੱਥ ਉਸਨੇ ਆਪਣੇ ਹੱਥ ਵਿੱਚ ਲਿਆ ਹੋਇਆ ਸੀ। ਮੇਰੇ ਉਸ ਕੋਲ ਪਹੁੰਚਣ 'ਤੇ ਵੀ ਉਸ ਅੱਖ ਨਹੀਂ ਖੋਲ੍ਹੀ। ਉਸ ਵਾਰਡ ਦੇ ਡਾਕਟਰ ਨੇ ਮੈਨੂੰ ਉਸ ਬਾਰੇ ਉਸ ਦੇ ਕੋਲ ਖੜ੍ਹਿਆਂ ਹੀ ਉਸ ਦਾ ਹਾਲ ਦੱਸਿਆ ਸੀ, ਪਰ ਉਸ ਨੇ ਅੱਖ ਨਹੀਂ ਖੋਲ੍ਹੀ ।

ਮੈਂ "ਵਾਹਿਗੁਰੂ" ਆਖ ਕੇ ਉਸ ਦੇ ਮੋਢੇ 'ਤੇ ਹੱਥ ਰੱਖਿਆ ਤੇ ਕਿਹਾ, "ਬੱਚੀਏ, ਆਪਣੇ ਬੱਚੇ ਦੀ ਜ਼ਿੰਦਗੀ ਵਾਸਤੇ ਅਰਦਾਸ ਕਰ ਰਹੀ ਏਂ ?" ਉਸ ਨੇ ਅੱਖਾਂ ਖੋਲ੍ਹੀਆਂ ਤੇ ਕਿਹਾ, "ਪਹਿਲੇ ਦਿਨ ਮੈਂ ਏਹੋ ਅਰਦਾਸ ਕੀਤੀ ਸੀ, ਅੱਜ ਨਹੀਂ ।" "ਅੱਜ ਕੀ ਅਰਦਾਸ ਕਰ ਰਹੀ ਏਂ ?" ਪਹਿਲੇ ਦਿਨ ਹੀ ਮੈਨੂੰ ਸਮਝ ਆ ਗਈ ਸੀ ਕਿ ਮੇਰੀ ਅਰਦਾਸ ਖ਼ੁਦਗਰਜ਼ੀ ਨਾਲ ਲਿਬੜੀ ਹੋਈ ਹੈ, ਕਿਉਂਕਿ ਮੈਂ ਵੇਖਿਆ ਮੇਰੇ ਬੱਚੇ ਦੇ ਸੱਜੇ ਵੀ, ਖੱਬੇ ਵੀ ਹੋਰ ਬੱਚੇ ਪਏ ਹੋਏ ਹਨ, ਜਿਨ੍ਹਾਂ ਦਾ ਓਪਰੇਸ਼ਨ ਹੋਣਾ ਸੀ। ਸੋ ਮੇਰੀ ਹਿੰਮਤ ਨਹੀਂ ਪਈ ਕਿ ਮੈਂ ਕੇਵਲ ਆਪਣੇ ਬੱਚੇ ਦੀ ਸਿਹਤਯਾਬੀ ਲਈ ਅਰਦਾਸ ਕਰਾਂ। ਤਦ ਤੋਂ ਮੈਂ ਰੱਬ ਨੂੰ ਇਹ ਕਹਿਣ ਲੱਗੀ, "ਸੱਚੇ ਪਾਤਸ਼ਾਹ, ਏਥੋਂ ਦੇ ਡਾਕਟਰਾਂ ਦੇ ਹੱਥ ਵਿੱਚ ਸਫ਼ਾ ਬਖ਼ਸ਼ੀਂ ਕਿ ਉਹ ਜਿਸ ਬੱਚੇ ਦਾ ਵੀ ਇਲਾਜ ਕਰਨ ਉਹ ਰਾਜ਼ੀ ਹੋ ਜਾਵੇ।"



ਪਰ ਇਸ ਅਰਦਾਸ ਵਿੱਚ ਵੀ ਮੈਨੂੰ ਸਵਾਰਥ ਨਜ਼ਰ ਆਉਣ ਲੱਗਾ। ਕੱਲ੍ਹ ਦੀ ਮੈਂ ਇਹ ਅਰਦਾਸ ਕਰ ਰਹੀ ਹਾਂ, "ਸੱਚੇ ਪਾਤਸ਼ਾਹ, ਸੰਸਾਰ ਦੇ ਸਭ ਡਾਕਟਰਾਂ ਦੇ ਹੱਥ ਵਿੱਚ ਸਫਾ ਬਖ਼ਸ਼ੀਂ ਤਾਂ ਜੁ ਕਿਸੇ ਮਾਂ ਦਾ ਕੋਈ ਵੀ ਰੋਗੀ ਬੱਚਾ ਤੇਰੀ ਰਹਿਮਤ ਤੋਂ ਵਾਂਝਾ ਨਾ ਰਹੇ ।"

ਮੈਂ ਉਸ ਦੇ ਸਿਰ 'ਤੇ ਹੱਥ ਰੱਖਿਆ ਤੇ ਕਿਹਾ, "ਬੱਚੀਏ, ਤੂੰ ਅੱਜ ਮੈਨੂੰ ਵੀ ਸਹੀ ਅਰਦਾਸ ਕਰਨੀ ਸਿਖਾ ਦਿੱਤੀ ਏ ।"

ਉਸ ਦੀਆਂ ਅੱਖਾਂ ਫਿਰ ਤੋਂ ਮੁੰਦ ਗਈਆਂ । (1976)

## ਧਨ ਸੁ ਦੇਸ ਜਹਾਂ ਤੂੰ ਵਸਿਆ

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਪੰਥ ਦੇ ਸੁਪ੍ਰਸਿੱਧ ਰਾਗੀ ਸਨ। ਬੜੇ ਸੁੱਚੇ ਜੀਵਨ ਵਾਲੇ ਸਨ। ਕੀਰਤਨ ਵੀ ਖੁੱਭ ਕੇ ਕਰਦੇ ਸਨ।

ਉਹਨਾਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣ ਦਾ ਸੰਕਲਪ ਬਣਾਇਆ । ਉਸ ਤੋਂ ਕੁਝ ਚਿਰ ਪਹਿਲਾਂ ਹੀ ਉਹ ਦਿਲ ਦਾ ਦੌਰਾ ਹੰਢਾ ਚੁੱਕੇ ਸਨ। ਇਸ ਲਈ ਘਰ ਦੇ ਜੀਅ ਉਹਨਾਂ ਦੇ ਇਸ ਸੰਕਲਪ ਤੋਂ ਚਿੰਤਾਤੁਰ ਸਨ: ਪਰ ਉਹ ਸਿਰੜੀ ਪੱਕੇ ਸਨ, ਆਪਣੇ ਹੱਠ 'ਤੇ ਡੱਟ ਗਏ।

ਸ੍ਰ: ਸ਼ਮਸ਼ੇਰ ਸਿੰਘ ਹੋਰਾਂ ਦਾ ਜੱਥਾ ਸ੍ਰੀ ਹੇਮਕੁੰਟ ਸਾਹਿਬ ਜਾਣਾ ਸੀ; ਆਪ ਉਸ ਜੱਥੇ ਵਿੱਚ ਆਪਣੇ ਸੰਗੀਆਂ ਸਮੇਤ ਸ਼ਾਮਿਲ ਹੋ ਗਏ। ਰਸਤੇ ਵਿੱਚ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਦੇ ਗਏ। ਵਾਹਵਾ ਰੰਗ ਬੰਨ੍ਹਿਆਂ ।

ਗੋਬਿੰਦ ਧਾਮ ਤਕ ਬਿਨਾਂ ਕਿਸੇ ਤਕਲੀਫ਼ ਦੇ ਪਹੁੰਚ ਗਏ। ਅੱਗੇ ਚੜ੍ਹਾਈ ਬੜੀ ਤਿੱਖੀ ਸੀ। ਜੱਥੇ ਨਾਲ ਜੋ ਡਾਕਟਰ ਸਨ, ਉਹਨਾਂ ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਅੱਗੇ ਨਾ ਜਾਣ, ਉਹਨਾਂ ਦਾ ਦਿਲ ਅੱਗੇ ਦੀ ਚੜ੍ਹਾਈ ਝੱਲ ਨਹੀਂ ਪਾਏਗਾ। ਨਾਲੇ ਜਿਉਂ-ਜਿਉਂ ਉੱਪਰ ਜਾਓ ਵਾਯੂਮੰਡਲ ਦੀ ਆਕਸੀਜਨ ਘਟਦੀ ਜਾਂਦੀ ਹੈ ਤੇ ਦਿਲ ਦੇ ਮਰੀਜ਼ਾਂ ਲਈ ਹੋਰ ਵੀ ਤਕਲੀਫ਼ ਦਾ ਕਾਰਣ ਬਣਦੀ ਹੈ। ਪਰ ਭਾਈ ਸਾਹਿਬ ਨਾ ਮੰਨੇ। ਕਹਿਣ ਲੱਗੇ, "ਵੱਧ ਤੋਂ ਵੱਧ ਮੈਂ ਮਰ ਜਾਵਾਂਗਾ ਨਾ। ਜੇ ਗੁਰੂ ਦੇ ਰਾਹ ਵਿੱਚ ਜਾਂਦਿਆਂ ਮਰ ਜਾਵਾਂ ਤਾਂ ਇਸ ਤੋਂ ਉੱਪਰ ਕਿਹੜੀ ਖ਼ੁਸ਼ਕਿਸਮਤੀ ਹੋ ਸਕਦੀ ਹੈ?" ਡਾਕਟਰ ਲੋਕ ਨਿਰੁੱਤਰ ਹੋ ਗਏ।

ਅਗਲੇ ਦਿਨ ਸੰਗਤਾਂ ਨੇ ਸਵੇਰੇ ੫ ਵਜੇ ਗੋਬਿੰਦ ਧਾਮ ਤੋਂ ਸ੍ਰੀ ਹੇਮਕੁੰਟ ਸਾਹਿਬ ਵਾਸਤੇ ਚਾਲੇ ਪਾਉਣੇ ਸਨ। ਭਾਈ ਸਾਹਿਬ ਚਾਰ ਵਜੇ ਹੀ ਤਿਆਰ ਹੋ ਗਏ ਤੇ ਆਪਣੇ ਕੀਰਤਨੀ ਜੱਥੇ ਦੇ ਦੂਜੇ ਦੋਨਾਂ ਜੀਆਂ ਨੂੰ ਵੀ ਤਿਆਰ ਕਰਵਾ

ਲਿਆ ਤੇ ਉਨ੍ਹਾਂ ਸਮੇਤ ਚਾਰ ਵਜੇ ਨਿਕਲ ਪਏ, ਮਤੇ ਸੰਗਤਾਂ ਜਾਂ ਡਾਕਟਰ ਮੁੜ ਉਨ੍ਹਾਂ ਨੂੰ ਰੋਕਣ ਦਾ ਯਤਨ ਕਰਨ ।

ਨਾਲੇ ਤੁਰੀ ਗਏ, ਨਾਲੇ ਸਿਮਰਨ ਕਰਦੇ ਗਏ। ਆਖ਼ਰ ਸੰਗਤਾਂ ਦੇ ਪਹੁੰਚਣ ਤੋਂ ਪਹਿਲਾਂ ਸ੍ਰੀ ਹੇਮਕੁੰਟ ਸਾਹਿਬ ਅੱਪੜ ਗਏ। ਸਾਥੀਆਂ ਨੇ ਵੇਖਿਆ, ਆਪ ਦਾ ਰੰਗ ਨੀਲਾ ਪੈ ਗਿਆ ਹੈ। ਉਹਨਾਂ ਭਾਈ ਸਾਹਿਬ ਨੂੰ ਲਿਟਾਇਆ ਤੇ ਹੱਥ ਪੈਰ ਝੱਸੇ। ਪੰਜਾਂ ਕੁ ਮਿੰਟਾਂ ਬਾਅਦ ਭਾਈ ਸਾਹਿਬ ਸਾਵਧਾਨ ਹੋ ਕੇ ਉੱਠ ਖਲੋਤੇ । ਕੱਪੜੇ ਉਤਾਰੇ ਤੇ ਸਰੋਵਰ ਵਿੱਚ ਇਸ਼ਨਾਨ ਕੀਤਾ । ਫਿਰ ਤਾਜ਼ਾ ਕੱਪੜੇ ਪਹਿਨੇ ਤੇ ਸੰਗੀਆਂ ਨੂੰ ਕਿਹਾ ਚਲੋ ਗੁਰਦੁਆਰਾ ਸਾਹਿਬ ਪਹੁੰਚੀਏ ਤੇ ਕੀਰਤਨ ਆਰੰਭ ਕਰੀਏ ।

ਝਬਦੇ ਹੀ ਗੁਰਦੁਆਰਾ ਸਾਹਿਬ ਪਹੁੰਚ ਗਏ । ਮੱਥਾ ਟੇਕਿਆ ਤੇ ਗੁਰੂ ਜੀ ਦੀ ਹਜ਼ੂਰੀ ਵਿੱਚ ਚਉਕੜੀ ਮਾਰ ਕੇ ਬੈਠ ਗਏ। ਸ਼ਬਦ ਲਾਇਆ:

**'ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥'**

(ਅੰ: ੯੬)

ਇਤਨਾ ਭਿੱਜ ਕੇ ਕੀਰਤਨ ਕੀਤਾ ਕਿ ਨਾਲੇ ਨਾਲ ਗਈ ਜਾਣ ਤੇ ਨਾਲੇ ਨਾਲ ਰੋਈ ਜਾਣ ।

ਜਦ ਸੰਗਤਾਂ ਪਹੁੰਚੀਆਂ ਤਾਂ ਉਹ ਵੇਖ ਕੇ ਹੈਰਾਨ ਹੋ ਗਈਆਂ ਕਿ ਭਾਈ ਸਾਹਿਬ ਉਹਨਾਂ ਤੋਂ ਪਹਿਲਾਂ ਪਹੁੰਚ ਵੀ ਗਏ ਸਨ ਤੇ ਕੀਰਤਨ ਵੀ ਕਰ ਰਹੇ ਸਨ । ਭਾਈ ਸਾਹਿਬ ਦੇ ਨੈਣਾਂ 'ਚੋਂ ਝਰਨੇ ਫੁੱਟਦੇ ਵੇਖ, ਸੰਗਤਾਂ ਦੇ ਨੇਤਰ ਵੀ ਸੇਜਲ ਹੋ ਗਏ।

ਸ੍ਰੀ ਹੇਮਕੁੰਟ ਸਾਹਿਬ ਦੀ ਇਹੋ-ਜਿਹੀ ਯਾਤਰਾ ਕਦੇ ਨਹੀਂ ਹੋਈ ਹੋਣੀ ।

(1976)

## ਦੋਸਤੀ ਨੂੰ ਬੱਜ ਲੱਗ ਜਾਣੀ ਸੀ

ਡਾ: ਹਰਿਭਜਨ ਸਿੰਘ ਹੋਰਾਂ ਨਾਲ ਮੇਰੀ ਬੜੀ ਗੂੜ੍ਹੀ ਮਿੱਤਰਤਾ ਸੀ। ਅਸੀਂ ਦੋਵੇਂ ਇਕ-ਦੂਜੇ ਦੀ ਦਿਲੋਂ ਇੱਜ਼ਤ ਵੀ ਕਰਦੇ ਸਾਂ, ਪਿਆਰ ਵੀ। ਜਦੋਂ ਮੈਂ ਦਿੱਲੀ ਹੁੰਦਾ ਤਾਂ ਉਨ੍ਹਾਂ ਨਾਲ ਹਫ਼ਤੇ ਮਗਰੋਂ ਜ਼ਰੂਰ ਮੁਲਾਕਾਤ ਹੋ ਜਾਂਦੀ । ਉਨ੍ਹਾਂ ਕੋਲੋਂ ਉਨ੍ਹਾਂ ਦੇ ਗੀਤ ਸੁਣਨੇ ਮੈਨੂੰ ਬਹੁਤ ਚੰਗੇ ਲਗਦੇ।

ਉਸ ਤੋਂ ਪਹਿਲਾਂ ਵੀ ਜਦ ਮੈਂ ਅੰਮ੍ਰਿਤਸਰ ਵਿੱਚ ਸਾਂ ਤਾਂ ਇਹ ਜਦ ਗਰਮੀ ਦੀਆਂ ਛੁੱਟੀਆਂ ਵਿੱਚ ਦਿੱਲੀ ਤੋਂ ਆਉਂਦੇ ਤਾਂ ਮੈਨੂੰ ਮੇਰੇ ਹਸਪਤਾਲ ਹੀ ਮਿਲਣ ਆ ਜਾਂਦੇ ਤੇ ਘੰਟਿਆਂ-ਬੱਧੀ ਮੈਨੂੰ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ



ਨੂੰ ਵੇਖਦੇ ਤੇ ਸੁਣਦੇ ਰਹਿੰਦੇ ।

ਜਦ ਮੈਂ ਦਿੱਲੀ ਤੋਂ ਪੀ.ਜੀ.ਆਈ. ਦਾ ਡਾਇਰੈਕਟਰ ਹੋ ਕੇ ਚੰਡੀਗੜ੍ਹ ਆ ਗਿਆ, ਤਾਂ ਸਾਡਾ ਜ਼ਾਤੀ ਸੰਪਰਕ ਘਟ ਗਿਆ । ਪਰ ਇਕ ਦਿਨ ਇਕ ਆਦਮੀ ਮੇਰੇ ਪਾਸ ਉਨ੍ਹਾਂ ਦਾ ਇਕ ਰੁੱਕਾ ਲੈ ਕੇ ਆ ਗਿਆ। ਮੈਨੂੰ, ਉਨ੍ਹਾਂ ਦਾ ਰੁੱਕਾ ਵੇਖ ਕੇ, ਚਾਅ ਜਿਹਾ ਚੜ੍ਹ ਗਿਆ।

ਉਸ ਰੁੱਕੇ ਵਿੱਚ ਸਾਹਿਬ ਸਲਾਮ ਤੋਂ ਬਾਅਦ ਲਿਖਿਆ ਸੀ, "ਨੇਕੀ, ਇਹ ਸਾਹਿਬ ਜੋ ਇਹ ਰੁੱਕਾ ਤੇਰੇ ਪਾਸ ਲਿਆ ਰਹੇ ਹਨ, ਮੇਰੇ ਚੰਗੇ ਜਾਣੂ ਹਨ । ਇਨ੍ਹਾਂ ਨੂੰ ਤੁਹਾਡੇ ਗੋਚਰੇ ਕੋਈ ਕੰਮ ਹੈ। ਇਨ੍ਹਾਂ ਦੀ ਮਦਦ ਕਰਨੀ।"

ਮੈਂ ਉਨ੍ਹਾਂ ਨੂੰ ਪੁੱਛਿਆ, "ਦੱਸੋ ਕੀ ਕੰਮ ਹੈ? ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ ?" ਕਹਿਣ ਲੱਗੇ, "ਮੇਰਾ ਲੜਕਾ ਡਾਕਟਰੀ ਵਿੱਚ ਪੜ੍ਹਦਾ ਹੈ; ਉਸ ਨੇ ਇਮਤਿਹਾਨ ਦਿੱਤਾ ਹੈ ਅਤੇ ਪਰਚੇ ਤੁਹਾਡੇ ਹੇਠ ਕੰਮ ਕਰਦੇ ਕਿਸੇ ਡਾਕਟਰ ਕੋਲ ਆਏ ਹਨ। ਤੁਸੀਂ ਉਸਨੂੰ ਕਹਿਣਾ ਕਿ ਉਸਨੂੰ ਪਾਸ ਕਰ ਦੇਵੇ ।"

ਮੈਂ ਉਨ੍ਹਾਂ ਨੂੰ ਪੁੱਛਿਆ, "ਤੁਸਾਂ ਡਾਕਟਰ ਹਰਿਭਜਨ ਸਿੰਘ ਹੋਰਾਂ ਨੂੰ ਦੱਸਿਆ ਸੀ ਕਿ ਕਿਸ ਕੰਮ ਲਈ ਮੇਰੀ ਮਦਦ ਲੈਣਾ ਚਾਹੁੰਦੇ ਹੋ ?" ਕਹਿਣ ਲੱਗੇ, "ਉਸ ਦੀ ਤਾਂ ਨੌਬਤ ਹੀ ਨਹੀਂ ਆਈ ਜੀ । ਮੈਂ ਜਦ ਉਨ੍ਹਾਂ ਨੂੰ ਦੱਸਿਆ ਕਿ ਮੈਨੂੰ ਤੁਹਾਡੇ ਗੋਚਰੇ ਕੰਮ ਹੈ ਤਾਂ ਉਨ੍ਹਾਂ ਕਿਹਾ, "ਨੇਕੀ ਨੂੰ ਤੇ ਮੈਂ ਕਹਿ ਸਕਦਾ ਹਾਂ-ਉਹ ਵੀ ਮਾਣ ਨਾਲ—ਤੇ ਇਹ ਰੁੱਕਾ ਤੁਰੰਤ ਲਿਖ ਕੇ ਮੈਨੂੰ ਦੇ ਦਿੱਤਾ, ਜੋ ਮੈਂ ਖ਼ੁਸ਼ੀ-ਖ਼ੁਸ਼ੀ ਤੁਹਾਡੇ ਪਾਸ ਲੈ ਆਇਆ ਹਾਂ।"

ਮੈਂ ਕਿਹਾ, "ਡਾਕਟਰ ਹਰਿਭਜਨ ਸਿੰਘ ਮੇਰੇ ਬੜੇ ਗੂੜ੍ਹੇ ਮਿੱਤਰ ਹਨ। ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਉਨ੍ਹਾਂ ਵੱਲੋਂ ਮੇਰੇ ਵੱਲ ਰੁੱਕਾ ਲੈ ਕੇ ਆਏ ਹੋ । ਪਰ ਮੈਨੂੰ ਖੇਦ ਹੈ ਕਿ ਮੈਂ ਤੁਹਾਡੀ, ਇਸ ਮਾਮਲੇ ਵਿੱਚ ਕੋਈ ਮਦਦ ਨਹੀਂ ਕਰ ਸਕਦਾ ।"

ਉਹ ਕਹਿਣ ਲੱਗੇ, "ਉਨ੍ਹਾਂ ਦੀ ਚਿੱਠੀ ਦੇ ਬਾਵਜੂਦ ਵੀ ?" ਮੈਂ ਕਿਹਾ, "ਜੀ ਹਾਂ।" ਕਹਿਣ ਲੱਗੇ, "ਚੰਗੀ ਦੋਸਤੀ ਹੈ ਤੁਹਾਡੀ ?" ਮੈਂ ਕਿਹਾ, "ਤੁਸੀਂ ਜਾ ਕੇ ਹਰਿਭਜਨ ਹੋਰਾਂ ਨੂੰ ਕਹਿ ਦੇਣਾ ਕਿ ਮੈਂ ਤੁਹਾਨੂੰ ਟਕੇ ਵਰਗਾ ਜਵਾਬ ਦਿੱਤਾ ਹੈ । ਤੁਹਾਡੇ ਇਹ ਦੱਸਣ ਨਾਲ ਦੋਸਤੀ ਦੀ ਅਜ਼ਮਾਇਸ਼ ਵੀ ਹੋ ਜਾਵੇਗੀ ।"

ਉਹ ਸੱਜਣ ਮਾਯੂਸ ਹੋ ਕੇ ਚਲੇ ਗਏ ਤੇ ਦਿੱਲੀ ਜਾ ਕੇ ਉਨ੍ਹਾਂ ਡਾ: ਹਰਿਭਜਨ ਸਿੰਘ ਨੂੰ ਕਿਹਾ, "ਬੜਾ ਦੋਸਤ ਲਈ ਫਿਰਦਾ ਸੈਂ, ਉਹਨੇ ਤਾਂ ਸਾਨੂੰ ਟਕੇ ਵਰਗਾ ਜਵਾਬ ਦੇ ਦਿੱਤਾ ।"

ਹਰਿਭਜਨ ਸਿੰਘ ਨੇ ਪੁੱਛਿਆ, "ਕੰਮ ਕੀ ਸੀ ਤੁਹਾਡਾ ?" ਉਨ੍ਹਾਂ ਜਦ

ਕੰਮ ਦੱਸਿਆ ਤਾਂ ਹਰਿਭਜਨ ਸਿੰਘ ਨੇ ਉਨ੍ਹਾਂ ਨੂੰ ਕਿਹਾ, "ਮੈਂ ਤੁਹਾਥੋਂ ਐਸੇ ਜ਼ਲੀਲ ਕੰਮ ਦੀ ਉਮੀਦ ਨਹੀਂ ਕਰਦਾ ਸਾਂ । ਮੈਨੂੰ ਤੁਸੀਂ ਪਹਿਲਾਂ ਦੱਸਿਆ ਹੁੰਦਾ, ਤਾਂ ਮੈਂ ਤੁਹਾਨੂੰ ਏਥੇ ਹੀ ਠੰਡਾ ਕਰ ਦੇਣਾ ਸੀ—ਨੇਕੀ ਹੋਰਾਂ ਕੋਲ ਭੇਜਣਾ ਹੀ ਨਹੀਂ ਸੀ । ਜੇ ਉਹ ਮੇਰੇ ਰੁੱਕੇ ਨੂੰ ਵੇਖ ਕੇ ਕਮਜ਼ੋਰ ਪੈ ਜਾਂਦਾ ਤੇ ਇਹ ਕੰਮ ਕਰਵਾ ਦਿੰਦਾ ਤਾਂ ਸਾਡੀ ਦੋਸਤੀ ਨੂੰ ਬੱਜ ਲੱਗ ਜਾਣੀ ਸੀ । ਮੈਂ ਤਾਂ ਉਸ ਦਾ ਧੰਨਵਾਦੀ ਹਾਂ ਕਿ ਉਸ ਮੇਰੀ ਕੋਤਾਹੀ ਦੇ ਬਾਵਜੂਦ ਸਾਡੀ ਦੋਸਤੀ ਨੂੰ ਬਚਾ ਲਿਆ ।"

ਜਦ ਮੈਨੂੰ ਪਤਾ ਲੱਗਾ ਡਾ: ਹਰਿਭਜਨ ਸਿੰਘ ਹੋਰਾਂ ਉਸ ਸੱਜਣ ਨੂੰ ਕੀ ਕਿਹਾ ਹੈ ਤਾਂ ਮੇਰੇ ਮਨ ਵਿੱਚ ਉਨ੍ਹਾਂ ਦੀ ਇੱਜ਼ਤ ਹੋਰ ਵੀ ਵਧ ਗਈ ।

(1980)

## ਇਕ ਸੱਚਾ ਜਨ-ਹਿਤੈਸ਼ੀ ਲੀਡਰ

ਵਿਸ਼ਵ ਸਿਹਤ ਸੰਸਥਾ (WHO) ਦਾ ਸਲਾਹਕਾਰ ਹੋ ਕੇ ਮੈਂ ਦਾਰਸ ਸਲਾਮ (ਤਨਜ਼ਾਈਆ) ਪਹੁੰਚਿਆ ਸਾਂ । ਉੱਥੇ ਅਪੜਨ ਸਾਰ ਹੀ ਡਾਕਟਰਾਂ ਦੀ ਇਕ ਬੈਠਕ ਵਿੱਚ ਹਿੱਸਾ ਲੈਣ ਗਿਆ, ਜਿਸ ਦੀ ਪ੍ਰਧਾਨਗੀ ਹੈਲਥ ਮਿਨਿਸਟਰ ਕਰ ਰਿਹਾ ਸੀ ।

ਮੀਟਿੰਗ ਵਿੱਚ ਇਹ ਵਿਚਾਰ ਹੋ ਰਹੀ ਸੀ ਕਿ ਦੇਸ਼ ਦੇ ਬਜਟ ਵਿੱਚ ਜਨ ਸੁਆਸਥ ਲਈ ਜਿਤਨੀ ਕੁ ਰਕਮ ਰਾਖਵੀਂ ਹੈ, ਉਸ ਵਿੱਚ ਹਰ ਕਿਸਮ ਦੀਆਂ ਦਵਾਈਆਂ ਤਾਂ ਮੁਹੱਈਆ ਨਹੀਂ ਕਰਵਾਈਆਂ ਜਾ ਸਕਦੀਆਂ; ਇਸ ਲਈ ਜੀਵਨ-ਬਚਾਉਣ ਵਾਲੀਆਂ ਤੇ ਹੋਰ ਜ਼ਰੂਰੀ ਦਵਾਈਆਂ ਦੀ ਸੂਚੀ ਤਿਆਰ ਕੀਤੀ ਜਾਵੇ, ਤਾਂ ਜੁ ਘੱਟੋ-ਘੱਟ ਇਹ ਦਵਾਈਆਂ ਤਾਂ ਹਰ ਹਸਪਤਾਲ ਤੇ ਹੈਲਥ ਸੈਂਟਰ ਵਿੱਚ ਪ੍ਰਾਪਤ ਹੋਣ ।

ਇੱਕ ਕਮੇਟੀ ਨੇ ਦਵਾਈਆਂ ਦੀ ਸੂਚੀ ਤਿਆਰ ਕੀਤੀ ਹੋਈ ਸੀ, ਜਿਸ ਬਾਰੇ ਵਿਚਾਰ ਹੋ ਰਹੀ ਸੀ। ਜਿਸ ਵੇਲੇ ਮਿਰਗੀ ਰੋਗ ਦੀਆਂ ਦਵਾਈਆਂ ਬਾਰੇ ਵਿਚਾਰ ਹੋ ਰਹੀ ਸੀ ਉਸ ਵੇਲੇ ਇਕ ਆਦਮੀ ਬਾਹਰੋਂ ਆਇਆ ਤੇ ਉਸ ਨੇ ਹੈਲਥ ਮਿਨਿਸਟਰ ਦੇ ਲਾਗੇ ਜਾ ਕੇ ਉਸ ਦੇ ਕੰਨ ਵਿੱਚ ਕੁਝ ਆਖਿਆ । ਹੈਲਥ ਮਿਨਿਸਟਰ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਤੇ ਉਸ ਨੇ ਉਸ ਬੰਦੇ ਨੂੰ ਕਿਹਾ, "ਨਹੀਂ ਮੈਂ ਇਸ ਦੀ ਇਜਾਜ਼ਤ ਨਹੀਂ ਦੇ ਸਕਦਾ ।"—ਤੇ ਉਸ ਦੀਆਂ ਅੱਖਾਂ ਵਿੱਚ ਲਟਕਦੇ ਹੰਝੂ ਮੇਜ਼ ਉੱਪਰ ਡਿੱਗ ਪਏ ।

ਸਾਰੇ ਹੈਰਾਨ ਹੋ ਗਏ । ਦਲੇਰੀ ਕਰ ਕੇ ਸਾਡੇ ਵਿੱਚੋਂ ਇਕ ਨੇ ਪੁੱਛਿਆ, "ਸਾਹਿਬ ! ਕੀ ਗੱਲ ਹੋਈ ਆਪ ਬੜਾ ਦੁੱਖ ਮਨਾ ਰਹੇ ਹੋ ?" ਮਿਨਿਸਟਰ ਨੇ ਰੁਮਾਲ ਨਾਲ ਆਪਣੇ ਹੰਝੂ ਪੂੰਝੇ, ਫਿਰ ਹੱਥ ਨਾਲ ਆਪਣੇ ਵਾਲ ਪਿੱਛੇ



ਕੀਤੇ ਤੇ ਕਿਹਾ, 'ਏਥੇ ਜੋ ਬੰਦਾ ਆਇਆ ਸੀ, ਉਸਨੇ ਦੱਸਿਆ ਕਿ ਮੇਰੇ ਭਰਾ ਦੇ ਗੁਰਦੇ ਫੇਲ੍ਹ ਹੋ ਗਏ ਹਨ ਤੇ ਡਾਕਟਰਾਂ ਨੇ ਕਿਹਾ ਕਿ ਉਸ ਦੇ ਵਾਸਤੇ ਡਾਇਐਲਿਸਿਜ਼ ਦੀ ਮਸ਼ੀਨ ਲੈਣੀ ਪਵੇਗੀ, ਜੋ ਗੁਰਦਿਆਂ ਦਾ ਕੰਮ ਕਰਦੀ ਹੈ। ਨਾਲ ਹੀ ਉਸਨੇ ਦੱਸਿਆ, ਉਸ ਮਸ਼ੀਨ ਦੀ ਕੀਮਤ ਕਿਤਨੀ ਹੈ ਤੇ ਮੈਨੂੰ ਕਿਹਾ ਕਿ ਮੈਂ ਉਹ ਮਸ਼ੀਨ ਖ਼ਰੀਦਣ ਦੀ ਇਜਾਜ਼ਤ ਦੇ ਦਿਆਂ ।"

ਉਸ ਵੇਲੇ ਮੇਰੇ ਮਨ ਵਿੱਚ ਖ਼ਿਆਲ ਆਇਆ, ਏਨੀ ਰਕਮ ਨਾਲ ਤਾਂ ਮੇਰੇ ਦੇਸ਼ ਦੇ ਮਿਰਗੀ ਦੇ ਸਾਰੇ ਮਰੀਜ਼ਾਂ ਦਾ ਇਲਾਜ ਹੋ ਸਕਦਾ ਹੈ। ਸੋ ਮੈਂ ਮਸ਼ੀਨ ਖ਼ਰੀਦਣ ਤੋਂ ਨਾਂਹ ਕਰ ਦਿੱਤੀ ।"

"ਹੰਝੂ ਮੇਰੇ ਭਰਾ ਲਈ ਸਨ। ਮਸ਼ੀਨ ਲਈ ਇਨਕਾਰ ਮੇਰੇ ਦੇਸ਼ ਵਾਸੀਆਂ ਲਈ ਸੀ, ਜਿਨ੍ਹਾਂ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ ਹੈ।"

ਇਹ ਗੱਲ ਸੁਣ ਕੇ ਉੱਥੇ ਬੈਠੇ ਸਭਨਾਂ ਦੀਆਂ ਅੱਖਾਂ ਵਿੱਚ ਹੰਝੂ ਉੱਤਰ ਆਏ । (1981)

## ਦੁਨੀਆਂ ਭਰ ਵਿੱਚ ਮੇਰਾ ਕੋਈ ਮੁਕਾਬਲਾ ਨਹੀਂ

ਓਦੋਂ ਮੈਂ ਮਾਨਸਿਕ ਸਿਹਤ ਦੀ ਅੰਤਰ-ਰਾਸ਼ਟਰੀ ਫੈਡਰੇਸ਼ਨ ਦਾ ਆਨਰੇਰੀ ਸਕੱਤਰ ਸਾਂ । ਤਦ ਇਕ ਯਹੂਦੀ ਔਰਤ ਦਾ ਨਾਮ ਉਸ ਫੈਡਰੇਸ਼ਨ ਦੇ ਫਿਰਤੂ ਰਾਜਦੂਤ ਦੇ ਪਦ ਲਈ ਤਜਵੀਜ਼ ਹੋਇਆ । ਉਹ ਨਿਊਯਾਰਕ ਰਹਿੰਦੀ ਸੀ ਤੇ ਮੈਂ ਥੋੜ੍ਹੇ ਦਿਨਾਂ ਨੂੰ ਨਿਊਯਾਰਕ ਜਾਣਾ ਸੀ। ਸੋ ਮੈਂ ਉਸਨੂੰ ਮਿਲਣ ਦੇ ਇਰਾਦੇ ਨਾਲ ਉਸਨੂੰ ਟੈਲੀਫ਼ੋਨ ਕੀਤਾ । ਉਸ ਨੇ ਮੇਰੇ ਉੱਥੇ ਆਉਣ 'ਤੇ ਪ੍ਰਸੰਨਤਾ ਪ੍ਰਗਟ ਕੀਤੀ ਤੇ ਮਿਲਣ ਲਈ ਇਕ ਰੈਸਤੋਰਾਂ ਵਿੱਚ ਅਸਾਂ ਸਮਾਂ ਮੁਕੱਰਰ ਕਰ ਲਿਆ । ਮੈਂ ਉਸਨੂੰ ਪਹਿਲਾਂ ਕਦੇ ਨਹੀਂ ਸਾਂ ਮਿਲਿਆ ।

ਮਿਲਿਆ ਤਾਂ, ਉਹ ਪਹਿਲੀ ਨਜ਼ਰੇ ਮੈਨੂੰ ਸਾਧਾਰਨ ਜਿਹੇ ਪਹਿਰਾਵੇ ਵਿੱਚ ਸਾਧਾਰਨ ਜਿਹੀ ਔਰਤ ਜਾਪੀ । ਹਸਮੁੱਖ ਬਹੁਤ ਸੀ ਤੇ ਹਾਸਾ ਉਸ ਦਾ ਬੜਾ ਰੋਚਿਕ ਸੀ । ਪਰ ਜਦ ਉਸ ਨਾਲ ਕੁਝ ਸਮਾਂ ਬੈਠਿਆਂ ਹੋ ਗਿਆ ਤਾਂ ਮੈਂ ਉਸਨੂੰ ਕਿਹਾ ਕਿ ਉਹ ਮੈਨੂੰ ਆਪਣੇ ਪਿਛੋਕੜ ਬਾਰੇ ਕੁਝ ਦੱਸੇ।

ਹੱਸ ਪਈ ਤੇ ਕਹਿਣ ਲੱਗੀ, "ਸਮਝ ਨਹੀਂ ਆਉਂਦੀ ਕਿੱਥੋਂ ਸ਼ੁਰੂ ਕਰਾਂ ।" ਮੈਂ ਕਿਹਾ, "ਜਿੱਥੋਂ ਮਰਜ਼ੀ ਸ਼ੁਰੂ ਕਰ ਦਿਓ!" ਉਹ ਫਿਰ ਹੱਸੀ ਤੇ ਇਕਦਮ ਗੰਭੀਰ ਹੋ ਗਈ । ਕਹਿਣ ਲੱਗੀ, "ਮੈਂ ਯਹੂਦੀ ਹਾਂ ਤੇ ਯਹੂਦੀ ਹੋਣ ਤੇ ਮੈਨੂੰ ਗਰਬ ਹੈ। ਮੇਰੇ ਦਾਦਾ ਜੀ ਨਾਜ਼ੀਆਂ ਦੇ ਚੁੰਗਲ ਤੋਂ ਮਸਾਂ ਹੀ ਬਚੇ ਸਨ। ਉਹ ਕਈ ਰਾਤਾਂ ਸਫ਼ਰ ਕਰਦੇ ਤੇ ਦਿਨੇ ਲੁਕਦੇ ਜਰਮਨੀ ਤੋਂ ਐਮਸਟਰਡੈਮ ਤਕ ਪਹੁੰਚੇ। ਉੱਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਹਨਾਂ ਯਹੂਦੀਆਂ ਨੇ ਜੋ ਜਰਮਨੀ

’ਚੋਂ ਬਚ ਨਿਕਲੇ ਸਨ, ਇਕ ਕਾਨਫ਼ਰੰਸ ਆਪਣਾ ਭਵਿੱਖ ਸੋਚਣ ਲਈ ਬੁਲਾਈ ਹੈ। ਸੋ ਉਹ ਉੱਥੇ ਕਾਨਫ਼ਰੰਸ ਵਿੱਚ ਸ਼ਾਮਿਲ ਹੋਣ ਲਈ ਚਲੇ ਗਏ।

ਉਸ ਕਾਨਫ਼ਰੰਸ ਵਿੱਚ ਜੋ ਰੈਜ਼ੋਲਿਊਸ਼ਨ ਪਾਸ ਹੋਏ ਉਨ੍ਹਾਂ ਵਿੱਚੋਂ ਦੋ ਉਹ ਆਪਣੇ ਪੱਲੇ ਬੰਨ੍ਹ ਲਿਆਏ। ਇਕ ਇਹ ਕਿ ਆਪਣੇ ਬੱਚਿਆਂ ਨੂੰ ਆਪਣੇ ਧਰਮ ਤੇ ਸੱਭਿਆਚਾਰ ਨਾਲ ਜੋੜ ਕੇ ਰੱਖਣਾ ਤੇ ਦੂਜਾ ਉਨ੍ਹਾਂ ਨੂੰ ਇਤਨੀ ਵਿੱਦਿਆ ਦਿਵਾਉਣੀ ਹੈ ਕਿ ਦੁਨੀਆਂ ਵਿੱਚ ਉਨ੍ਹਾਂ ਦਾ ਕੋਈ ਮੁਕਾਬਲਾ ਨਾ ਰਹੇ । ਇਸ ਮਤੇ ਦੀ ਗੱਲ ਉਨ੍ਹਾਂ ਮੇਰੇ ਨਾਲ ਕੀਤੀ ਤੇ ਮੈਨੂੰ ਕਿਹਾ, “ਬੱਚੀਏ ਤੇਰੇ ਦਾਦੇ ਨੇ ਇਸ ਬਾਰੇ ਆਪਣੇ ਆਪ ਨਾਲ ਪ੍ਰਣ ਕੀਤਾ ਹੈ। ਤੂੰ ਇਹ ਪ੍ਰਣ ਨਿਭਾਉਣ ਵਿੱਚ ਮੇਰੀ ਮਦਦ ਕਰੀਂ ।” ਸੋ ਮੈਂ ਉਨ੍ਹਾਂ ਨੂੰ ਬਚਨ ਦੇ ਦਿੱਤਾ ।

“ਫਿਰ ਮੈਂ ਪਹਿਲਾਂ ਮਾਨਵ-ਵਿਗਿਆਨ ਦੀ ਐਮ. ਏ. ਪੀ. ਐਚ. ਡੀ. ਕੀਤੀ, ਫਿਰ ਮਨੋਵਿਗਿਆਨ ਦੀ, ਫਿਰ ਸਮਾਜ-ਵਿਗਿਆਨ ਦੀ । ਫਿਰ ਮੈਂ ਕਾਨੂੰਨ ਦੀ ਐਲ.ਐਲ.ਐਮ ਕੀਤੀ ਤੇ ਅੰਤਰ-ਰਾਸ਼ਟਰੀ ਨਿਆਇ ਵਿੱਚ ਵਿਸ਼ੇਸ਼ਗਤਾ ਪ੍ਰਾਪਤ ਕੀਤੀ । ਆਖਰ ਵਿੱਚ ਮੈਂ ਧਰਮ-ਵਿਗਿਆਨ ਦੀ ਡਾਕਟ੍ਰੇਟ ਕੀਤੀ । ਇਹ ਮੇਰਾ ਵਿੱਦਿਅਕ ਪਿਛੋਕੜ ਹੈ। ਮੇਰਾ ਦਾਦਾ ਮੇਰੇ ਨਾਲ ਪ੍ਰਸੰਨ ਹੈ ਤੇ ਮੈਂ ਦਾਦੇ ਨਾਲ, ਜਿਸ ਨੇ ਮੈਨੂੰ ਇਤਨਾ ਉਤਸ਼ਾਹ ਦਿੱਤਾ । ਹੁਣ ਵਾਕਈ ਦੁਨੀਆਂ ਭਰ ਵਿੱਚ ਮੇਰਾ ਕੋਈ ਮੁਕਾਬਲਾ ਨਹੀਂ ।”

ਮੈਂ ਉਸ ਬਜ਼ੁਰਗ ਨੂੰ ਦਿਲ ਹੀ ਦਿਲ ਵਿੱਚ ਸਲਾਮ ਕੀਤਾ ਤੇ ਸੋਚਿਆ, “ਕਾਸ਼ ! ਮੇਰੀ ਕੌਮ ਵੀ ਐਸਾ ਕੋਈ ਫ਼ੈਸਲਾ ਕਰ ਸਕੇ !” (1983)

## ਆਪਣੀ ਗ਼ਰੀਬੀ ਲਈ ਸ਼ੁਕਰਗੁਜ਼ਾਰ ਹੋਣਾ

ਸੁਆਮੀ ਸ਼ਰਧਾ ਨੰਦ ਜੀ ਦਾਰਸ ਸਲਾਮ ਆਏ ਹੋਏ ਸਨ। ਮੈਂ ਉਹਨਾਂ ਦਾ ਪ੍ਰਵਚਨ ਸੁਣਨ ਜਾਣਾ ਚਾਹੁੰਦਾ ਸਾਂ, ਪਰ ਹਸਪਤਾਲ ਵਿੱਚ ਉਸੇ ਸਮੇਂ ਮੇਰਾ ਰਾਊਂਡ ਸੀ, ਜਿਸ ਵਿੱਚੋਂ ਨਿਕਲਣਾ ਸੰਭਵ ਨਹੀਂ ਸੀ। ਭਾਵੇਂ ਉਹਨਾਂ ਜਿੱਥੇ ਪ੍ਰਵਚਨ ਦੇਣਾ ਸੀ ਉਹ ਸਾਡੇ ਹਸਪਤਾਲ ਤੋਂ ਕੋਈ ਪੰਜ-ਸੱਤ ਮਿੰਟ ਦੀ ਵਿੱਥ ’ਤੇ ਸੀ, ਪਰ ਇਹ ਪੰਜ ਸੱਤ ਮਿੰਟ ਹੀ ਪੂਰਾ ਇੱਕ ਘੰਟਾ ਹੋ ਗਏ—ਤੇ ਜਦ ਨੂੰ ਮੈਂ ਵਿਹਲਾ ਹੋਇਆ ਤਾਂ (ਗ਼ਾਲਬਨ) ਉਹਨਾਂ ਦਾ ਪ੍ਰਵਚਨ ਸਮਾਪਤ ਹੋ ਚੁੱਕਾ ਹੋਣਾ ਸੀ; ਤਾਂ ਵੀ, ਮੈਂ ਘਰ ਜਾਣ ਤੋਂ ਪਹਿਲਾਂ ਆਪਣੀ ਕਾਰ ਉਸੇ ਪਾਸੇ ਵੱਲ ਲੈ ਗਿਆ। ਅਜੇ ਪ੍ਰਵਚਨ ਜਾਰੀ ਸੀ ਜਾਂ ਖ਼ਤਮ ਹੋਣ ਵਾਲਾ ਸੀ, ਪਰ ਖ਼ਤਮ ਹੋਇਆ ਨਹੀਂ ਸੀ। ਪੰਡਾਲ ਦੇ ਬਾਹਰ ਸੜਕ ਤੋਂ ਵੀ ਲਾਊਡ ਸਪੀਕਰਾਂ ਕਾਰਣ ਉਹਨਾਂ ਨੂੰ ਸੁਣਿਆ ਜਾ ਸਕਦਾ ਸੀ । ਮੈਂ ਇਕ ਪਾਸੇ ਕਰਕੇ ਆਪਣੀ ਕਾਰ ਰੋਕ ਲਈ, ਦਰਵਾਜ਼ਿਆਂ ਦੇ ਸ਼ੀਸ਼ੇ ਹੇਠਾਂ ਕਰ ਲਏ ਤਾਂ ਜੁ ਆਵਾਜ਼ ਸੁਣ ਸਕਾਂ ।



ਤਦ ਉਹ ਕਹਿ ਰਹੇ ਸਨ, **“ਅਸੀਂ ਕਦੋਂ ਰੱਬ ਨੂੰ ਭਾਲਦੇ ਹਾਂ, ਰੱਬ ਹੀ ਸਾਨੂੰ ਭਾਲਦਾ ਹੈ...ਜਿਸਨੂੰ ਉਹ ਭਾਲ ਲੈਂਦਾ ਹੈ ਉਸਨੂੰ ਛੋਟੇ ਤੋਂ ਛੋਟੇ ਰਸਤੇ ਰਾਹੀਂ ਆਪਣੇ ਕੋਲ ਲੈ ਆਉਂਦਾ ਹੈ। ਐਸੇ ਬੰਦੇ ਦੀ ਰੁਚੀ ਫਿਰ ਸੰਸਾਰਿਕ ਨਹੀਂ ਰਹਿੰਦੀ । ਉਸ ਦਾ ਪੂਰਾ ਸਮਾਂ ਫਿਰ ਬੇਨਤੀਆਂ ਵਿੱਚ, ਧਿਆਨ ਵਿੱਚ, ਪੂਜਾ ਅਰਚਾ ਵਿੱਚ ਗੁਜ਼ਰਦਾ ਹੈ।** ਹੁਣ ਉਸ ਨੂੰ ਕੋਈ ਜਾਇਦਾਦ ਦਰਕਾਰ ਨਹੀਂ ਹੁੰਦੀ, ਕੋਈ ਪੱਖਾ ਨਹੀਂ, ਕੋਈ ਏ.ਸੀ. ਨਹੀਂ, ਕੋਈ ਮੋਟਰ ਨਹੀਂ, ਕੋਈ ਅਰਾਮ ਨਹੀਂ ਚਾਹੀਦਾ ਲਗਦਾ। ਹੁਣ ਉਹ ਆਪਣੀ ਆਤਮਾ ਦੇ ਏਕਾਂਤ ਵਿੱਚ ਖਲੋਤਾ ਆਪਣੀ ਗ਼ਰੀਬੀ ਉੱਤੇ ਸ਼ੁਕਰ ਗੁਜ਼ਾਰ ਹੁੰਦਾ ਹੈ। ਭਗਤੋ ! ਕਦੇ-ਕਦੇ ਤੁਸੀਂ ਵੀ ਆਪਣੀ ਆਤਮਾ ਦੇ ਸਾਹਮਣੇ ਆਪਣੀ ਗ਼ਰੀਬੀ ਉੱਤੇ ਸ਼ੁਕਰ ਗੁਜ਼ਾਰ ਹੋਣਾ, ਫਿਰ ਵੇਖਣਾ ਕਿਤਨੀ ਵੱਡੀ ਆਤਮਿਕ ਅਮੀਰੀ ਤੁਹਾਨੂੰ ਪ੍ਰਾਪਤ ਹੁੰਦੀ ਹੈ।

(1983)

## ਸਤਿ ਨਾਮ = ਪਵਿੱਤਰ ਆਤਮਾ

ਫਾਦਰ ਯੋਇਨੇ ਦਾਰਸ ਸਲਾਮ ਵਿੱਚ ਉਸ ਹਸਪਤਾਲ ਦੇ ਪਾਦਰੀ ਸਨ, ਜਿਸ ਵਿੱਚ ਮੈਂ ਕੰਮ ਕਰਦਾ ਸਾਂ। ਉਹ ਪੂਰਬੀ ਅਫਰੀਕਾ ਵਿੱਚ ਪੋਪ ਦੇ ਜ਼ਾਤੀ ਨੁਮਾਇੰਦੇ ਸਨ। ਬੜੇ ਵਿਦਵਾਨ ਸਨ । ਧਰਮ-ਵਿਗਿਆਨ ਦੇ ਹੀ ਮਾਹਰ ਨਹੀਂ ਸਨ, ਮਨੋਵਿਗਿਆਨ ਦੇ ਵੀ ਮਾਹਰ ਸਨ ।

ਮੈਨੂੰ ਉੱਥੇ ਲੱਗਿਆਂ ਅਜੇ ਮਹੀਨਾ ਹੀ ਹੋਇਆ ਸੀ ਕਿ ਉਹ ਇਕ ਦਿਨ ਮੈਨੂੰ ਮਿਲਣ ਆ ਗਏ। ਉਨ੍ਹਾਂ ਆਪਣੀ ਜਾਣ-ਪਛਾਣ ਦਿੱਤੀ ਤੇ ਮੈਨੂੰ ਕਿਹਾ, “ਤੁਹਾਡੇ ਬਾਰੇ ਮੈਨੂੰ ਤੁਹਾਡੇ ਕੁਝ ਮਰੀਜ਼ਾਂ ਨੇ ਬੜਾ ਕੁਝ ਦੱਸ ਦਿੱਤਾ ਹੈ। ਬਾਕੀ ਮੈਂ ਡਾਕਟਰਾਂ ਕੋਲੋਂ ਸੁਣ ਆਇਆ ਹਾਂ। ਉਤਸੁਕ ਸਾਂ ਤੁਹਾਨੂੰ ਮਿਲਣ ਲਈ। ਘੰਟਾ ਕੁ ਉਹ ਮੇਰੇ ਪਾਸ ਬੈਠੇ । ਅਸਾਂ ਬਹੁਤੀ ਗੱਲ ਪਰਮਾਰਥ ਦੀ ਕੀਤੀ । ਉੱਠਣ ਲੱਗਿਆਂ ਕਹਿਣ ਲੱਗੇ, “ਅਸੀਂ ਹਰ ਹਫ਼ਤੇ ਇਕ ਘੰਟੇ ਲਈ ਇਸੇ ਤਰ੍ਹਾਂ ਮਿਲ ਸਕਿਆ ਕਰੀਏ ?’ ਮੈਂ ਕਿਹਾ, “ਫਾਦਰ! ਇਹ ਤਾਂ ਮੇਰੇ ਲਈ ਸੁਭਾਗ ਦੀ ਗੱਲ ਹੋਵੇਗੀ ।”

ਸੋ ਹਰ ਹਫਤੇ ਸਾਡੀਆਂ ਮਿਲਣੀਆਂ ਹੋਣ ਲੱਗੀਆਂ । ਇਕ ਦਿਨ ਮੈਨੂੰ ਪੁੱਛਣ ਲੱਗੇ, “ਅਸੀਂ ਈਸਾਈ ਲੋਕ ਤਾਂ ਮੰਨਦੇ ਹਾਂ ਕਿ ਸਭ ਬਦੀ ਦਾ ਕਾਰਣ ਸ਼ੈਤਾਨ ਹੈ। ਤੁਹਾਡੇ ਧਰਮ ਵਿੱਚ ਬਦੀ ਕੌਣ ਪੈਦਾ ਕਰਦਾ ਹੈ?” ਮੈਂ ਕਿਹਾ, “ਰੱਬ ਆਪ ਹੀ ਪੈਦਾ ਕਰਦਾ ਹੈ।” ਉਹ ਹੈਰਾਨ ਹੋ ਕੇ ਕਹਿਣ ਲੱਗਾ, “ਹੈਂ ?” ਰੱਬ ਤਾਂ ਕੇਵਲ ਨੇਕੀ ਦਾ ਸ੍ਰੋਤ ਹੈ ਬਦੀ ਦਾ ਨਹੀਂ । ਬਦੀ ਦਾ ਸ੍ਰੋਤ ਉਹ ਕਿਵੇਂ ਹੋ ਸਕਦਾ ਹੈ?” ਮੈਂ ਕਿਹਾ, “ਜਿਵੇਂ ਸੂਰਜ ਕੇਵਲ ਧੁੱਪ ਦਾ ਸ੍ਰੋਤ ਹੀ ਨਹੀਂ,

ਛਾਇਆ ਦਾ ਸ੍ਰੋਤ ਵੀ ਹੈ।" ਕਹਿਣ ਲੱਗਾ, ਪਰ ਛਾਇਆ ਤਾਂ ਤਦ ਹੁੰਦੀ ਹੈ ਜਦ ਕੋਈ ਬਾਧਾ ਹੋਵੇ।" ਮੈਂ ਕਿਹਾ, **"ਬਦੀ ਵਿੱਚ ਵੀ ਬਾਧਾ ਹੁੰਦੀ ਹੈ, ਸਾਡੀ ਹਉਮੈ ਦੀ। ਹਉਮੈ ਵੱਲ ਮੂੰਹ ਕਰਦੇ ਹਾਂ ਤਾਂ ਦੈਵੀ ਚਾਨਣ ਵੱਲ ਪਿੱਠ ਹੋ ਜਾਂਦੀ ਹੈ। ਆਪਣੇ ਆਪ ਵੱਲੋਂ ਹਟ ਕੇ ਜੇ ਮੂੰਹ ਦੈਵੀ ਪ੍ਰਕਾਸ਼ ਵੱਲ ਕਰ ਲਈਏ ਤਾਂ ਬਦੀ ਦੀ ਛਾਇਆ ਅਲੋਪ ਹੋ ਜਾਂਦੀ ਹੈ।"**

ਫਾਦਰ ਯੋਇਨੇ ਸੋਚਣ ਲੱਗ ਪਿਆ । ਮੈਂ ਕਿਹਾ, "ਫਾਦਰ ! ਗੱਲ ਤੁਸੀਂ ਵੀ ਇਹੋ ਕਹਿੰਦੇ ਹੋ, ਪਰ ਜ਼ਰਾ ਵਲ ਪਾ ਕੇ।" "ਉਹ ਕਿਵੇਂ ?" ਫਾਦਰ ਨੇ ਪੁੱਛਿਆ। ਮੈਂ ਕਿਹਾ, "ਤੁਹਾਡਾ ਰੱਬ ਸਰਬ-ਸ਼ਕਤੀਮਾਨ ਹੈ ਨਾ ?" ਫਾਦਰ ਕਹਿਣ ਲੱਗੇ, "ਬਿਨਾਂ ਸ਼ੱਕ ਦੇ ।" ਮੈਂ ਕਿਹਾ, "ਫਿਰ ਜੇ ਉਹ ਚਾਹੇ ਤਾਂ ਬਾਗੀ ਸ਼ੈਤਾਨ ਨੂੰ ਖ਼ਤਮ ਕਰ ਦੇਵੇ। ਪਰ ਉਹ ਇਉਂ ਨਹੀਂ ਕਰਦਾ। ਸ਼ੈਤਾਨ ਉਸੇ ਦਾ ਘੜਿਆ ਹੋਇਆ ਹੈ ਤੇ ਉਹ ਉਸ ਨੂੰ ਖ਼ਤਮ ਨਹੀਂ ਕਰਦਾ । ਸੋ ਬਦੀ ਦਾ ਸ੍ਰੋਤ ਵੀ ਉਹ ਆਪ ਹੀ ਹੋਇਆ।" ਫਾਦਰ ਯੋਇਨੇ ਕਹਿਣ ਲੱਗਾ, "ਤੁਹਾਡੇ ਧਰਮ ਨੇ, ਜਾਪਦਾ ਹੈ ਮਿਥਿਹਾਸ ਦੀ ਓਟ ਨਹੀਂ ਲਈ।"

ਤਦ ਮੈਂ ਫਾਦਰ ਯੋਇਨੇ ਨੂੰ ਕਿਹਾ, "ਮੈਨੂੰ ਤੁਹਾਡੀ ਤ੍ਰਿਕੜੀ ਵਿੱਚੋਂ ਰੱਬ ਦੀ ਵੀ ਸਮਝ ਹੈ, ਰੱਬ ਦੇ ਬੇਟੇ ਦੀ ਵੀ, ਪਰ ਪਵਿੱਤ੍ਰ ਪ੍ਰੇਤ ਦੀ ਸਮਝ ਨਹੀਂ ਆਈ।" ਕਹਿਣ ਲੱਗੇ, "ਪ੍ਰੇਤ ਨੂੰ ਪ੍ਰੇਤ ਨਹੀਂ ਰੂਹ ਸਮਝੋ ਤੇ ਧਿਆਨ ਲਗਾਓ, ਸਮਝ ਆ ਜਾਵੇਗੀ ।"

ਮੈਂ ਅਗਲੇ ਦਿਨ ਤੜਕੇ ਧਿਆਨ ਵਿੱਚ ਬੈਠਾ । 'ਸਤਿ ਨਾਮ' 'ਤੇ ਧਿਆਨ ਲਗਾ ਰਿਹਾ ਸਾਂ । 'ਸਤਿ' ਦਾ ਅਰਥ ਅਸੀਂ ਸੱਚ ਵੀ ਕਰਦੇ ਹਾਂ, ਹੋਂਦ ਵੀ। ਪਰ ਮੈਨੂੰ ਖ਼ਿਆਲ ਆਇਆ ਸਤਿ ਦਾ ਇਕ ਅਰਥ ਪਵਿੱਤ੍ਰ ਵੀ ਤਾਂ ਹੈ। ਫਿਰ ਮੈਂ 'ਨਾਮ' ਬਾਰੇ ਸੋਚਣ ਲੱਗਾ। ਨਾਮ ਕੀ ਹੈ? ਮੇਰੇ ਦਿਮਾਗ਼ ਵਿੱਚ ਇਕ 'ਨਾਮ' ਮੇਜ਼ ਆਇਆ । ਮੈਂ ਸੋਚਿਆ ਮੇਜ਼ ਤਾਂ ਕਈ ਕਿਸਮ ਦੇ ਹੁੰਦੇ ਹਨ : ਲੱਕੜੀ ਦੇ ਵੀ, ਲੋਹੇ ਦੇ ਵੀ, ਪੱਥਰ ਦੇ ਵੀ । ਚੌਰਸ ਵੀ ਹੁੰਦੇ ਹਨ, ਗੋਲ ਵੀ, ਤਿਕੋਨੇ ਵੀ, ਖੱਟਪੱਖੀ ਵੀ । ਸਾਦੇ ਵੀ ਹੁੰਦੇ ਹਨ, ਜੜਾਉ ਵੀ। ਪਰ 'ਨਾਮ' ਸਭ ਦਾ ਮੇਜ਼ ਹੀ ਹੈ। ਮੇਜ਼ ਵਸਤ ਦਾ ਨਾਮ ਨਹੀਂ, ਵਸਤ ਦਾ ਸਾਰ, ਉਸ ਦੀ ਆਤਮਾ ਦਾ ਨਾਮ ਹੈ। 'ਨਾਮ' ਆਤਮਾ ਹੋ ਗਿਆ। **'ਸਤਿਨਾਮ' 'ਪਵਿਤ੍ਰ ਆਤਮਾ' ਅਥਵਾ 'ਰੂਹਅਲਕੁਦਸ', 'ਹੋਲੀ ਸਪਿਰਿਟ' ਹੋ ਗਿਆ ।**

ਅਗਲੇ ਦਿਨ ਮੈਂ ਫਾਦਰ ਦਾ ਧੰਨਵਾਦ ਕੀਤਾ, "ਫਾਦਰ, ਤੁਹਾਡੀ ਅਸੀਸ ਦੀ ਬਰਕਤ ਨਾਲ ਮੈਨੂੰ 'ਪਵਿੱਤ੍ਰ ਪ੍ਰੇਤ' ਦੀ ਸਮਝ ਆ ਗਈ ਹੈ। ਧਰਮਾਂ ਵਿੱਚ ਹੀ ਅੰਤਰ ਹੈ।" (1983)



## ਲਫਜ਼ਾਂ ਦੀ ਭੁੱਲ-ਭੁਲਈਆਂ

ਤਦ ਮੈਂ ਦਾਰਸ ਸਲਾਮ ਰਹਿੰਦਾ ਸਾਂ, ਉੱਥੇ ਬੜੀ ਵਾਰ ਧਰਮਾਂ ਦੇ ਲੀਡਰ ਚੱਕਰ ਲਾਉਣ ਆਉਂਦੇ ਸਨ। ਮੈਨੂੰ ਉਨ੍ਹਾਂ ਦੇ ਵਿਚਾਰ ਸੁਣਨ ਦਾ ਸ਼ੌਕ ਪੈ ਗਿਆ ਚਾਹੇ ਉਹ ਕਿਸੇ ਵੀ ਧਰਮ ਦੇ ਕਿਉਂ ਨਾ ਹੋਣ ।

ਇਕ ਵਾਰ ਇਕ ਹਿੰਦੂ ਸੁਆਮੀ ਜੀ ਆਏ। ਨਾਮ ਮੈਨੂੰ ਉਨ੍ਹਾਂ ਦਾ ਚੇਤੇ ਨਹੀਂ ਰਿਹਾ, ਪਰ ਇਕ ਗੱਲ ਜੋ ਉਨ੍ਹਾਂ ਕਹੀ ਉਹ ਚੇਤੇ ਵਿੱਚ ਨਕਸ਼ ਹੋ ਗਈ। ਉਹ ਕਹਿ ਰਹੇ ਸਨ ਚੇਤਨਾ ਤੇ ਵਾਸਤਵਿਕਤਾ ਸਾਨੂੰ ਰਲਗੱਡ ਹੋਏ ਹੀ ਮਿਲਦੇ ਹਨ। ਅਸੀਂ ਵਸਤਾਂ ਨੂੰ ਚੇਤਨਾ ਤੋਂ ਅੱਡ ਮੰਨ ਕੇ ਭੁਲੇਖੇ ਵਿੱਚ ਪਏ ਰਹਿੰਦੇ ਹਾਂ । ਯਥਾਰਥ ਅਸਾਂ ਕਦੋਂ ਵੇਖਿਆ ਹੈ? ਉਸ ਨੂੰ ਤਾਂ ਅਸਾਂ ਹਮੇਸ਼ਾ ਅਨੁਮਾਨਿਆ ਹੀ ਹੈ ਤੇ ਅਨੁਮਾਨ ਚੇਤਨਾ ਦੀ ਪ੍ਰਕਿਰਿਆ ਹੀ ਹੈ।

ਫਿਰ ਉਸਨੇ ਫਿਜ਼ਿਕਸ ਦੇ ਇਕ ਉੱਚ-ਕੋਟੀ ਦੇ ਪ੍ਰੋਫ਼ੈਸਰ ਦੇ ਬਚਨ ਸੁਣਾਏ: "ਯਥਾਰਥ ਉਹ ਹੈ ਨਾ ਜਿਸ ਨੂੰ ਅਸੀਂ ਸੱਚ ਮੰਨਦੇ ਹਾਂ ! ਸੱਚ ਉਹ ਹੈ ਜਿਸ ਪੁਰ ਅਸੀਂ ਵਿਸ਼ਵਾਸ ਕਰਦੇ ਹਾਂ । ਵਿਸ਼ਵਾਸ ਉਸ ਦਾ ਕਰਦੇ ਹਾਂ ਜਿਸ ਨੂੰ ਅਸੀਂ ਪ੍ਰਤੱਖ ਵੇਖਦੇ ਹਾਂ। ਪ੍ਰਤੱਖ ਉਸ ਨੂੰ ਪਛਾਣਦੇ ਹਾਂ ਜਿਸਨੂੰ ਭਾਲਦੇ ਹਾਂ । ਸਾਡੀ ਭਾਲ ਸਾਡੇ ਵਿਚਾਰਾਂ ਉੱਪਰ ਨਿਰਭਰ ਹੈ। ਵਿਚਾਰ ਸਾਡੇ ਪ੍ਰਤੱਖ ਵੇਖਣ ਉੱਪਰ ਅਧਾਰਤ ਹੁੰਦੇ ਹਨ। ਪ੍ਰਤੱਖ ਸਾਨੂੰ ਉਹ ਦਿੱਸਦਾ ਹੈ ਜਿਸਨੂੰ ਅਸੀਂ ਉਡੀਕਦੇ ਹਾਂ। ਉਡੀਕਦੇ ਉਸੇ ਨੂੰ ਹਾਂ ਜਿਸ ਵਿੱਚ ਵਿਸ਼ਵਾਸ ਰੱਖਦੇ ਹਾਂ। ਵਿਸ਼ਵਾਸ ਉਸੇ 'ਤੇ ਲਿਆਉਂਦੇ ਹਾਂ ਜਿਸ ਨੂੰ ਸੱਚ ਸਮਝਦੇ ਹਾਂ ਤੇ ਜਿਸ ਨੂੰ ਸੱਚ ਸਮਝਦੇ ਹਾਂ ਉਸ ਨੂੰ ਯਥਾਰਥ ਮੰਨ ਲੈਂਦੇ ਹਾਂ।" ਕਿਹਾ ਤਾਂ ਉਹਨਾਂ ਬਿਲਕੁਲ ਸੱਚ ਹੋਣੈ, ਪਰ ਉਸ ਦਿਨ ਮੈਂ ਉਸ ਭੁੱਲ-ਭੁਲਈਆਂ ਵਿੱਚੋਂ ਨਿਕਲ ਨਹੀਂ ਸਕਿਆ ।

ਮੈਂ ਇਸ ਗੱਲ ਦਾ ਜ਼ਿਕਰ ਫਾਦਰ ਯੋਇਨੇ ਨਾਲ ਕੀਤਾ। ਫਾਦਰ ਯੋਇਨੇ ਸਾਡੇ ਹਸਪਤਾਲ ਦੇ ਮੁੱਖ ਪਾਦਰੀ ਸਨ ਤੇ ਮੇਰੇ ਮਿੱਤਰ ਹੋ ਗਏ ਸਨ । ਉਹ ਮੁਸਕਰਾਏ ਤੇ ਕਹਿਣ ਲੱਗੇ, "ਕੁਝ ਲੋਕ ਹੋਰਨਾਂ ਨੂੰ ਲਫ਼ਜ਼ਾਂ ਦੀ ਭੁੱਲ-ਭੁਲਈਆਂ ਵਿੱਚ ਫਸਾ ਕੇ ਆਪਣੀ ਵਡਿਆਈ ਉਹਨਾਂ ਉੱਪਰ ਜਤਾਉਣ ਦਾ ਯਤਨ ਕਰਦੇ ਹਨ। ਉਹਨਾਂ ਦੇ ਲਫ਼ਜ਼ ਪਿਆਜ਼ ਦੇ ਛਿਲਕਿਆਂ ਵਰਗੇ ਹੁੰਦੇ ਹਨ-ਨਿਰੇ ਛਿਲਕੇ ਹੀ ਛਿਲਕੇ-ਵਿੱਚ ਗਿਰੀ ਕੋਈ ਨਹੀਂ ਹੁੰਦੀ ।" (1983)

## ਏਕਾਂਤ ਦਾ ਲਾਭ

ਸੰਨ 1986 ਈਸਵੀ ਦੀ ਗੱਲ ਹੈ। ਵਿਸ਼ਵ ਸੁਅਸਥ ਸੰਸਥਾ ਨੇ ਮੈਨੂੰ ਬਰਮਾ ਭੇਜਿਆ, ਉੱਥੇ ਮਾਨਸਿਕ ਸੁਅਸਥ ਦੀਆਂ ਸੇਵਾਵਾਂ ਕਾਇਮ ਕਰਨ ਵਿੱਚ ਮਦਦ ਕਰਨ ਲਈ ।

ਅਸੀਂ ਤਿੰਨ ਜਣੇਂ ਸਾਂ—ਇੱਕ ਫਰਾਂਸੀਸੀ, ਇਕ ਬਰਤਾਨਵੀ ਤੇ ਇਕ ਮੈਂ ਹਿੰਦੁਸਤਾਨੀ । ਪੰਦਰਾਂ ਦਿਨ ਅਸੀਂ ਰੰਗੂਨ ਵਿੱਚ ਰਹੇ ਤੇ ਡਾਕਟਰਾਂ ਤੇ ਨਰਸਾਂ ਨੂੰ ਮਾਨਸਿਕ ਰੋਗੀਆਂ ਦੇ ਇਲਾਜ ਦੇ ਸਾਧਨਾਂ ਤੇ ਜੁਗਤਾਂ ਨਾਲ ਜਾਣੂ ਕਰਾਉਂਦੇ ਰਹੇ ।

ਫਿਰ ਹਵਾਈ ਜਹਾਜ਼ ਰਾਹੀਂ ਅਸੀਂ ਮਾਂਡਲੇ ਚਲੇ ਗਏ। ਉੱਥੇ ਇੱਕ ਝੀਲ ਦੇ ਕਿਨਾਰੇ ਇਕ ਬੜੇ ਵੱਡੇ ਹੋਟਲ ਵਿੱਚ, ਜੋ ਰੂਸੀਆਂ ਨੇ ਬਣਾ ਕੇ ਦਿੱਤਾ ਸੀ, ਸਾਡਾ ਉਤਾਰਾ ਕੀਤਾ ਗਿਆ। ਅਸਾਂ ਦਸ ਦਿਨ ਉੱਥੇ ਰਹਿਣਾ ਸੀ ਤੇ ਫਿਰ ਰੰਗੂਨ ਪਰਤ ਕੇ ਚਾਰ ਪੰਜ ਦਿਨ ਉੱਥੇ ਰਹਿ ਕੇ ਘਰਾਂ ਨੂੰ ਪਰਤ ਜਾਣਾ ਸੀ ।

ਮਾਂਡਲੇ ਕੀ ਪਹੁੰਚੇ, ਸਾਡੇ ਪਹੁੰਚਦੇ ਸਾਰ ਬਿਜਲੀ ਚਲੀ ਗਈ। ਪਤਾ ਲੱਗਾ ਕਿ ਸਾਰੇ ਬਰਮਾ ਦੀ ਬਿਜਲੀ ਚਲੀ ਗਈ ਹੈ। ਰੇਲਾਂ ਨਹੀਂ ਚੱਲਣਗੀਆਂ, ਪ੍ਰੈਸ ਤੇ ਟੀ.ਵੀ ਆਦਿ ਬੰਦ ਹੋ ਜਾਣਗੇ ਇਤਿਆਦਿ। ਸਾਡੇ ਹੋਟਲ ਵਿੱਚ ਦਿਨ ਵੇਲੇ ਵੀ ਹਨੇਰਾ ਰਹਿਣ ਲੱਗ ਪਿਆ । ਜਿੱਥੇ ਅਸਾਂ ਟ੍ਰੇਨਿੰਗ ਦੇਣੀ ਸੀ, ਉੱਥੇ ਵੀ ਹਨੇਰਾ ਵਰਤ ਰਿਹਾ ਸੀ। ਸੋ ਸਾਨੂੰ ਬਿਜਲੀ ਦੇ ਪਰਤਣ ਤਕ ਉਡੀਕਣਾ ਪੈਣਾ ਸੀ।

ਮੇਰੇ ਦੋਵੇਂ ਸਾਥੀ ਜੋ ਪੱਛਮ ਵਿੱਚੋਂ ਆਏ ਸਨ ਤੇ ਕਦੇ ਨਿਚੱਲੇ ਨਹੀਂ ਸਨ ਬੈਠੇ, ਬੜੇ ਤਿਲਮਿਲਾ ਰਹੇ ਸਨ। ਘੜੀ-ਮੁੜੀ ਦਫ਼ਤਰ ਜਾ ਜਾ ਕੇ ਪੁੱਛਣ, ਬਿਜਲੀ ਕਦੋਂ ਆਵੇਗੀ ।

ਮੈਨੂੰ ਉੱਥੇ ਦਾ ਰਹਿਣ ਵਾਲਾ ਇਕ ਹਿੰਦੁਸਤਾਨੀ ਮਿਲਣ ਆ ਗਿਆ । ਮੈਂ ਉਸ ਨੂੰ ਨਹੀਂ ਸੀ ਜਾਣਦਾ । ਉਸ ਨੂੰ ਕਿਤਿਓਂ ਪਤਾ ਲੱਗਾ ਕਿ ਇਕ ਹਿੰਦੁਸਤਾਨੀ ਡਾਕਟਰ ਇੱਥੇ ਆਇਆ ਹੋਇਆ ਹੈ, ਸੋ ਉਹ ਮੈਨੂੰ ਮਿਲਣ ਆ ਗਿਆ । ਪਹਿਲਾਂ ਤਾਂ ਮੈਂ ਸੋਚਿਆ ਇਸ ਬੰਦੇ ਨੂੰ ਆਪਣੇ ਲਈ ਜਾਂ ਆਪਣੇ ਕਿਸੇ ਸੰਬੰਧੀ ਲਈ ਡਾਕਟਰੀ ਸੇਵਾ ਦੀ ਲੋੜ ਹੋਣੀ ਹੈ, ਸੋ ਮੇਰੇ ਪਾਸ ਆ ਗਿਆ ਹੈ। ਪਰ ਮੇਰਾ ਕਿਆਸ ਗ਼ਲਤ ਨਿਕਲਿਆ । ਉਹ ਤਾਂ ਮੇਰੀ ਮਦਦ ਕਰਨ ਆਇਆ ਸੀ। ਉਹ ਬੋਲਿਆ, "ਡਾਕਟਰ ਜੀ, ਤੁਹਾਨੂੰ ਭਗਵਾਨ ਜੀ ਨੇ ਏਕਾਂਤ



ਬਖਸ਼ੀ ਹੈ। ਇਸ ਦਾ ਲਾਭ ਉਠਾਓ । ਇਕਾਂਤ ਵਿੱਚ ਐਸੀ ਆਤਮਿਕ ਅਵਸਥਾ ਕਾਇਮ ਹੋ ਸਕਦੀ ਹੈ ਜਿਸ ਵਿੱਚ ਅੰਦਰ ਚੁੱਪ ਵਰਤ ਸਕਦੀ ਹੈ। ਇਸ ਨੂੰ ਇਕੱਲਤਾ ਨਾ ਸਮਝੋ, ਰੱਬ ਦੇ ਸਮੀਪ ਹੋਣ ਦਾ ਅਵਸਰ ਸਮਝੋ । ਤੁਹਾਨੂੰ ਐਸੀ ਇਕਾਂਤ ਸ਼ਾਇਦ ਮੁੜ ਕਦੇ ਨਸੀਬ ਨਾ ਹੋਵੇ, ਜਿਸ ਵਿੱਚ ਕਿਸੇ ਨੇ ਮਿਲਣ ਨਹੀਂ ਆਉਣਾ, ਕੋਈ ਟੈਲੀਫ਼ੋਨ ਨਹੀਂ ਖੜਕਣਾ, ਕਿਸੇ ਮੀਟਿੰਗ ਵਿੱਚ ਹਾਜ਼ਰੀ ਨਹੀਂ ਦੇਣੀ, ਕਿਸੇ ਮਹਿਮਾਨ ਦੀ ਮਹਿਮਾਨ ਨਿਵਾਜ਼ੀ ਨਹੀਂ ਕਰਨੀ, ਕੋਈ ਕਿਤਾਬ ਨਹੀਂ ਪੜ੍ਹਨੀ, ਇੱਥੋਂ ਤਕ ਕਿ ਘਰ ਵਾਲੀ ਨੇ ਵੀ 'ਵਾਜ ਨਹੀਂ ਮਾਰਨੀ । ਕੇਵਲ ਤੁਸੀਂ ਹੀ ਹੋਣੇ ਹੋ। ਹੋ ਜਾਓ ਆਪਣੇ ਰੱਬ ਸੱਚੇ ਅੱਗੇ-ਨੰਗੇ, ਨਿਸੱਕਤ, ਥੁੜਾਂ ਮਾਰੇ, ਟੁੱਟੇ ਹੋਏ, ਪਾਪਾਂ ਨਾਲ ਲਿਬੜੇ ਹੋਏ । ਫਿਰ ਆਪਣੀ ਇਕੱਲ ਨੂੰ ਆਪਣੇ ਕਲਾਵੇ ਵਿੱਚ ਲੈ ਲੈਣਾ । ਤਦ ਆਪਣੇ ਮਨ ਨੂੰ ਆਪਣੇ ਹਿਰਦੇ ਵਿੱਚ ਉਤਰਨ ਦੇਣਾ ਤੇ ਉੱਥੇ ਮੌਜੂਦ ਰੱਬ ਦੇ ਸਨਮੁੱਖ ਖੜ੍ਹੇ ਹੋ ਜਾਣਾ ।"

ਉਹ ਤਾਂ ਥੋੜ੍ਹੇ ਚਿਰ ਮਗਰੋਂ ਇਜਾਜ਼ਤ ਲੈ ਕੇ ਚਲਾ ਗਿਆ, ਪਰ ਮੈਨੂੰ ਏਕਾਂਤ ਦੇ ਲਾਭ ਤੋਂ ਜਾਣੂ ਹੀਂ ਨਹੀਂ ਕਰਾ ਗਿਆ, ਸਗੋਂ ਇਹ ਲਾਭ ਉਠਾ ਸਕਣ ਦੀ ਵਿਧੀ ਵੀ ਦੱਸ ਗਿਆ।

ਮੈਂ ਲਾਉਂਜ ਵਿੱਚੋਂ ਉੱਠ ਕੇ ਆਪਣੇ ਹਨੇਰੇ ਕਮਰੇ ਵਿੱਚ ਚਲਾ ਗਿਆ ਤੇ ਜਿਵੇਂ ਉਸ ਮੈਨੂੰ ਦੱਸਿਆ ਸੀ, ਉਵੇਂ ਹੀ ਕੀਤਾ । ਮਨ ਨੂੰ ਹਿਰਦੇ ਵਿੱਚ ਉਤਰਨ ਦਿੱਤਾ ਤੇ ਉੱਥੇ ਮੌਜੂਦ, ਪਰ ਅਦਿੱਖ ਰੱਬ ਅੱਗੇ ਹੱਥ ਬੰਨ੍ਹ ਕੇ ਖਲੋ ਗਿਆ । ਤਦ ਮੈਨੂੰ ਜਾਪਿਆ ਕਿ ਮੇਰੇ ਪ੍ਰਾਣ ਉਹ ਅੰਦਰੋਂ ਬੈਠਾ ਆਪ ਚਲਾ ਰਿਹਾ ਹੈ। (1986)

## ਦਾਰ ਜੀ !

ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਵਾਲੇ ਇਕ ਦਿਨ ਪ੍ਰੀਤ ਨਗਰ ਤੋਂ ਅੰਮ੍ਰਿਤਸਰ ਮੈਨੂੰ ਮਿਲਣ ਆ ਗਏ। ਆਏ ਤਾਂ ਕੁਝ ਕਹਿਣ, ਕੋਈ ਸਲਾਹ ਲੈਣ ਸਨ; ਪਰ ਮੈਨੂੰ ਲੱਗਾ ਕੁਝ ਉਲਝਣ ਵਿੱਚ ਹਨ, ਸੋ ਝਕ ਰਹੇ ਹਨ।

ਉਨ੍ਹਾਂ ਦਾ ਤਣਾਅ ਦੂਰ ਕਰਨ ਲਈ ਮੈਂ ਉਨ੍ਹਾਂ ਨੂੰ ਕਿਹਾ, "ਦਾਰ ਜੀ, ਮੈਂ ਕਾਲਜ ਦੇ ਸਮੇਂ ਤੋਂ ਤੁਹਾਡਾ ਮੱਦਾਹ ਹਾਂ। ਬਾਹਰਵੀਂ ਵਿੱਚ ਪੜ੍ਹਦਾ ਸਾਂ ਤਾਂ ਤੁਹਾਡੀ ਬਣਾਈ ਹੋਈ ਪ੍ਰਣ-ਪੁਸਤਕ ਪੜ੍ਹਿਆ ਕਰਦਾ ਸਾਂ । ਤੁਹਾਡੀਆਂ ਕਹਾਣੀਆਂ ਨੂੰ ਮਾਣਦਾ ਸਾਂ । ਤੁਹਾਡੀਆਂ ਲਿਖਤਾਂ 'ਸਾਵੀਂ ਪੱਧਰੀ ਜ਼ਿੰਦਗੀ ' ਤੇ 'ਸੁਖਾਂਵੀ ਸੁਧਰੀ ਜ਼ਿੰਦਗੀ ਮੈਨੂੰ ਸੇਧ ਬਖਸ਼ਦੀਆਂ ਰਹੀਆਂ ਹਨ।"

ਮੇਰੀ ਗੱਲ ਵਿੱਚੇ ਹੀ ਸੀ ਕਿ ਕਹਿਣ ਲੱਗੇ, "ਡਾ: ਨੇਕੀ ਅੱਜ ਮੈਂ

ਤੁਹਾਥੋਂ ਸਲਾਹ ਲੈਣ ਆਇਆ ਹਾਂ। ਫਿਰ ਆਪਣੀ ਜ਼ਿੰਦਗੀ 'ਤੇ ਨਜ਼ਰ ਮਾਰਨ ਲੱਗ ਪਏ। ਕਹਿਣ ਲੱਗੇ, "ਮੈਂ ਬੜਾ ਸ਼ਰਧਕ ਸਾਂ। ਨੇਮ ਨਾਲ ਪਾਠ ਕਰਦਾ। ਸ਼ਰਧਾ ਨਾਲ ਗੁਰਪੁਰਬਾਂ ਵਿੱਚ ਹਿੱਸਾ ਲੈਂਦਾ ਸਾਂ। ਪਰ ਮੈਨੂੰ ਇੱਕ ਗੱਲ ਸਦਾ ਅੱਖਰਦੀ ਸੀ। ਉਹ ਸੀ ਕਿ ਪੁਰਾਣੇ ਸਿੱਖ ਗੁਰਮੁਖੀ ਦੇ ਕਿਸੇ ਪੱਤਰੇ ਨੂੰ ਹੇਠਾਂ ਨਹੀਂ ਸਨ ਡਿੱਗਣ ਦਿੰਦੇ। ਜੇ ਡਿਗ ਪਵੇ ਤਾਂ ਚੁੱਕ ਕੇ ਸਿਰ ਨੂੰ ਲਾਉਂਦੇ ਤੇ ਸਾਂਭ-ਸਾਂਭ ਰੱਖਦੇ । ਮੈਨੂੰ ਲਗਦਾ, ਇਹਨਾਂ ਪੰਜਾਬੀ ਬੋਲੀ ਨੂੰ ਵਧਣ ਨਹੀਂ ਦੇਣਾ । ਪੰਜਾਬੀ ਉਸ ਦਿਨ ਵਧੇਗੀ ਜਦ ਪੰਜਾਬੀ ਦੇ ਕਾਗ਼ਜ਼ ਏਨੇ ਹੋ ਜਾਣਗੇ ਕਿ ਪੈਰਾਂ ਵਿੱਚ ਰੁਲਣਗੇ। ਸੋ ਮੈਂ ਸੋਚਿਆ ਪੰਜਾਬੀ ਨੂੰ ਇਨ੍ਹਾਂ ਕੱਟੜ-ਪੰਥੀਆਂ ਹੱਥੋਂ ਕੱਢਣਾ ਚਾਹੀਦਾ ਹੈ ਤੇ ਪੰਜਾਬੀ ਤੇ ਗੁਰਮੁਖੀ ਨੂੰ ਧਰਮ ਦੀ ਜਕੜ ਤੋਂ ਮੁਕਤ ਕਰਾਉਣਾ ਚਾਹੀਦਾ ਹੈ।

ਤਦ ਮੈਂ ਪ੍ਰੀਤਲੜੀ ਵੀ ਚਲਾਈ ਤੇ ਸਾਹਿਤ ਵੀ ਉਹ ਲਿਖਣਾ ਸ਼ੁਰੂ ਕੀਤਾ ਜੋ ਚੰਗੀਆਂ ਕੀਮਤਾਂ ਦੇਵੇ, ਪਰ ਧਰਮ ਤੋਂ ਮੁਕਤ ਹੋਵੇ। ਮੈਂ ਪੰਜਾਬੀ ਬੋਲੀ ਨੂੰ ਧਰਮ ਦੀ ਜਕੜ ਤੋਂ ਅਜ਼ਾਦ ਕਰਾਉਣ ਦਾ ਜਿਵੇਂ ਬੀੜਾ ਚੁੱਕ ਲਿਆ ।

"ਇਹ ਗੱਲ ਕਮਿਊਨਿਸਟਾਂ ਨੂੰ ਬੜੀ ਪਸੰਦ ਸੀ। ਉਨ੍ਹਾਂ ਮੇਰੀ ਸਰਪ੍ਰਸਤੀ ਸ਼ੁਰੂ ਕਰ ਦਿੱਤੀ। ਮੈਨੂੰ ਵੀ ਇਹ ਚੰਗੀ ਲਗਦੀ । ਮਾਇਕ ਹਾਲਤ ਵੀ ਸੁਧਰਨ ਲਗੀ । ਘਰ ਵਿੱਚ ਮੇਰਾ ਦਾਮਾਦ ਕਮਿਊਨਿਸਟ ਹੋਣ ਕਰਕੇ ਮੇਰੇ ਉੱਪਰ ਕਮਿਊਨਿਸਟ ਵਿਚਾਰਧਾਰਾ ਦਾ ਅਸਰ ਵੀ ਹੋਣ ਲੱਗ ਪਿਆ।

"ਉਦੋਂ ਸੋਵੀਅਤ ਰੂਸ ਵਾਲਿਆਂ ਨੇ ਪੰਜਾਬੀ ਵਿੱਚ ਆਪਣੀਆਂ ਬਹੁਤ ਸਾਰੀਆਂ ਕਿਤਾਬਾਂ ਵੀ ਛਪਵਾਈਆਂ । ਮੈਂ ਉਹ ਤਾਂ ਪੜ੍ਹਦਾ ਹੀ ਸਾਂ, ਨਾਲੇ ਅੰਗ੍ਰੇਜ਼ੀ ਵਿੱਚ ਕਮਿਊਨਿਸਟ ਕਲਾਸਿਕ ਜੋ ਮਿਲੇ ਉਹ ਵੀ ਪੜ੍ਹ ਲਏ। ਇਨ੍ਹਾਂ ਕਰ ਕੇ ਉਸਦਾ ਮੇਰੀ ਨਿੱਜੀ ਵਿਚਾਰਧਾਰਾ 'ਤੇ ਚੋਖਾ ਅਸਰ ਹੋ ਗਿਆ।

"ਪਰ ਅੰਦਰੋਂ ਮੈਂ ਬੇਅਰਾਮ ਸਾਂ। ਮੈਨੂੰ ਉਹਨਾਂ ਦੀ ਖ਼ੂਨੀ ਇਨਕਲਾਬ ਦੀ ਗੱਲ ਪਸੰਦ ਨਹੀਂ ਸੀ। ਕਦੇ ਕੋਈ ਕਿਸੇ ਦਾ ਖ਼ੂਨ ਵਹਾ ਕੇ ਵੀ ਉਸ ਦਾ ਪਰਿਵਰਤਨ ਕਰ ਸਕਿਆ ਹੈ? ਪਰਿਵਰਤਨ ਤਾਂ ਪਿਆਰ ਨਾਲ ਹੀ ਹੋ ਸਕਦਾ ਹੈ । ਮੈਨੂੰ ਲੱਗਾ, ਮੈਂ ਇਕ ਕੱਟੜਤਾ ਵਿੱਚੋਂ ਨਿਕਲਣ ਤੁਰਿਆਂ ਸਾਂ, ਪਰ ਇਕ ਦੂਜੀ ਕੱਟੜਤਾ ਵਿੱਚ ਆ ਫਸਿਆ ਹਾਂ। ਮੈਂ ਜ਼ਿੰਦਗੀ ਵਿਅਰਥ ਹੀ ਗੁਆ ਦਿੱਤੀ ਹੈ।"

ਮੈਂ ਕਿਹਾ, "ਦਾਰ ਜੀ!..." ਮੇਰੀ ਗੱਲ ਵਿੱਚ ਕੱਟ ਕੇ ਬੋਲੇ,, "ਤੁਸੀਂ ਮੈਨੂੰ ਦਾਰ ਜੀ ਕਿਉਂ ਬੁਲਾਉਂਦੇ ਹੋ?" ਮੈਂ ਕਿਹਾ, "ਮੈਂ ਤੇ ਨਵਤੇਜ ਕਾਲਜ ਵਿੱਚ ਇਕੱਠੇ ਸਾਂ, ਉਹ ਮੈਥੋਂ ਦੋ ਸਾਲ ਅੱਗੇ ਸੀ। ਮੈਂ ਉਸ ਨੂੰ ਆਪਣੀਆਂ ਕਵਿਤਾਵਾਂ



ਸੁਣਾਉਂਦਾ ਤੇ ਉਸ ਪਾਸੋਂ ਉਸ ਦੀਆਂ ਕਹਾਣੀਆਂ ਸੁਣਦਾ ਹੁੰਦਾ ਸਾਂ। ਉਹ ਜਦ ਤੁਹਾਡੀ ਗੱਲ ਕਰਦਾ ਸੀ ਤਾਂ 'ਦਾਰ ਜੀ' ਕਹਿੰਦਾ ਹੁੰਦਾ ਸੀ। ਜੇ ਤੁਸੀਂ ਉਸ ਦੇ ਦਾਰ ਜੀ ਹੋ, ਤਾਂ ਮੇਰੇ ਵੀ ਦਾਰ ਜੀ ਹੋਏ।"

ਫਿਰ ਮੈਂ ਗੱਲ ਜਾਰੀ ਰੱਖਦਿਆਂ ਕਿਹਾ, "ਦਾਰ ਜੀ, ਸਾਡੀ ਵਿਚਾਰਧਾਰਾ ਸਾਡੇ ਅਧੀਨ ਹੋਣੀ ਚਾਹੀਦੀ ਏ, ਸਾਨੂੰ ਕਿਸੇ ਇਕ ਵਿਚਾਰਧਾਰਾ ਦੇ ਅਧੀਨ ਨਹੀਂ ਹੋਣਾ ਚਾਹੀਦਾ । ਤੁਹਾਡੇ ਪਾਸ ਆਪਣੀ ਵਿਚਾਰਧਾਰਾ ਮੌਜੂਦ ਹੈ। ਉਸ ਵਿਚਾਰਧਾਰਾ 'ਤੇ ਕੱਜਣ ਕਿਉਂ ਪਾ ਦਿੱਤਾ ਜੇ? ਤੁਸੀਂ ਮੌਲਿਕ ਜੀਊੜੇ ਹੋ, ਮੌਲਿਕਤਾ ਹੀ ਤੁਹਾਡੀ ਜ਼ਿੰਦਗੀ ਹੈ।"

ਗੁਰਬਖ਼ਸ਼ ਸਿੰਘ ਹੋਰਾਂ ਦੀ ਅੱਖ ਨਮ ਹੋ ਗਈ। ਫਿਰ ਅਸੀਂ ਕੋਈ ਡੇਢ ਕੁ ਘੰਟਾ ਹੋਰ ਆਪਸ ਵਿੱਚ ਗੱਲਾਂ ਕਰਦੇ ਰਹੇ।

ਚੱਲਣ ਲੱਗਿਆਂ ਮੈਂ ਦਾਰ ਜੀ ਨੂੰ ਕਿਹਾ, "ਤੁਸੀਂ ਮੇਰੇ ਘਰ ਪਹਿਲੀ ਵਾਰ ਆਏ ਹੋ, ਕੁਝ ਜਲ-ਪਾਣੀ ਤਾਂ ਅੰਗੀਕਾਰ ਕਰਕੇ ਜਾਓ।" ਕਹਿਣ ਲੱਗੇ, "ਜੋ ਗੱਲਾਂ ਅਸਾਂ ਕੀਤੀਆਂ ਹਨ ਕੀ ਉਹ ਕਿਸੇ ਜਲ-ਪਾਣੀ ਦੀ ਕਸਰ ਛੱਡਦੀਆਂ ਹਨ ?"

**ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥**
**ਮਿਲੈ ਅਸੰਤੁ ਮਸਟਿ ਕਰਿ ਰਹੀਐ ॥"** (ਅੰ: ੮੭੦)

ਮੈਂ ਕਿਹਾ, "ਦਾਰ ਜੀ, ਕਬੀਰ ਜੀ ਦਾ ਇਹ ਉਪਦੇਸ਼ ਜੋ ਤੁਸਾਂ ਮੈਨੂੰ ਯਾਦ ਕਰਾਇਆ ਹੈ, ਮੈਂ ਇਸ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰਦਾ ਰਹਾਂਗਾ।

## ਅਸ਼ਲੀਲ ਬੋਲਾਂ 'ਤੇ ਨਿਯੰਤਰਣ ਦੀ ਲੋੜ

ਕੰਵਰਜੀਤ, ਮੇਰੀ ਪਤਨੀ ਤੇ ਮੈਂ, ਇਕ ਭੱਦਰਪੁਰਸ਼ ਦੇ ਘਰ ਉਹਨਾਂ ਨੂੰ ਮਿਲਣ ਪਹਿਲੀ ਵਾਰ ਗਏ। ਉਹ ਸੱਜਣ ਇਹ ਤਾਂ ਜਾਣਦੇ ਸਨ ਕਿ ਮੈਂ ਕਵੀ ਹਾਂ ਪਰ ਇਹ ਨਹੀਂ ਸਨ ਜਾਣਦੇ ਕਿ ਮੈਂ ਕਿੱਤੇ ਵਜੋਂ ਮਨੋਚਿਕਿਤਸਕ ਹਾਂ। ਨਾ ਹੀ ਇਹ ਜਾਣਦੇ ਸਨ ਕਿ ਮੇਰੀ ਪਤਨੀ ਮਨੋਵਿਗਿਆਨ ਦੀ ਪੀ.ਐਚ.ਡੀ. ਹੈ ਤੇ ਮਾਨਸਿਕ ਸਮੱਸਿਆਵਾਂ ਵਾਲੇ ਜੀਆਂ ਨੂੰ ਪੇਸ਼ਾਵਰ ਸਲਾਹ ਦੇਣ ਦਾ ਕੰਮ ਕਰਦੀ ਹੈ।

ਮੁੱਢਲੀ ਮਹਿਮਾਨ ਨਿਵਾਜ਼ੀ ਦੇ ਦੌਰਾਨ ਜਦ ਉਹਨਾਂ ਸਾਡੇ ਕਿੱਤੇ ਵੱਲੋਂ ਪੁੱਛਿਆ ਤਾਂ ਅਸਾਂ ਉਹਨਾਂ ਨੂੰ ਦੱਸ ਦਿੱਤਾ ਕਿ ਸਾਡਾ ਪੇਸ਼ਾ ਕੀ ਹੈ। ਇਹ ਸੁਣ ਕੇ ਸਾਨੂੰ ਲੱਗਾ ਕਿ ਉਸ ਭੱਦਰਪੁਰਸ਼ ਦੀ ਪਤਨੀ, ਸਾਨੂੰ ਕੁਝ ਕਹਿਣਾ ਚਾਹ ਰਹੀ

ਸੀ, ਪਰ ਆਪਣੇ ਆਦਮੀ ਦੇ ਵਰਜਦੇ ਚਿਹਰੇ ਨੂੰ ਵੇਖ ਕੇ ਬੋਲੀ ਕੁਝ ਨਹੀਂ ।

ਜਦ ਅਸੀਂ ਇਜਾਜ਼ਤ ਲੈ ਕੇ ਵਿਦਾ ਹੋਣ ਲੱਗੇ ਤਾਂ ਉਨ੍ਹਾਂ ਦੀ ਪਤਨੀ ਸਾਨੂੰ ਕਹਿਣ ਲੱਗੀ, "ਤਿੰਨ ਦਿਨਾਂ ਤਕ ਸਾਡੀ ਸ਼ਾਦੀ ਦੀ ਸਾਲਗਿਰਾਹ ਹੈ। ਸਾਡੀ ਬੇਨਤੀ ਹੈ ਕਿ ਤੁਸੀਂ ਦੋਵੇਂ ਉਸ ਦਿਨ ਵੀ ਜੇ ਆ ਸਕੋ ਤੇ ਸਾਨੂੰ ਅਸੀਸ ਦੇ ਸਕੋ ਤਾਂ ਅਸੀਂ ਧੰਨਵਾਦੀ ਹੋਵਾਂਗੇ।" ਮੇਰੀ ਪਤਨੀ ਨੇ ਇਹ ਨਿਮੰਤ੍ਰਣ ਪਰਵਾਨ ਕਰ ਲਿਆ ।

ਉਸ ਦਿਨ ਬੜੀ ਚਹਿਲ-ਪਹਿਲ ਸੀ। ਬੜੇ ਲੋਕ ਆਏ ਹੋਏ ਸਨ। ਖੂਬ ਜਸ਼ਨ ਹੋਇਆ। ਫਿਰ ਲੋਕੀਂ ਦੁਬਾਰੇ ਤਿਬਾਰੇ ਮੁਬਾਰਕਾਂ ਦੇ ਕੇ ਵਿਦਾ ਹੋਣ ਲੱਗੇ। ਜਦ ਅਸਾਂ ਇਜਾਜ਼ਤ ਮੰਗੀ ਤਾਂ ਉਹਨਾਂ ਦੀ ਪਤਨੀ ਸਾਨੂੰ ਕਹਿਣ ਲੱਗੀ, "ਅਜੇ ਮੈਂ ਤੁਹਾਨੂੰ ਤੇ ਕੇਵਲ ਤੁਹਾਨੂੰ ਆਪਣੇ ਵਿਆਹ ਦੀ ਐਲਬਮ ਵਿਖਾਉਣੀ ਹੈ। ਅਸੀਂ ਥੋੜ੍ਹੀ ਦੇਰ ਹੋਰ ਰੁਕ ਗਏ।

ਫਿਰ ਉਹਨਾਂ ਦੀ ਪਤਨੀ ਐਲਬਮ ਕੱਢ ਲਿਆਈ ਤੇ ਦੋਵੇਂ ਜੀ ਸਾਨੂੰ ਐਲਬਮ ਦਿਖਾਉਣ ਲੱਗ ਪਏ। ਐਲਬਮ ਅੱਧ ਵਿੱਚ ਸੀ ਤਾਂ ਉਹਨਾਂ ਦੀ ਪਤਨੀ ਕਹਿਣ ਲੱਗੀ, "ਤੁਸੀਂ ਦੋਵੇਂ ਮਨੋਵਿਗਿਆਨ ਦੇ ਵਿਸ਼ੇਸ਼ਗ ਹੋ। ਮੈਂ ਤੁਹਾਥੋਂ ਇਕ ਸਲਾਹ ਲੈਣੀ ਹੈ।" ਮੇਰੀ ਪਤਨੀ ਨੇ ਕਿਹਾ, "ਦੱਸੋ !" ਉਹ ਕਹਿਣ ਲੱਗੀ, "ਮੈਂ ਪਿਛਲੀ ਵਾਰ ਵੀ ਪੁੱਛਣਾ ਚਾਹੁੰਦੀ ਸਾਂ, ਪਰ ਫੇਰ ਪਤਾ ਨਹੀਂ ਕਿਉਂ ਝਕ ਗਈ।" ਮੇਰੀ ਪਤਨੀ ਨੇ ਕਿਹਾ, "ਹੁਣ ਤਾਂ ਝਾਕਾ ਲਾਹ ਲਿਆ ਜੇ, ਹੁਣ ਹੀ ਦੱਸੋ ।"

ਉਹ ਕਹਿਣ ਲੱਗੀ, "ਇਹ ਸ੍ਰੀਮਾਨ ਜੀ ਮੇਰੇ ਪਤੀ, ਮਾਵਾਂ ਭੈਣਾਂ ਦੀਆਂ ਗਾਲ੍ਹਾਂ, ਉਜੱਡ ਤੇ ਅਸ਼ਲੀਲ ਗੱਲਾਂ, ਆਪਣੇ ਬੱਚਿਆਂ ਦੇ ਸਾਹਮਣੇ ਹੀ ਮੈਨੂੰ ਕਹਿੰਦੇ ਰਹਿੰਦੇ ਹਨ।"

ਮੈਂ ਕਿਹਾ, "ਤੁਸਾਂ ਕਈ ਵਾਰ ਆਪ ਇਹਨਾਂ ਨੂੰ ਸਮਝਾਇਆ ਹੋਣੈ ।" ਕਹਿਣ ਲੱਗੀ, "ਮੈਂ ਕਈ ਵਾਰ ਪਿਆਰ ਨਾਲ ਵੀ ਬੇਨਤੀ ਕੀਤੀ ਹੈ ਤੇ ਗੁੱਸੇ ਨਾਲ ਵੀ । ਪਰ ਇਹ ਮੰਨਦੇ ਹੀ ਨਹੀਂ ।" "ਕੀ ਕਹਿੰਦੇ ਹਨ?" ਮੈਂ ਪੁੱਛਿਆ, ਤਾਂ ਉਹ ਭੱਦਰ ਪੁਰਸ਼ ਜੀ ਆਪੇ ਬੋਲ ਪਏ, ਮੈਂ ਇਹਨੂੰ ਕਹਿੰਦਾ ਹਾਂ, "ਇਹ ਗਾਲ੍ਹਾਂ ਤੇ ਇਹ ਕਾਮੁਕ ਗੱਲਾਂ ਇਨ੍ਹਾਂ ਸਭ ਆਪਣੇ ਹਾਣੀਆਂ ਕੋਲੋਂ ਸੁਣੀਆਂ ਹੋਈਆਂ ਨੇ ਜਾਂ ਸੁਣ ਲੈਣੀਆਂ ਨੇ । ਫਿਰ ਮੇਰੇ ਕਹਿਣ ਜਾਂ ਨਾ ਕਹਿਣ ਨਾਲ ਕੀ ਫ਼ਰਕ ਪੈਂਦਾ ਹੈ।..."

ਤਦ ਮੇਰੀ ਪਤਨੀ ਉਨ੍ਹਾਂ ਦੀ ਗੱਲ ਵਿਚੇ ਟੁੱਕ ਕੇ ਬੋਲੀ, "ਤੁਸੀਂ ਠੀਕ ਕਹਿੰਦੇ ਹੋ ਕਿ ਇਸ ਤਰ੍ਹਾਂ ਦੀ ਅਸ਼ਲੀਲਤਾ ਤੁਹਾਡੇ ਬੱਚਿਆਂ ਨੇ ਆਪਣੇ ਹਾਣੀਆਂ ਪਾਸੋਂ ਸੁਣ ਲਈ ਹੋਣੀ ਹੈ ਜਾਂ ਸੁਣ ਲੈਣਗੇ। ਇਹੋ ਕਾਰਨ ਹੈ ਕਿ



ਮਾਪਿਆਂ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਉਜੱਡ ਲੋਕਾਂ ਵਾਲੇ ਅਸ਼ਲੀਲ ਬੋਲਾਂ ਤੋਂ ਪਰਹੇਜ਼ ਕਰਨ ਤੇ ਬੱਚਿਆਂ ਸਾਹਵੇਂ ਸਭਯ ਪੱਧਰ ਦੇ ਬੋਲਾਂ ਦਾ ਨਮੂਨਾ ਪੇਸ਼ ਕਰਦੇ ਰਹਿਣ ਤਾਂ ਜੁ ਉਹ ਤਹਿਜ਼ੀਬ ਸਿਖ ਸਕਣ ਤੇ ਸਭਯ ਜਗਤ ਦੇ ਭਵਿੱਖ ਦੇ ਸਾਜਨਹਾਰ ਬਣ ਸਕਣ ।"

ਉਸ ਭੱਦਰ ਪੁਰਸ਼ ਨੇ ਮੇਰੀ ਪਤਨੀ ਨੂੰ ਪ੍ਰਣਾਮ ਕੀਤਾ ਤੇ ਕਿਹਾ, "ਅੱਜ ਤੋਂ ਬਾਅਦ ਮੈਂ ਕੋਈ ਐਸੇ ਭੈੜੇ ਬੋਲ ਨਹੀਂ ਬੋਲਾਂਗਾ । ਤੁਹਾਡੇ ਨਾਲ ਮੇਰਾ ਬਚਨ ਰਿਹਾ ।" (1991)

## ਗੁਰੂ ਗੋਬਿੰਦ ਸਿੰਘ ਨੂੰ ਗਵਾਹ ਬਣਾ ਲਿਆ ਕਰਾਂਗੀ

ਉਨੀ ਸੌ ਨੱਬਿਆਂ ਦੇ ਪਿਛਲੇ ਅੱਧ ਦੀ ਗੱਲ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਏ ਸਾਂ। ਨਾਲ-ਨਾਲ ਸਾਡੇ ਕੀਰਤਨੀ ਜੱਥੇ ਸਨ। ਸਾਰਾ ਰਾਹ ਨਾਮ ਧੁਨ ਲੱਗੀ ਰਹੀ ।

ਗੋਬਿੰਦ ਧਾਮ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਆਯੋਜਿਤ ਹੋਇਆ। ਸ੍ਰ: ਸ਼ਮਸ਼ੇਰ ਸਿੰਘ ਜੀ, ਜੋ ਜੱਥੇ ਦੇ ਸੰਚਾਲਕ ਸਨ, ਸਾਰਾ ਇੰਤਜ਼ਾਮ ਵੇਖ ਰਹੇ ਸਨ। ਉਨ੍ਹਾਂ ਸਥਾਨ ਦੇਖਿਆ ਜਿੱਥੇ ਅੰਮ੍ਰਿਤ ਸੰਚਾਰ ਹੋਣਾ ਸੀ। ਉਸ ਦੀ ਸਫ਼ਾਈ ਦਾ ਬੰਦੋਬਸਤ ਕਰਵਾਇਆ । ਪੰਜ ਪਿਆਰੇ ਜਿਨ੍ਹਾਂ ਅੰਮ੍ਰਿਤ ਤਿਆਰ ਕਰਨਾ ਸੀ ਉਹਨਾਂ ਨਾਲ ਗੱਲ ਬਾਤ, ਸਲਾਹ ਮਸ਼ਵਰਾ ਕੀਤਾ। ਸਮਾਂ ਮੁਕੱਰਰ ਕੀਤਾ ਤੇ ਇਕ ਦਿਨ ਪਹਿਲੇ ਸ਼ਾਮ ਦੇ ਦੀਵਾਨ ਵਿੱਚ ਐਲਾਨ ਕੀਤਾ ਕਿ ਅਗਲੇ ਦਿਨ ਸਵੇਰੇ 10 ਵਜੇ ਅੰਮ੍ਰਿਤ ਸੰਚਾਰ ਹੋਵੇਗਾ । ਅਭਿਲਾਸ਼ੀ ਸੱਜਣ ਆਪਣੇ ਨਾਮ ਗ੍ਰੰਥੀ ਸਾਹਿਬ ਨੂੰ ਲਿਖਵਾ ਦੇਣ ।

ਸਵੇਰੇ-ਸਵੇਰੇ ਇਕ ਵਿਆਹੁਤਾ ਲੜਕੀ ਮੇਰੇ ਕੋਲ ਆਈ । ਕਹਿਣ ਲੱਗੀ, "ਮੈਂ ਅੰਮ੍ਰਿਤ ਪਾਨ ਕਰਨ ਆਈ ਹਾਂ । ਗ੍ਰੰਥੀ ਜੀ ਕੋਲ ਨਾਮ ਲਿਖਾਣ ਗਈ ਤਾਂ ਉਨ੍ਹਾਂ ਮੇਰਾ ਨਾਮ ਲਿਖਣ ਤੋਂ ਇਨਕਾਰ ਕਰ ਦਿੱਤਾ।" ਮੈਂ ਉਸ ਨੂੰ ਸਲਾਹ ਦਿੱਤੀ ਕਿ ਸ: ਸ਼ਮਸ਼ੇਰ ਸਿੰਘ ਹੋਰਾਂ ਨੂੰ ਮਿਲੇ। ਉਹ ਮਿਲੀ ਤਾਂ ਸ਼ਮਸ਼ੇਰ ਸਿੰਘ ਹੋਰਾਂ ਕਿਹਾ, "ਇਹ ਤਾਂ ਬੜੀ ਚੰਗੀ ਗੱਲ ਹੈ ਜੁ ਤੁਸੀਂ ਅੰਮ੍ਰਿਤ ਪਾਨ ਕਰਕੇ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹੋ। ਪਰ ਮੈਨੂੰ ਸਮਝ ਨਹੀਂ ਆਈ ਗ੍ਰੰਥੀ ਸਾਹਿਬ ਨੇ ਤੁਹਾਡਾ ਨਾਮ ਲਿਖਣ ਤੋਂ ਇਨਕਾਰ ਕਿਉਂ ਕੀਤਾ ?"

ਕਹਿਣ ਲੱਗੀ, "ਉਹ ਪੁੱਛਦੇ ਸਨ, ਕੀ ਤੁਹਾਡਾ ਪਤੀ ਅੰਮ੍ਰਿਤਧਾਰੀ ਹੈ ? ਜੇ ਨਹੀਂ ਤਾਂ ਕੀ ਤੁਹਾਡੇ ਨਾਲ ਅੰਮ੍ਰਿਤ ਛਕਣ ਲਈ ਤਿਆਰ ਹੈ? ਤਦ ਮੈਂ ਕਿਹਾ 'ਜੀ ਨਹੀਂ', ਤਾਂ ਉਨ੍ਹਾਂ ਕਿਹਾ ਤਦ ਤੁਹਾਡੀ ਅੰਮ੍ਰਿਤ ਦੀ ਰਹਿਤ ਨਿਭ

ਨਹੀਂ ਸਕੇਗੀ । ਸੋ ਤੁਹਾਨੂੰ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ ।"

ਸ: ਸ਼ਮਸ਼ੇਰ ਸਿੰਘ ਹੋਰੀਂ ਮੁਸਕਰਾ ਪਏ ਤੇ ਉਸ ਬੱਚੀ ਨੂੰ ਉਨ੍ਹਾਂ ਆਖਿਆ, "ਤੁਸੀਂ ਵੇਲੇ ਸਿਰ ਆ ਜਾਣਾ, ਤੁਹਾਨੂੰ ਅੰਮ੍ਰਿਤ ਜ਼ਰੂਰ ਪਾਨ ਕਰਾਇਆ ਜਾਵੇਗਾ ।"

ਉਹ ਲੜਕੀ ਬੜੀ ਖੁਸ਼ ਹੋ ਗਈ। ਸ: ਸ਼ਮਸ਼ੇਰ ਸਿੰਘ ਹੋਰਾਂ ਦਾ ਉਸ ਧੰਨਵਾਦ ਕੀਤਾ ਤੇ ਛੋਹਲੇ ਕਦਮਾਂ ਨਾਲ ਤਿਆਰ ਹੋਣ ਵਾਸਤੇ ਪਰਤ ਗਈ।

ਪੂਰੇ ਵਕਤ ਸਿਰ ਅੰਮ੍ਰਿਤ ਸੰਚਾਰ ਦੇ ਅਸਥਾਨ 'ਤੇ ਉਹ ਪਹੁੰਚ ਗਈ। ਸ: ਸ਼ਮਸ਼ੇਰ ਸਿੰਘ ਹੋਰੀਂ ਵੀ ਉੱਥੇ ਸਨ। ਇਤਨੇ ਨੂੰ ਗ੍ਰੰਥੀ ਸਾਹਿਬ ਵੀ ਆ ਗਏ। ਉਨ੍ਹਾਂ ਆਉਂਦਿਆਂ ਹੀ ਉਸ ਲੜਕੀ ਨੂੰ ਸੰਬੋਧਨ ਕੀਤਾ ਤੇ ਕਿਹਾ, ਬੀਬੀ ਤੁਹਾਨੂੰ ਕਿਹਾ ਸੀ ਨਾ, ਤੁਹਾਨੂੰ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ। ਤੁਸੀਂ ਫੇਰ ਕਿਉਂ ਆ ਗਏ ਹੋ ?"

ਸ: ਸ਼ਮਸ਼ੇਰ ਸਿੰਘ ਹੋਰਾਂ ਗ੍ਰੰਥੀ ਸਾਹਿਬ ਨੂੰ ਪੁੱਛਿਆ, "ਇਸ ਬੱਚੀ ਨੂੰ ਅੰਮ੍ਰਿਤ ਕਿਉਂ ਨਹੀਂ ਛਕਾਇਆ ਜਾ ਸਕਦਾ ?"

ਗ੍ਰੰਥੀ ਸਾਹਿਬ ਨੇ ਕਿਹਾ, ਕਿਉਂਕਿ ਇਸ ਦਾ ਘਰ ਵਾਲਾ ਨਾ ਅੰਮ੍ਰਿਤਧਾਰੀ ਹੈ ਅਤੇ ਨਾ ਅੰਮ੍ਰਿਤ ਛਕਣ ਨੂੰ ਤਿਆਰ ਹੈ।"

ਸ: ਸ਼ਮਸ਼ੇਰ ਸਿੰਘ ਨੇ ਆਖਿਆ, **"ਭਾਈ ਸਾਹਿਬ ਜੀ, ਇਹ ਸ਼ਰਤ ਤਾਂ ਕਿਧਰੇ ਨਹੀਂ ਕਿ ਜੀਵਨ ਸਾਥੀ ਵੀ ਅੰਮ੍ਰਿਤਧਾਰੀ ਜ਼ਰੂਰ ਹੋਵੇ। ਹੋਵੇ ਤਾਂ ਚੰਗਾ ਹੈ, ਪਰ ਇਹ ਕੋਈ ਲਾਜ਼ਮੀ ਸ਼ਰਤ ਤਾਂ ਨਹੀਂ ।"**

ਗ੍ਰੰਥੀ ਸਾਹਿਬ ਕਹਿਣ ਲੱਗੇ, "ਨਹੀਂ ਜੀ ਸਾਨੂੰ ਤਾਂ ਇਹੋ ਪਤੈ ਕਿ ਦੰਪਤੀ ਦੋਹਾਂ ਨੂੰ ਅੰਮ੍ਰਿਤ ਛੱਕਣਾ ਚਾਹੀਦੈ ਨਹੀਂ ਤਾਂ ਨਿਭਦਾ ਨਹੀਂ।" ਸ: ਸ਼ਮਸ਼ੇਰ ਸਿੰਘ ਹੋਰਾਂ ਤਦ ਕਿਹਾ, "ਜੇ ਇਹ ਗੱਲ ਹੁੰਦੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਪਹਿਲੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤਾਂ ਨਾਲ ਉਨ੍ਹਾਂ ਦੀਆਂ ਘਰ ਵਾਲੀਆਂ ਨੂੰ ਵੀ ਛਕਾਉਂਦੇ ।"

ਤਦ ਗ੍ਰੰਥੀ ਸਾਹਿਬ ਨਿਰੁਤਰ ਹੋ ਗਏ ਤੇ ਕਿਹਾ, "ਠੀਕ ਹੈ, ਤੁਸੀਂ ਕਹਿੰਦੇ ਹੋ ਤਾਂ ਬੀਬੀ ਨੂੰ ਅੰਮ੍ਰਿਤ ਛਕਾ ਦਿੰਦੇ ਹਾਂ । ਪਹਿਲਾਂ ਤਾਂ ਅਸੀਂ ਇੰਵ ਕਦੇ ਨਹੀਂ ਛਕਾਇਆ ।"

ਅੰਮ੍ਰਿਤ ਪਾਨ ਕਰਨ ਉਪਰੰਤ ਉਹ ਬੱਚੀ ਉੱਥੇ ਆਈ ਜਿੱਥੇ ਸ: ਸ਼ਮਸ਼ੇਰ ਸਿੰਘ ਤੇ ਮੈਂ ਖਲੋਤੇ ਸਾਂ । ਉਸ ਦੇ ਚਿਹਰੇ ਤੇ ਅਜਬ ਨੂਰ ਸੀ । ਆ ਕੇ ਉਸ ਨੇ ਫ਼ਤਹਿ ਗਜਾਈ ਤੇ ਫਿਰ ਕਹਿਣ ਲੱਗੀ, "ਅੱਜ ਤੋਂ ਕੋਈ ਕਿਸੇ ਲੜਕੀ ਨੂੰ ਅੰਮ੍ਰਿਤ ਛਕਾਉਣ ਤੋਂ ਨਾਂਹ ਨਹੀਂ ਕਰ ਸਕੇਗਾ। ਨਹੀਂ ਤਾਂ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਗਵਾਹ ਬਣਾ ਲਿਆ ਕਰਾਂਗੀ ।" (1996)



## ਮੇਰੇ ਗੁਰੂ ਨਾਲ ਲੜ ਸਕਣ ਦਾ ਸਾਹਸ ਰੱਖਦੇ ਹੋ ?

ਮੈਂ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਜਾ ਰਿਹਾ ਸਾਂ। ਛਿਆਂ ਦਿਨਾਂ ਵਿੱਚ ਉੱਥੇ ਪਹੁੰਚਣਾ ਸੀ। ਰਸਤੇ ਵਿੱਚ ਪੰਜ ਪੜਾ ਪੈਂਦੇ ਸਨ। ਹੇਮਕੁੰਟ ਸਾਹਿਬ ਫਾਊਂਡੇਸ਼ਨ ਦਾ ਇੰਤਜ਼ਾਮ ਸੀ। ਕੋਈ ਦੋ ਕੁ ਸੌ ਦਾ ਜਥਾ ਜਾ ਰਿਹਾ ਸੀ। ਰਾਗੀ ਜਥੇ ਨਾਲ ਸਨ, ਉਹ ਥਾਂ ਪੁਰ ਥਾਂ, ਜਿੱਥੇ ਠਹਿਰਨਾ ਹੁੰਦਾ ਕੀਰਤਨ ਕਰਦੇ ਸਨ। ਸੰਗਤਾਂ ਆਪ ਵੀ ਕੀਰਤਨ ਕਰਦੀਆਂ ਜਾ ਰਹੀਆਂ ਸਨ ।

ਮੈਂ ਸਾਰਾ ਰਸਤਾ ਆਪਣੀ ਹਉਮੈ ਨਾਲ ਜੰਗ ਕਰਦਿਆਂ ਤੁਰਿਆ ਗਿਆ। ਮੈਨੂੰ ਕਦੇ ਖ਼ਿਆਲ ਤਕ ਨਹੀਂ ਸੀ ਆਇਆ ਕਿ ਇਸ ਨੂੰ ਵੀ ਢਾਹ ਸਕਣਾ ਕਿਤਨਾ ਕਠਿਨ ਹੋਵੇਗਾ। ਉਹ ਮੈਨੂੰ ਕੀਰਤਨ ਕਰਦੇ ਨੂੰ ਵੀ ਆਪਣਾ ਦਿਲ ਖੋਲ੍ਹਣ ਨਹੀਂ ਸੀ ਦੇਂਦੀ ਤਾਂ ਜੁ ਰੱਬ ਮੇਰੇ ਅੰਦਰ ਨਾ ਆ ਸਕੇ। ਸਿਮਰਨ ਵਿੱਚ ਬੈਠਾ ਤਾਂ ਮੂੰਹੋਂ 'ਵਾਹਿਗੁਰੂ, ਵਾਹਿਗੁਰੂ' ਕਰੀ ਜਾਵਾਂ ਪਰ ਧਿਆਨ ਹੋਰ ਕਈ ਊਲ ਜਲੂਲ ਪਾਸਿਆਂ ਵੱਲ ਭਟਕਦਾ ਫਿਰੇ ।

ਕੋਈ ਨਹੀਂ ਸੀ ਜੁ ਰਹਿਨੁਮਾਈ ਕਰ ਸਕੇ। ਮੇਰੀ ਡਿਊਟੀ, ਡਾਕਟਰੀ ਦੀ ਵੀ ਸੀ, ਜੇਕਰ ਕੋਈ ਬੀਮਾਰ ਹੋ ਜਾਵੇ ਤਾਂ ਉਸ ਦੀ ਦੇਖਭਾਲ ਕਰਾਂ ।

ਇਕ ਲੜਕੀ ਕੋਈ ਸਤਾਰਾਂ-ਅਠਾਰਾਂ ਸਾਲ ਦੀ ਪੈਦਲ ਤੁਰਦੀ ਪਈ ਸੀ, ਉਸਨੂੰ ਠੇਡਾ ਵੱਜਣ 'ਤੇ ਉਹ ਉੱਲਰ ਕੇ ਡਿੱਗ ਪਈ। ਉਸਦੀ ਇਕ ਬਾਂਹ ਮਚਕੋੜੀ ਗਈ ਤੇ ਦੂਜੀ ਖਰੂੰਡੀ ਗਈ। ਉਸ ਨੂੰ ਦਰਦਨਾਸ਼ਕ ਦਵਾਈ ਦਿੱਤੀ। ਉਸ ਦੇ ਪੈਰਾਂ 'ਤੇ ਦਰਦਨਾਸ਼ਕ ਕਰੀਮ ਦੀ ਮਾਲਿਸ਼ ਕੀਤੀ। ਬੜੀ ਬਹਾਦਰ ਕੁੜੀ ਸੀ, ਸਾਰੀਆਂ ਸੱਟਾਂ-ਫੇਟਾਂ ਉਸ ਨੇ ਹੱਸਦੇ-ਹੱਸਦੇ ਝੱਲੀਆਂ। ਜਦ ਮੈਂ ਆਪਣੀ ਸੇਵਾ ਸਮਾਪਤ ਕਰਕੇ ਵਿਦਾ ਹੋਣ ਲੱਗਾ ਤਾਂ ਉਸ ਨੇ ਮੇਰੇ ਕੁਰਤੇ ਦਾ ਦਾਮਨ ਫੜ ਕੇ ਮੈਨੂੰ ਰੋਕ ਲਿਆ। ਹੰਝੂ ਉਸ ਦੀਆਂ ਅੱਖਾਂ ਵਿੱਚੋਂ ਇਕਦਮ ਵਹਿ ਤੁਰੇ ਤੇ ਕਹਿਣ ਲੱਗੀ, "ਕਾਸ਼ ਤੁਸੀਂ ਮੇਰੇ ਪਿਤਾ ਹੁੰਦੇ ।" ਮੈਂ ਕਿਹਾ, "ਬੇਟੀ ਮੈਂ ਵੀ ਤੇ ਪਿਤਾ ਜਿਹਾ ਹੀ ਹਾਂ।" ਉਹ ਭੁੱਬਾਂ ਮਾਰ ਕੇ ਰੋ ਪਈ ਤੇ ਕਹਿਣ ਲੱਗੀ, ਇਉਂ ਨਾ ਕਹੋ। ਰੱਬ ਕਰੇ ਕਿਸੇ ਦਾ ਪਿਤਾ ਵੀ ਮੇਰੇ ਪਿਤਾ ਵਰਗਾ ਨਾ ਹੋਵੇ। ਉਹਨਾਂ ਨੂੰ ਤਾਂ ਜਾਂ ਆਪਣੀ ਸ਼ਰਾਬ ਦਰਕਾਰ ਹੈ ਜਾਂ ਸਾਡੀ ਚੁੱਪ ਕੀਤੀ ਸੇਵਾ। ਜਦ ਮੈਂ ਏਥੇ ਡਿੱਗੀ, ਜੇਕਰ ਮੇਰੇ ਪਿਤਾ ਜੀ ਕੋਲ ਹੁੰਦੇ ਤਾਂ ਪਹਿਲਾਂ ਮੈਨੂੰ ਦੋ ਥੱਪੜ ਪੈਂਦੇ ਤੇ ਕਹਿੰਦੇ, 'ਤੇਰੀਆਂ ਅੱਖਾਂ ਫੁੱਟੀਆਂ ਹੋਈਆਂ ਹਨ, ਵੇਖ ਕੇ ਨਹੀਂ ਤੁਰਿਆ ਜਾਂਦਾ।' ਫਿਰ ਜੇ ਮੈਂ ਪੈਰ ਮਚਕੋੜੇ ਜਾਣ ਕਰਕੇ ਲੰਗੜਾਂਦੀ ਤਾਂ ਕਹਿੰਦੇ, "ਐਵੇਂ

ਮਚਲ ਨਾ ਮਾਰ ਮੈਂ ਸਭ ਬਹਾਨੇ ਵੀ ਜਾਣਨਾ ਤੇ ਇਹ ਵੀ ਜਾਣਨਾ ਉਹਨਾਂ ਨੂੰ ਭੰਨੀ ਦਾ ਕਿਵੇਂ ਹੈ।"

ਮੈਂ ਉਸ ਨੂੰ ਕਿਹਾ, "ਤੂੰ ਆਪਣੇ ਪਿਤਾ ਪਾਸੋਂ ਆਪਣਾ ਪਿਆਰ ਨਾ ਪਰਤਾ ਤੇ ਉਹਨਾਂ ਨੂੰ ਪਿਆਰ ਕਰੀ ਜਾ। ਪਰ ਦਲੇਰ ਹੋ ਜਾ। ਡਰ ਨਹੀਂ, ਡਰਾ ਕੇ ਰੱਖ। ਬਹਾਦਰ ਬੰਦੇ ਸਾਹਮਣੇ ਸ਼ਰਾਬੀ ਟਿੱਕ ਨਹੀਂ ਸਕਦਾ।"

ਪਤਾ ਨਹੀਂ ਗੁਰੂ ਨੇ ਕੀ ਬਖ਼ਸ਼ਿਸ਼ ਕੀਤੀ, ਉਹ ਬੱਚੀ ਇਕਦਮ ਉੱਠ ਖਲੋਤੀ ਤੇ ਜੈਕਾਰਾ ਮਾਰਿਆ, "ਬੋਲੇ ਸੋ ਨਿਹਾਲ।" ਲਾਗਲੀ ਸੰਗਤ ਨੇ "ਸਤਿ ਸ੍ਰੀ ਅਕਾਲ" ਆਖ ਕੇ ਜੈਕਾਰੇ ਦਾ ਉੱਤਰ ਦਿੱਤਾ।

ਸ਼ਾਮ ਨੂੰ ਅੰਮ੍ਰਿਤ ਸੰਚਾਰ ਸੀ, ਉਸ ਬੱਚੀ ਨੇ ਅੰਮ੍ਰਿਤਪਾਨ ਕਰ ਲਿਆ। ਉਸ ਤੋਂ ਬਾਅਦ ਮੈਨੂੰ ਮਿਲਣ ਆਈ। ਕਹਿਣ ਲੱਗੀ, "ਅੱਜ ਤੋਂ ਗੁਰੂ ਗੋਬਿੰਦ ਸਿੰਘ ਮੇਰੇ ਪਿਤਾ ਹੋ ਗਏ ਹਨ। ਹੁਣ ਮੈਨੂੰ ਕੋਈ ਡਰ ਨਹੀਂ।"

ਅੱਠ-ਨੌਂ ਮਹੀਨੇ ਲੰਘ ਗਏ। ਇਕ ਦਿਨ ਉਹ ਬੱਚੀ ਮੇਰੇ ਹਸਪਤਾਲ ਆਈ ਤੇ ਮੈਨੂੰ ਮਿਲ ਗਈ। ਉਸ ਦਾ ਚਿਹਰਾ ਹੰਸੂ-ਹੰਸੂ ਕਰ ਰਿਹਾ ਸੀ। ਮੈਨੂੰ ਉਸ ਨੇ ਘੁੱਟ ਕੇ ਆਪਣੀਆਂ ਬਾਹਾਂ ਵਿੱਚ ਲੈ ਲਿਆ ਤੇ ਕਹਿਣ ਲੱਗੀ, "ਡਾਕਟਰ ਜੀ, ਜਦੋਂ ਦਾ ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਪਿਤਾ ਧਾਰ ਲਿਆ, ਮੇਰੇ ਅੰਦਰ ਦੇ ਆਕਾਸ਼ ਤੋਂ ਬੱਦਲ ਹਟਣੇ ਸ਼ੁਰੂ ਹੋ ਗਏ। ਮੈਂ ਜਦ ਘਰ ਪਰਤੀ ਤਾਂ ਮੈਂ ਐਲਾਨ ਕਰ ਦਿੱਤਾ ਕਿ ਮੈਂ ਅੰਮ੍ਰਿਤਪਾਨ ਕਰ ਕੇ ਆਈ ਹਾਂ। ਅੱਜ ਤੋਂ ਗੁਰੂ ਗੋਬਿੰਦ ਸਿੰਘ ਮੇਰੇ ਪਿਤਾ ਹਨ, ਉਹਨਾਂ ਦਾ ਪਿਆਰ ਤੇ ਉਹਨਾਂ ਦੀ ਸ਼ਕਤੀ ਮੇਰੇ ਨਾਲ ਹੈ। ਅੱਜ ਤੋਂ ਘਰ ਵਿੱਚ ਕੋਈ ਕੁਰਹਿਤ ਨਹੀਂ ਹੋਵੇਗੀ। ਪਰ ਸ਼ਾਮ ਨੂੰ ਰੋਜ਼ ਵਾਂਗ ਮੇਰੇ ਦੁਨਿਆਵੀ ਪਿਤਾ ਜੀ, ਸ਼ਰਾਬ ਦੀ ਬੋਤਲ ਲੈ ਆਏ ਤੇ ਗਿਲਾਸ ਵਿੱਚ ਸ਼ਰਾਬ ਪਾਉਣ ਲੱਗ ਪਏ। ਮੈਂ ਰਸੋਈ 'ਚੋਂ ਚਿਮਟਾ ਚੁੱਕ ਲਿਆਈ ਤੇ ਉਹਨਾਂ ਦੀ ਬੋਤਲ ਵੀ ਭੰਨ ਦਿੱਤੀ ਤੇ ਗਿਲਾਸ ਵੀ। ਉਹ ਤਿਲਮਿਲਾ ਉੱਠੇ ਤੇ ਮੇਰੇ ਉੱਪਰ ਹੱਥ ਉਠਾਇਆ। ਮੈਂ ਹੱਥ ਪਕੜ ਲਿਆ ਤੇ ਕਿਹਾ, "ਗੁਰੂ ਗੋਬਿੰਦ ਸਿੰਘ ਨਾਲ ਲੜ ਸਕਣ ਦਾ ਸਾਹਸ ਰੱਖਦੇ ਹੋ? ਹੁਣ ਮੇਰੇ ਅੰਦਰ ਗੁਰੂ ਜੀ ਆਪ ਵਸਦੇ ਹਨ।' ਮੇਰੀਆਂ ਅੱਖਾਂ ਵੀ ਉਸ ਵੇਲੇ ਅਤਿ ਕ੍ਰੋਧਵਾਨ ਹੋਈਆਂ ਸਨ। ਮੇਰੇ ਪਿਤਾ ਜੀ ਠਠੰਬਰ ਗਏ ਤੇ ਮੰਜੇ 'ਤੇ ਬੈਠ ਗਏ। ਫਿਰ ਆਪਣੇ ਹੱਥਾਂ ਵਿੱਚ ਆਪਣਾ ਸਿਰ ਲੈ ਕੇ ਬੈਠੇ ਰਹੇ। ਮੈਂ ਕਿਹਾ, "ਵਾਹਿਗੁਰੂ ਬੋਲੋ, ਪੰਜ ਵਾਰੀ।" ਉਹਨਾਂ ਪੰਜ ਵਾਰੀ ਵਾਹਿਗੁਰੂ ਬੋਲ ਦਿੱਤਾ ਤੇ ਮੈਂ ਉੱਥੋਂ ਆਪਣੇ ਕਮਰੇ ਨੂੰ ਚਲੀ ਆਈ। ਰਾਤੀਂ ਇੱਕ ਵਜੇ ਦੇ ਕਰੀਬ ਉਹ ਮੇਰੇ ਕਮਰੇ ਵਿੱਚ ਆਏ ਤੇ ਮੇਰੇ ਪੈਰਾਂ 'ਚ ਸਿਰ ਰੱਖ ਕੇ ਰੋਣ ਲੱਗ ਪਏ। ਉਹਨਾਂ ਦਾ ਸਰੀਰ ਕੰਬ ਰਿਹਾ ਸੀ।



ਮੈਂ ਉਹਨਾਂ ਨੂੰ ਕਿਹਾ ਇਹ ਕੀ ਕਰ ਰਹੇ ਹੋ। ਮੇਰੇ ਪੈਰਾਂ ਵਿੱਚ ਆਪ ਜੀ ਦਾ ਸਿਰ? ਕਹਿਣ ਲੱਗੇ, "ਮੈਂ ਤੇਰੇ ਅੰਦਰ ਵੱਸੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਮੱਥਾ ਟੇਕ ਰਿਹਾ ਹਾਂ। ਉਹਨਾਂ ਪਾਸੋਂ ਮੇਰੇ ਵਾਸਤੇ ਵੀ ਖ਼ੈਰ ਲੈ ਦੇ। ਬੱਚੀਏ ! ਤੂੰ ਮੇਰੀ ਬੋਤਲ ਨਹੀਂ ਤੋੜੀ, ਮੇਰਾ ਅਭਿਮਾਨ ਤੋੜ ਦਿੱਤਾ ਹੈ। ਇਸ ਵਾਰੀ ਮੈਂ ਵੀ ਤੇਰੇ ਨਾਲ ਹੇਮਕੁੰਟ ਜਾਵਾਂਗਾ ਤੇ ਉੱਥੇ ਅੰਮ੍ਰਿਤ ਛਕ ਕੇ ਆਵਾਂਗਾ । (1999)

## ਹੋਰ ਕੋਈ ਨਹੀਂ, ਰੱਬ ਆਪ ਸੀ

ਤਦ ਮੈਂ ਲੁਧਿਆਣੇ ਵਿੱਚ ਈਸਾਈਆਂ ਦੇ ਮੈਡੀਕਲ ਕਾਲਜ ਵਿੱਚ ਪੜ੍ਹਾਉਂਦਾ ਸਾਂ । ਘਰੋਂ (ਕਪੂਰਥਲੇ) ਸੁਨੇਹਾ ਆਇਆ ਕਿ ਮੇਰੇ ਦਾਦੀ ਜੀ ਸਖ਼ਤ ਬੀਮਾਰ ਹਨ ਤੇ ਮੈਨੂੰ ਯਾਦ ਕਰ ਰਹੇ ਹਨ । ਆਖਰੀ ਬੱਸ ਜਾਣ ਵਿੱਚ ਕੁਝ ਮਿੰਟ ਹੀ ਸਨ, ਦਰਖ਼ਾਸਤ ਦੇ ਕੇ ਜਾਣ ਜੋਗਾ ਵਕਤ ਹੀ ਨਹੀਂ ਸੀ। ਮੈਂ ਆਪਣੀ ਜੇਬ ਡਾਇਰੀ ਵਿੱਚੋਂ ਉਸਦਾ ਇਕ ਨਿੱਕਾ ਜਿਹਾ ਵਰਕਾ ਪਾੜਿਆ, ਉਸ ਉੱਪਰ ਪ੍ਰਿੰਸੀਪਲ ਸਾਹਿਬਾ ਵੱਲ ਦਰਖ਼ਾਸਤ ਛੁੱਟੀ ਵਾਸਤੇ ਲਿਖੀ ਤੇ ਸੁਨੇਹਾ ਦੇਣ ਵਾਲੇ ਨੂੰ ਬੇਨਤੀ ਕੀਤੀ ਕਿ ਪ੍ਰਿੰਸੀਪਲ ਸਾਹਿਬਾ ਦੇ ਦਫ਼ਤਰ ਦੇ ਦਰਵਾਜ਼ੇ ਹੇਠੋਂ ਲੰਘਾ ਦੇਵੇ ਕਿਉਂਕਿ ਦਫ਼ਤਰ ਬੰਦ ਹੋ ਚੁੱਕਾ ਹੋਣਾ ਸੀ।

ਦੋ ਦਿਨ ਬਾਅਦ ਜਦ ਮੈਂ ਪਰਤਿਆ ਤਾਂ ਮੇਰੀ ਪੇਸ਼ੀ ਹੋਈ। ਪ੍ਰਿੰਸੀਪਲ ਸਾਹਿਬਾ ਨੇ ਮੇਰੀ ਗੱਲ ਸੁਣੇ ਬਿਨਾਂ ਹੀ ਕਹਿ ਦਿੱਤਾ ਕਿ, "ਅਸਤੀਫ਼ਾ ਦੇ ਦਿਉ, ਤੁਸੀਂ ਸਾਡੇ ਕਾਲਜ ਦੇ ਨਿਯੰਤਰਣ ਵਿੱਚ ਫਿਟ ਨਹੀਂ ਬੈਠਦੇ।" ਮੇਰੇ ਪਾਸ ਕੋਈ ਚਾਰਾ ਨਹੀਂ ਸੀ, ਸੋ ਮੈਂ ਅਸਤੀਫ਼ਾ ਦੇ ਦਿੱਤਾ।

ਸ਼ਾਮ ਨੂੰ, ਐਵੇਂ ਆਪਣੇ ਵਿਚਾਰਾਂ ਵਿੱਚ ਡੁੱਬਾ ਕਿਸੇ ਮੁਹੱਲੇ ਵਿੱਚ ਨਿਕਲ ਗਿਆ। ਉੱਥੇ ਇਕ ਘਰ ਅੱਗੋਂ ਲੰਘਿਆ ਜਿਸ ਦੀ ਡਿਓਢੀ ਦਾ ਦਰਵਾਜ਼ਾ ਖੁੱਲ੍ਹਾ ਸੀ ਤੇ ਡਿਓਢੀ ਵਿੱਚ ਇਕ ਬਜ਼ੁਰਗ, ਦਰੀ ਉੱਪਰ ਬੈਠਾ ਹੋਇਆ ਸੀ। ਮੈਂ ਅੱਗੋਂ ਲੰਘ ਹੀ ਰਿਹਾ ਸਾਂ ਕਿ ਬਜ਼ੁਰਗ ਨੇ ਮੈਨੂੰ ਹੱਥ ਦੇ ਇਸ਼ਾਰੇ ਨਾਲ ਰੋਕਿਆ ਤੇ ਡਿਓਢੀ ਤੋਂ ਹੇਠਾਂ ਥੱਲੇ ਉੱਤਰ ਆਇਆ। ਮੇਰੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗਾ, "ਬੇਟਾ, ਇਸ ਲਈ ਉਦਾਸ ਹੋ ਕਿ ਨੌਕਰੀ ਚਲੀ ਗਈ ਹੈ? ਜਾਹ, ਨਿਸ਼ਚਿੰਤ ਹੋ ਜਾ। ਅੱਜ ਤੈਨੂੰ ਤਿੰਨ ਨੌਕਰੀਆਂ ਦੀ ਪੇਸ਼ਕਸ ਆਵੇਗੀ, ਜਿਹੜੀ ਚੰਗੀ ਲੱਗੇ ਕਰ ਲਵੀਂ"। ਮੈਂ ਹੈਰਾਨ, ਗਲੀ ਵਿੱਚ ਰਹਿੰਦੇ ਇਸ ਬੁੱਢੇ ਬਾਬੇ ਨੂੰ (ਜਿਸ ਦੀ ਉਮਰ ਸੱਤਰਾਂ ਤੋਂ ਉੱਪਰ ਜਾਪਦੀ ਸੀ) ਕਿਵੇਂ ਪਤਾ ਮੇਰੀ ਨੌਕਰੀ ਗਈ ਹੈ ਤੇ ਇਹ ਕਿਵੇਂ ਕਹਿ ਸਕਦਾ ਮੈਨੂੰ ਤਿੰਨ ਨੌਕਰੀਆਂ ਮਿਲ ਸਕਦੀਆਂ ਹਨ? ਉਹ ਕਿਹੜੀਆਂ ਹੋ ਸਕਦੀਆਂ ਹਨ, ਮੈਨੂੰ ਕਿਸੇ ਇਕ ਦੀ ਸੰਭਾਵਨਾ ਵੀ ਨਹੀਂ ਸੁਝ ਰਹੀ ਸੀ।

ਖ਼ੈਰ, ਮੈਂ ਉੱਥੋਂ ਅੱਗੇ ਨਹੀਂ ਗਿਆ। ਉੱਥੋਂ ਹੀ ਪਰਤ ਕੇ ਆਪਣੇ ਘਰ ਚਲਾ ਗਿਆ । ਥੋੜ੍ਹੀ ਦੇਰ ਮਗਰੋਂ ਦਰਵਾਜ਼ਾ ਖੜਕਿਆ ਤੇ ਡਾਕੀਏ ਨੇ ਦੋ ਚਿੱਠੀਆਂ ਬੂਹੇ ਹੇਠੋਂ ਅੰਦਰ ਸਰਕਾ ਦਿੱਤੀਆਂ । ਮੈਂ ਚੁੱਕੀਆਂ ਤੇ ਵਾਰੀ-ਵਾਰੀ ਖੋਲ੍ਹ ਲਈਆਂ ।

ਪਹਿਲੀ ਚਿੱਠੀ ਮੇਰੇ ਇਕ ਦੋਸਤ ਦੀ ਸੀ ਜੋ ਸਕੂਲ ਵਿੱਚ ਮੇਰਾ ਜਮਾਤੀ ਸੀ ਤੇ ਹੁਣ ਬਟਾਲੇ ਵਿੱਚ ਕਾਰਖ਼ਾਨੇਦਾਰ ਸੀ। ਉਸ ਨੇ ਲਿਖਿਆ ਸੀ ਕਿ "ਅਸੀਂ ਬਟਾਲੇ ਦੇ ਕਾਰਖ਼ਾਨੇਦਾਰ ਆਪਣੇ ਕਾਮਿਆਂ ਲਈ ਇਕ ਡਿਸਪੈਂਸਰੀ ਖੋਲ੍ਹ ਰਹੇ ਹਾਂ। ਜੇਕਰ ਤੁਸੀਂ ਆ ਕੇ ਇਸ ਦਾ ਚਾਰਜ ਲੈ ਲਉ ਤਾਂ ਸਾਨੂੰ ਬੜੀ ਖ਼ੁਸ਼ੀ ਹੋਵੇਗੀ"।

ਦੂਜੀ ਚਿੱਠੀ ਦਿੱਲੀ ਤੋਂ ਸ੍ਰ: ਹੁਕਮ ਸਿੰਘ ਐਮ.ਪੀ. ਦੀ ਸੀ (ਜੋ ਬਾਅਦ ਵਿੱਚ ਸਪੀਕਰ ਬਣੇ) ਉਹਨਾਂ ਲਿਖਿਆ, "ਅਸੀਂ ਦਿੱਲੀ ਤੋਂ ਇਕ ਹਫ਼ਤਾਵਾਰ ਅੰਗ੍ਰੇਜ਼ੀ ਅਖ਼ਬਾਰ 'ਸਪੋਕਸਮੈਨ' ਨਾਮ ਦਾ ਕੱਢਣ ਲੱਗੇ ਹਾਂ। ਜੇਕਰ ਇਸ ਦਾ ਐਡੀਟਰ ਬਣਨ ਦੀ ਸਵੀਕਾਰਤਾ ਦੇ ਸਕੋ ਤਾਂ ਸਾਨੂੰ ਬੇਹੱਦ ਖ਼ੁਸ਼ੀ ਹੋਵੇਗੀ" ।

ਮੈਂ ਹੈਰਾਨ, ਬੁੱਢੇ ਦੀ ਪੇਸ਼ੀਨਗੋਈ ਦੋ ਤਿਹਾਈ ਤਾਂ ਮੁਕੰਮਲ ਹੋ ਗਈ। ਮੈਂ ਤੀਜੀ ਚਿੱਠੀ ਉਡੀਕਣ ਲੱਗਾ, ਰਾਤ ਪੈ ਗਈ, ਉਹ ਆਈ ਨਹੀਂ। ਮੈਂ ਸੌਂ ਗਿਆ । ਸਵੇਰੇ ਉੱਠਿਆ ਤਾਂ ਚਪੜਾਸੀ ਇਕ ਤਾਰ ਲੈ ਕੇ ਆ ਗਿਆ। ਕਹਿਣ ਲੱਗਾ ਕਿ ਤਾਰ ਰਾਤੀਂ ਕੁਵੇਲੇ ਆਈ । ਮੈਂ ਤੁਹਾਨੂੰ ਜਗਾਣ ਦੀ ਹਿੰਮਤ ਨਾ ਕੀਤੀ । ਸੋ ਹੁਣ ਸੁਵੱਖਤੇ ਹੀ ਲੈ ਆਇਆ ਹਾਂ। ਜੇਕਰ ਅਵੱਗਿਆ ਹੋ ਗਈ ਹੋਵੇ ਤਾਂ ਖਿਮਾ ਕਰ ਦੇਣਾ ।"

ਮੈਂ ਤਾਰ ਲੈ ਲਈ ਤੇ ਪੜ੍ਹੀ । ਇਹ ਤਾਰ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਾਹਿਬ ਵੱਲੋਂ ਸੀ। ਲਿਖਿਆ ਸੀ, "ਤੁਸਾਂ ਕੁਝ ਚਿਰ ਪਹਿਲਾਂ ਸਾਡੇ ਕਾਲਜ ਵਿੱਚ ਰਜਿਸਟ੍ਰਾਰ ਦੀ ਪਦਵੀ ਲਈ ਦਰਖ਼ਾਸਤ ਦਿੱਤੀ ਸੀ। ਉਦੋਂ ਇਹ ਅਸਾਮੀ ਖ਼ਾਲੀ ਨਹੀਂ ਸੀ। ਹੁਣ ਖ਼ਾਲੀ ਹੋ ਗਈ ਹੈ, ਤੁਸਾਂ ਆਉਣਾ ਹੋਵੇ ਤਾਂ ਤੁਰੰਤ ਇਤਲਾਹ ਦਿਉ" ।

ਇਹ ਨੌਕਰੀ ਮੇਰੇ ਮਨਪਸੰਦ ਸੀ। ਸੋ ਮੈਂ ਇਸ ਨੂੰ ਕਬੂਲ ਕਰਨ ਦੀ ਤਾਰ ਦੇ ਦਿੱਤੀ। ਪਰ ਇਸ ਵਿੱਚ ਨਵੇਂ ਸਿਰੇ ਹੈਰਾਨੀ ਹੰਢਾਈ ਕਿ ਉਸ ਬਾਬੇ ਨੂੰ ਕਿਵੇਂ ਪਤਾ ਸੀ ਕਿ ਮੈਨੂੰ ਤਿੰਨ ਨੌਕਰੀਆਂ ਮਿਲਣੀਆਂ ਹਨ ਤੇ ਮੈਂ ਜਿਹੜੀ ਚਾਹਾਂ ਚੁਣ ਸਕਦਾ ਹਾਂ।

ਮੇਰਾ ਜੀ ਕੀਤਾ ਮੈਂ ਉਸ ਬੁੱਢੇ ਦੇ ਦਰਸ਼ਨ ਕਰਾਂ। ਪਰ ਮੈਨੂੰ ਯਾਦ



ਹੀ ਨਾ ਆਵੇ ਉਹ ਕਿਹੜੇ ਮੁਹੱਲੇ ਵਿੱਚ ਮੈਨੂੰ ਮਿਲਿਆ ਸੀ-ਕਿਤਨੀ ਬੇਧਿਆਨੀ ਨਾਲ ਉਦੋਂ ਤੁਰਦਾ ਰਿਹਾ ਹੋਵਾਂਗਾ। ਤਾਂ ਵੀ ਮੈਂ ਸਾਰਾ ਸ਼ਹਿਰ ਛਾਣ ਮਾਰਿਆ । ਉਦੋਂ ਲੁਧਿਆਣਾ ਛੋਟਾ ਜਿਹਾ ਸ਼ਹਿਰ ਸੀ, ਜਿਸ ਵਿੱਚ ਘੰਟੇ ਡੇਢ ਘੰਟੇ ਵਿੱਚ ਆਰ-ਪਾਰ ਜਾਇਆ ਜਾ ਸਕਦਾ ਸੀ। ਕੇਵਲ ਇਕ ਵਾਰ ਨਹੀਂ, ਮੈਂ ਤਿੰਨ-ਚਾਰ ਵਾਰ ਸ਼ਹਿਰ ਦਾ ਚੱਪਾ-ਚੱਪਾ ਛਾਣਿਆ । ਪਰ ਉਸ ਡਿਓਢੀ ਵਰਗੀ ਡਿਓਢੀ ਵੀ ਮੈਨੂੰ ਕਿਤੇ ਨਜ਼ਰ ਨਹੀਂ ਆਈ ਜਿਸ ਵਿੱਚੋਂ ਬਿਰਧ ਬਾਬਾ ਨਿਕਲ ਕੇ ਮੇਰੇ ਨਾਲ ਹਮਕਲਾਮ ਹੋਇਆ ਸੀ। ਮੈਨੂੰ ਕਦੇ ਵੀ ਪਤਾ ਨਾ ਲੱਗਿਆ ਉਹ ਬਾਬਾ ਕੌਣ ਸੀ। ਮੈਂ ਆਪਣੇ ਇਕ ਮਿੱਤਰ ਨੂੰ ਇਹ ਗੱਲ ਦੱਸੀ। ਉਹ ਸੁਣ ਕੇ ਕਹਿਣ ਲੱਗਾ, "ਉਹ ਬਾਬਾ, ਹੋਰ ਕੋਈ ਨਹੀਂ ਸੀ, ਰੱਬ ਆਪ ਸੀ"। (1952)

## ਇਕ ਦਾਨਵੀਰ ਦੀ ਬਾਤ

ਡਾ. ਮਨਮੋਹਨ ਸਿੰਘ ਉਦੋਂ ਰਾਜ ਸਭਾ ਵਿੱਚ ਵਿਰੋਧੀ ਧੜੇ ਦੇ ਲੀਡਰ ਸਨ, ਜਦ ਉਨ੍ਹਾਂ ਭਾਈ ਵੀਰ ਸਿੰਘ ਸਾਹਿਤ ਸਦਨ ਦੀ ਪ੍ਰਧਾਨਗੀ ਸਵੀਕਾਰ ਕਰਨ 'ਤੇ ਬੇਨਤੀ ਪ੍ਰਵਾਨ ਕੀਤੀ। ਉਦੋਂ ਉਪਰੋਕਤ ਸਦਨ ਦੀ ਕਾਰਜ-ਕਾਰਣੀ ਸਭਾ ਵਿੱਚ ਕਈ ਉੱਚ-ਪੱਧਰੇ ਮਨੁੱਖ ਸਨ। ਉਨ੍ਹਾਂ ਵਿੱਚ ਸ੍ਰ: ਗੁਰਬਚਨ ਸਿੰਘ ਪੂਰਵ ਰਾਜਦੂਤ, ਡਾ: ਅਮਰੀਕ ਸਿੰਘ ਪੂਰਵ ਵਾਈਸ-ਚਾਂਸਲਰ, ਭਾਈ ਮੋਹਨ ਸਿੰਘ ਇੰਡਸਟ੍ਰੀਅਲਿਸਟ, ਜਨਰਲ ਅਰੋੜਾ ਸਾਹਿਬ, ਜਨਰਲ ਜੋਗਿੰਦਰ ਸਿੰਘ, ਆਦਿ ਸ਼ਾਮਿਲ ਸਨ। ਅਮਰੀਕਾ 'ਚੋਂ ਸਿੰਘ ਸਾਹਿਬ ਹਰਭਜਨ ਸਿੰਘ ਯੋਗੀ ਜੀ, ਡਾ: ਕਪਾਨੀ ਸਾਹਿਬ ਤੇ ਡਾ. ਅਮਰਜੀਤ ਸਿੰਘ ਮਰਵਾਹ ਉਚੇਚੇ ਮਹਿਮਾਨ ਹੋਇਆ ਕਰਦੇ ਸਨ। ਡਾ. ਮਨਮੋਹਨ ਸਿੰਘ ਹੋਰਾਂ ਮੈਨੂੰ ਸਦਨ ਦੀ ਆਨਰੇਰੀ ਜਨਰਲ ਸਕੱਤਰ ਦੀ ਸੇਵਾ ਦੇ ਦਿੱਤੀ ।

ਤਦ ਸਾਨੂੰ ਪਤਾ ਚੱਲਿਆ ਕਿ ਸਦਨ ਨੇ ਪਿਛਲੇ ਸਾਲਾਂ ਵਿੱਚ ਪ੍ਰਾਪਰਟੀ ਟੈਕਸ ਅਦਾ ਨਹੀਂ ਕੀਤਾ ਤੇ ਉਹ ਰਕਮ 45 ਲੱਖ ਦੇ ਕਰੀਬ ਹੋ ਗਈ ਹੈ। ਡਾ: ਸਾਹਿਬ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬੁਲਾਈ ਤੇ ਉਸ ਵਿੱਚ ਕਿਹਾ ਕਿ ਟੈਕਸ ਨਾ ਦੇਣਾ ਗੁਨਾਹਗਾਰੀ ਤੋਂ ਘੱਟ ਨਹੀਂ ਹੈ ਤੇ ਮੈਂ ਇਸ ਗੁਨਾਹਗਾਰੀ ਦਾ ਭਾਗੀ ਨਹੀਂ ਬਣਨਾ ਚਾਹੁੰਦਾ । ਉਦੋਂ ਉਸ ਸਮੇਂ ਉਪਰੋਕਤ ਤਿੰਨੋਂ ਜਣੇ ਅਮਰੀਕਾ ਤੋਂ ਆਏ ਹੋਏ ਸਨ। ਉਨ੍ਹਾਂ ਆਸ਼ਵਾਸਨ ਦਿਵਾਇਆ ਕਿ ਇਹ ਕੋਈ ਵੱਡੀ ਰਕਮ ਨਹੀਂ ਜੇ ਇਕ ਗੇੜਾ ਅਮਰੀਕਾ ਦਾ ਮਾਰ ਦਿਓ ਤਾਂ ਇਸ ਤੋਂ ਵੱਧ ਉਗਰਾਹੀ ਕਰਵਾ ਦਿਆਂਗੇ ।

ਕੁਝ ਦਿਨਾਂ ਬਾਅਦ ਮੈਂ ਡਾ: ਸਾਹਿਬ ਨੂੰ ਕਿਹਾ ਕਿ ਮੈਂ ਆਪਣੇ ਖ਼ਰਚ

’ਤੇ ਅਮਰੀਕਾ ਦਾ ਚੱਕਰ ਲਗਾ ਆਉਂਦਾ ਹਾਂ ਤੇ ਜੋ ਉੱਥੋਂ ਪ੍ਰਾਪਤ ਹੋਇਆ ਲੈਂਦਾ ਆਵਾਂਗਾ । ਡਾ. ਸਾਹਿਬ ਨੇ ਮੇਰੀ ਤਜਵੀਜ਼ ਨੂੰ ਸਰਾਹਿਆ ਤੇ ਸ਼ੁੱਭ-ਇੱਛਾਵਾਂ ਨਾਲ ਤੋਰਿਆ।

ਮੈਂ ਅਮਰੀਕਾ ਜਾ ਕੇ ਆਪਣੀ ਬੇਟੀ ਕੋਲ ਸੇਨ ਹੋਜ਼ੇ ਨਗਰ ਵਿੱਚ ਠਹਿਰਿਆ। ਸਭ ਤੋਂ ਪਹਿਲਾਂ ਉੱਥੋਂ ਪਾਲੋ ਆਲਟੋ ਵਿਖੇ ਡਾ. ਕਪਾਨੀ ਸਾਹਿਬ ਨੂੰ ਮਿਲਣ ਗਿਆ। ਉਨ੍ਹਾਂ ਬੜਾ ਵਧੀਆ ਖਾਣਾ ਖੁਆਇਆ, ਪਰ ਜਦ ਮੈਂ ਉਨ੍ਹਾਂ ਪਾਸ ਆਉਣ ਦਾ ਸਬੱਬ ਦੱਸਿਆ ਤਾਂ ਕਹਿਣ ਲੱਗੇ, “ਮੈਂ ਤਿੰਨ ਅਮਰੀਕੀ ਯੂਨੀਵਰਸਿਟੀਆਂ ਵਿੱਚ ਸਿੱਖੀ ਦੀ ਕੁਰਸੀ ਸਥਾਪਿਤ ਕਰਨ ਲਈ ਬਹੁਤ ਸਾਰੀ ਰਕਮ ਲਾ ਬੈਠਾ ਹਾਂ। ਐਤਕੀਂ ਤਾਂ ਸਦਨ ਦੀ ਮਦਦ ਕਰਨੀ ਮੁਸ਼ਕਲ ਹੈ। ਕੁਝ ਚਿਰ ਮਗਰੋਂ ਸ਼ਾਇਦ ਸੰਭਵ ਹੋ ਸਕੇ। ਮੈਂ ਮਾਯੂਸ ਤਾਂ ਹੋਇਆ, ਪਰ ਮੈਨੂੰ ਇਕ ਪੁਰਾਣੀ ਗੱਲ ਯਾਦ ਆ ਗਈ ਕਿ ਕੋਇਟੇ ਸ਼ਹਿਰ ਵਿੱਚ ਸਿੰਘ ਸਭਾ ਵਾਲੇ ਸਾਲਾਨਾ ਦੀਵਾਨ ਕਰਵਾਇਆ ਕਰਦੇ ਸਨ ਤੇ ਉਸ ਦੇ ਲਈ ਉਗਰਾਹੀ ਕਰਦੇ ਸਨ। ਗੁਰਦੁਆਰੇ ਵਿੱਚ ਅਪੀਲ ਕਰਦੇ ਤੇ ਲੋਕੀਂ ਨਕਦ ਦਿੰਦੇ ਜਾਂ ਇਕਰਾਰ ਕਰਦੇ ਤੇ ਸਕੱਤਰ ਸਾਹਿਬ ਐਲਾਨ ਕਰੀ ਜਾਂਦੇ, ਫਲਾਣੇ ਸਿੰਘ ਦੇ ਏਨੇ ਰੁਪਏ ਨਕਦ, ਜਾਂ ਏਨੇ ਰੁਪਏ ਇਕਰਾਰੀ । ਇਕ ਸਿੰਘ ਐਸੇ ਵੀ ਸਨ ਜੋ ਇਕਰਾਰ ਤਾਂ ਹਰ ਵਾਰ ਕਰ ਦਿੰਦੇ ਸਨ, ਪਰ ਪੂਰਾ ਨਹੀਂ ਸਨ ਕਰਦੇ। ਉਨ੍ਹਾਂ ਇਸ ਵਾਰ ਫੇਰ ਇਕ ਵੱਡੀ ਰਕਮ ਦਾ ਇਕਰਾਰ ਕਰ ਦਿੱਤਾ। ਸਕੱਤਰ ਸਾਹਿਬ ਉਨ੍ਹਾਂ ਦੀ ਰਕਮ ਦਾ ਐਲਾਨ ਕਰਨ ਲੱਗੇ ਤਾਂ ਸਹਿਵਨ ਹੀ ਉਨ੍ਹਾਂ ਦੇ ਮੂੰਹ ’ਚੋਂ ‘ਇਕਰਾਰੀ’ ਦੀ ਥਾਂ ‘ਇਨਕਾਰੀ’ ਨਿਕਲ ਗਿਆ ।

ਤਦ ਮੈਂ ਸੇਨ ਹੋਜ਼ੇ ਤੋਂ ਲਾਸ ਐਂਜਲਿਸ਼ ਬਾਕੀ ਦੇ ਦੋਹਾਂ ਸੱਜਣਾਂ ਨੂੰ ਮਿਲਣ ਚਲਾ ਗਿਆ । ਉਨ੍ਹਾਂ ਪਾਸੋਂ ਵੀ ਕੁਝ ਹਾਸਲ ਨਾ ਹੋਇਆ। ਤਦ ਮੈਂ ਘਰ ਆ ਕੇ ਅਰਦਾਸ ਕੀਤੀ, “ਸੱਚੇ ਪਾਤਸ਼ਾਹ ! ਮੈਂ ਜਿਸ ਕੰਮ ਆਇਆ ਹਾਂ ਤੇਰਾ ਆਸਰਾ ਲੈ ਕੇ ਆਇਆ ਹਾਂ, ਮੈਨੂੰ ਅਸਫਲ ਕਿਵੇਂ ਮੋੜ ਦੇਵੇਂਗਾ ਮਾਲਕਾ ?” ਤਦ ਮੈਂ ਪਰਤ ਕੇ ਸੇਨ ਹੋਜੇ ਆ ਗਿਆ ਕਿਉਂਕਿ ਮੇਰੇ ਦੋਹਤੇ ਦਾ ਜਨਮ ਦਿਨ ਸੀ ਤੇ ਮੇਰੀ ਬੇਟੀ ਨੇ ਘਰ ਕੀਰਤਨ ਕਰਵਾਉਣਾ ਸੀ।

ਮੈਂ ਆਇਆ ਤੇ ਮੇਰੀ ਬੇਟੀ ਨੇ ਕਿਹਾ, “ਕੀਰਤਨ ਤੋਂ ਬਾਅਦ ਪੰਜ-ਦਸ ਮਿੰਟ ਤੁਸੀਂ ਵੀ ਬੋਲ ਦੇਣਾ ।“ਮੈਂ ਕਿਹਾ, “ਖੁਸ਼ੀ ਨਾਲ ! ਜ਼ਰੂਰ ਬੋਲਾਂਗਾ” ।

**ਕੀਰਤਨ ਹੋਇਆ । ਕੀਰਤਨੀ ਸਿੰਘਾਂ ਨੇ ਪਹਿਲਾ ਸ਼ਬਦ ਲਾਇਆ, “ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੈ”, ਦੂਜਾ ਸ਼ਬਦ ਲਾਇਆ, “ਮੇਰੀ**



**ਇਛ ਪੁਨੀ” । ਤੀਜਾ ਸ਼ਬਦ ਲਾਇਆ, “ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੇਰਾ”। ਮੈਨੂੰ ਲੱਗਾ, ਗੁਰੂ ਜੀ ਮੇਰੀ ਅਰਦਾਸ ਪੂਰੀ ਕਰਨ ਦਾ ਆਸ਼ਵਾਸਨ ਦਿਵਾ ਰਹੇ ਹਨ।**

ਫਿਰ ਮੈਨੂੰ ਦਸ ਮਿੰਟ ਬੋਲਣ ਦਾ ਆਦੇਸ਼ ਹੋਇਆ । ਪਤਾ ਨਹੀਂ ਮੇਰੇ ’ਤੇ ਕੀ ਅਸਰ ਹੋਇਆ ਸੀ, ਮੈਂ ਸਤਿਗੁਰੂ ਦੀ ਮਿਹਰ ਬਾਰੇ ਹੀ ਬੋਲਿਆ ।

ਭੋਗ ਪਿਆ ਤੇ ਇਕ ਗੁਰਮੁਖ ਸੱਜਣ ਡਾ: ਇੰਦਰ ਮੋਹਨ ਸਿੰਘ ਜੀ ਪ੍ਰਧਾਨ ਚੜ੍ਹਦੀ ਕਲਾ ਸੰਸਥਾ ਮੇਰੇ ਪਾਸ ਆਏ ਤੇ ਪੁੱਛਣ ਲੱਗੇ, “ਡਾ: ਸਾਹਿਬ, ਤੁਸੀਂ ਏਥੇ ਕੇਵਲ ਬੱਚਿਆਂ ਨੂੰ ਮਿਲਣ ਹੀ ਆਏ ਹੋ ਕਿ ਹੋਰ ਕਿਸੇ ਕੰਮ ਵੀ ਆਏ ਹੋ?” ਮੈਂ ਉਨ੍ਹਾਂ ਨੂੰ ਅਮਰੀਕਾ ਆਉਣ ਦਾ ਅਸਲ ਕਾਰਨ ਦੱਸਿਆ । ਉਨ੍ਹਾਂ ਪੁੱਛਿਆ, “ਟੈਕਸ ਤਾਰਨ ਵਾਸਤੇ ਕਿੰਨੀ ਰਕਮ ਚਾਹੀਦੀ ਹੈ।” ਮੈਂ ਦੱਸਿਆ, “ਕੋਈ 45 ਕੁ ਲੱਖ ਰੁਪਏ।” ਤਦ ਉਨ੍ਹਾਂ ਆਪਣੀ ਜੇਬ ਵਿੱਚੋਂ ਚੈਕ ਬੁੱਕ ਕੱਢ ਕੇ ਇਕ ਲੱਖ ਡਾਲਰ ਦਾ ਚੈੱਕ ਕੱਟ ਕੇ ਮੈਨੂੰ ਦੇ ਦਿੱਤਾ। ਇਕ ਪਾਸੇ ਤਾਂ ਮੇਰੇ ਮਨ ਵਿੱਚ ਖ਼ਿਆਲ ਆਇਆ ਕਿ ਵਾਹਿਗੁਰੂ ਨੇ ਮੇਰੀ ਅਰਦਾਸ ਸੁਣ ਲਈ ਹੈ । ਦੂਜੇ ਪਾਸੇ ਇਹ ਖ਼ਿਆਲ ਆਇਆ ਕਿ ਜਦ ਤਕ ਐਸੇ ਦਾਨੀ ਵੀਰ ਕੌਮ ਵਿੱਚ ਮੌਜੂਦ ਹਨ, ਕੌਮ ਚੜ੍ਹਦੀਆਂ ਕਲਾਂ ਵਿੱਚ ਹੀ ਜਾਵੇਗੀ ।

—o—